ਅਨੰਦ ਕਾਰਜ



ਪ੍ਰੋ. ਦਰਸ਼ਨ ਸਿੰਘ ਖ਼ਾਲਸਾ

Anand Kāraj

by

Prof. Darshan Singh Khalsa

First Published in India by
Sikh Foundation in February 2007

ਲੇਖਕ :
ਪ੍ਰੋ. ਦਰਸ਼ਨ ਸਿੰਘ ਖ਼ਾਲਸਾ

ਸਹਾਇਕ ਅਤੇ ਡਿਜ਼ਾਇਨ :
ਬਲਜੀਤ ਸਿੰਘ, ਇੰਦਰਜੀਤ ਸਿੰਘ

Edit & Design :
Baljit Singh, Inderjeet Singh

Illustrations :
Courtesy : SGPC, Amritsar; DSGMC, New Delhi;
Punjab & Sind Bank

Managed, Created & Published by :
Sikh Foundation
A-35 Lajpat Nagar-I, New Delhi-110024, INDIA
Tel.: 98105 67300, 98115 67640 *E-mail:* sf1999@rediffmail.com
Website: www.sikhfoundation.in

Book Available at :
India : Amritsar - Singh Bros. *Tel.:* 91-0183-2550739
Delhi - Sikh Thought *Tel.:* 91-9810252942
Canada : Guru Granth Sahib (Religious) Academy
2246 Britannia Rd., Missisauga, L5M 1R3 Ont. Canada
Tel.: 905 799 6412 *Cell :* 416 669 9345 *Fax :* 905 799 6413
www.ggsacademy.com

ISBN : 81-7873-022-7

ਕੀ ਕਿੱਥੇ

ਦੋ ਸ਼ਬਦ

ਗੁਰੂ ਰਾਮ ਦਾਸ ਜੀ ਨੇ ਸੂਹੀ ਰਾਗ ਵਿੱਚ ਲਾਵਾਂ ਦੇ ਸ਼ਬਦ ਦੇ ਚਾਰ ਪਦਾਂ ਰਾਹੀਂ ਜਿਸ ਗ੍ਰਹਿਸਤ ਰੂਪ ਪ੍ਰਵਿਰਤੀ ਮਾਰਗ ਨੂੰ ਸਹਿਜ ਅਨੰਦ ਦੀ ਦਿਸ਼ਾ ਦਿੱਤੀ, ਉਸ ਮਾਰਗ ਦੇ ਦੋਵੇਂ ਪਾਸੇ ਗੁਰੂ ਉਪਦੇਸ਼ ਦੇ "ਨਿਰਮਲ ਭਉ" ਵਿੱਚੋਂ ਪੈਦਾ ਹੋਏ "ਬੈਰਾਗ" ਅਤੇ "ਚਾਉ" ਦੀ ਇੱਕਸਾਰਤਾ ਦਾ ਸਹਿਜ - ਸਾਧ ਸੰਗਤ - ਨਾਮ ਦੀਆਂ ਹਰਿ ਧੁੰਨਾਂ ਦੀ ਹਰਿਆਵਲ ਵਿਛਾ ਦਿੱਤੀ ਅਤੇ ਇਸ ਤਰ੍ਹਾਂ ਇਸਨੂੰ ਪੂਰਨ ਪਰਮਾਨੰਦ ਪ੍ਰਭੂ ਦੀ ਪ੍ਰਾਪਤੀ ਦਾ ਪ੍ਰਧਾਨ ਮਾਰਗ ਬਣਾ ਦਿੱਤਾ।

ਸਕਲ ਧਰਮ ਮੈ ਗ੍ਰਹਿਸਤੁ ਪ੍ਰਧਾਨ ਹੈ।।

(ਕਬਿਤ 376 ਭਾਈ ਗੁਰਦਾਸ ਜੀ)

ਗੁਰੂ ਜੀ ਨੇ ਗ੍ਰਹਿਸਤ ਨੂੰ ਕੇਂਵਲ ਦੋ ਸਰੀਰਾਂ ਦਾ ਮੇਲ ਨਾ ਆਖ ਕੇ "ਏਕ ਜੋਤਿ" ਦੀ ਸੰਗਿਆ ਦਿੱਤੀ, ਜਿੱਥੇ ਗ੍ਰਹਿਸਤ ਜੀਵਨ ਵਿੱਚ ਤਰੇੜਾਂ ਪੈਦਾ ਕਰਨ ਵਾਲੇ ਭਿੰਨ-ਭੇਦ, ਹਉਮੈ, ਖ਼ੁਦਗਰਜ਼ੀ ਤੇ ਸ਼ੰਕਿਆਂ ਲਈ ਕੋਈ ਥਾਂ ਹੀ ਨਹੀਂ ਰਹਿ ਜਾਂਦੀ ਅਤੇ ਪਿਆਰ, ਵਿਸ਼ਵਾਸ, ਹਮਦਰਦੀ, ਕੁਰਬਾਨੀ ਤੇ ਸੱਚ ਇਸ ਵਿੱਚ ਆ ਜਾਂਦੇ ਹਨ, ਜੋ ਕਿ ਜੀਵਨ ਵਿੱਚ ਵਿਸਮਾਦੀ ਅਨੰਦ ਪੈਦਾ ਕਰਦੇ ਹਨ। ਇਸ ਤਰ੍ਹਾਂ ਇਹ ਵਿਆਹ "ਅਨੰਦ ਕਾਰਜ" ਬਣ ਜਾਂਦਾ ਹੈ।

ਅੱਜ ਸਮਾਜ ਵਿੱਚ ਕੇਵਲ ਰਸਮਾਂ ਰਾਹੀਂ ਸਰੀਰਕ ਭੁੱਖ ਜਾਂ ਖ਼ੁਦਗਰਜ਼ੀਆਂ ਵਿੱਚੋਂ ਜਨਮ ਲੈਂਦੇ ਵਿਆਹੇ ਜੋੜਿਆਂ ਦੇ ਜੀਵਨ ਵਿੱਚੋਂ ਕੁਝ ਸਮੇਂ ਬਾਅਦ ਹੀ ਅਨੰਦ, ਸਨੇਹ ਅਤੇ ਜੀਵਨ ਦੀ ਸਫ਼ਲਤਾ ਗੁਆਚੀ ਹੋਈ ਦਿੱਸਦੀ ਹੈ। ਖ਼ੁਸ਼ੀਆਂ, ਗੀਤਾਂ ਅਤੇ ਸ਼ਗਨਾਂ ਨਾਲ ਵਿਆਹ ਕੇ ਲਿਆਂਦੀਆਂ ਹੋਈਆਂ ਨੂੰਹਾਂ ਜਲ ਰਹੀਆਂ ਹਨ ਅਤੇ ਪਰਿਵਾਰਿਕ ਹਾਲਾਤ ਗ੍ਰਹਿਸਤ ਨੂੰ ਤਾਲਾਕ ਦੀ ਸਥਿਤੀ ਤਕ ਲੈ ਜਾਂਦੇ ਹਨ। ਇਸ ਦੇ ਸਿੱਟੇ ਵਜੋਂ ਪਰਿਵਾਰ ਟੁੱਟ ਜਾਂਦੇ ਹਨ, ਸੰਤਾਨਾਂ ਰੁੱਲ ਜਾਂਦੀਆਂ ਹਨ

ਅਤੇ ਜੀਵਨ ਵਿੱਚ ਕੇਵਲ ਦੁੱਖ ਹੀ ਦੁੱਖ ਰਹਿ ਜਾਂਦਾ ਹੈ। ਬਦਕਿਸਮਤੀ ਨਾਲ ਐਸਾ ਸਭ ਕੁਝ ਸਿੱਖ ਪਰਿਵਾਰਾਂ ਵਿੱਚ ਵੀ ਵਾਪਰ ਰਿਹਾ ਹੈ ਅਤੇ ਇਹ ਸਭ ਕੁਝ ਬਾਣੀ ਗੁਰੂ ਤੋਂ ਟੁੱਟ ਜਾਣ ਕਰਕੇ ਹੀ ਹੋ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਆਲੇ ਲਈਆਂ ਜਾਂਦੀਆਂ ਚਾਰ ਪਰਿਕਰਮਾ ਕੇਵਲ ਰਸਮ ਨਹੀਂ ਹਨ, ਬਲਕਿ ਸਿੱਖ ਲਈ ਉਹ ਇਸ ਗੱਲ ਦਾ ਵਿਸ਼ਵਾਸ ਹਨ ਕਿ ਉਸਦੇ ਜੀਵਨ ਦਾ ਹਰ ਕਦਮ ਬਾਣੀ ਗੁਰੂ ਨੂੰ ਜੀਵਨ ਸਫ਼ਰ ਦਾ ਕੇਂਦਰ ਮੰਨ ਕੇ ਹੀ ਚੁੱਕਿਆ ਜਾਵੇਗਾ।

ਅੱਜ ਮੁੜ ਸਿੱਖ ਨੌਜੁਆਨ ਪੀੜ੍ਹੀ ਲਈ ਇਸ ਗੁਰੂ ਬਖ਼ਸ਼ਿਸ਼ ਨੂੰ ਸਮਝਣ ਦੀ ਅਤਿ ਲੋੜ ਹੈ। ਇਸ ਖ਼ਿਆਲ ਨੂੰ ਮੁੱਖ ਰੱਖਦਿਆਂ ਹੀ ਇਹ ਉਪਰਾਲਾ ਕੀਤਾ ਗਿਆ ਹੈ ਕਿ ਅਜੋਕੇ ਸਾਧਨਾਂ ਰਾਹੀਂ ਗੁਰੂ ਉਪਦੇਸ਼ ਨੂੰ ਬੱਚਿਆਂ ਤਕ ਪਹੁੰਚਾ ਕੇ, ਕੇਵਲ ਪਦਾਰਥਵਾਦ ਅਤੇ ਸਰੀਰਕ ਵਿਕਾਰਾਂ ਦੀ ਚਕਾਚੌਂਧ ਵਿੱਚ ਬੇਜ਼ਾਰ ਹੋ ਰਹੀ ਜੁਆਨੀ ਨੂੰ ਅਨੰਦ ਦੇ ਘਰ ਵਿੱਚ ਸੁਰੱਖਿਅਤ ਕੀਤਾ ਜਾਵੇ।

ਅਨੰਦ ਕਾਰਜ ਦੀ ਇਸ ਵਿਆਖਿਆ ਨੂੰ ਸੀ.ਡੀ ਤੇ ਕੈਸਟਾਂ ਦੇ ਰੂਪ ਵਿੱਚ ਪਹਿਲਾਂ ਸੰਗਤਾਂ ਦੀ ਸੇਵਾ ਵਿੱਚ ਭੇਟ ਕੀਤਾ ਗਿਆ ਅਤੇ ਹੁਣ ਇਸ ਨੂੰ ਵਾਰਤਕ ਰੂਪ ਦੇਣ ਵਿੱਚ 'ਸਿੱਖ ਫਾਊਂਡੇਸ਼ਨ' ਦੇ ਵੀਰਾਂ ਦਾ ਸਹਿਯੋਗ ਸ਼ਲਾਘਾਯੋਗ ਹੈ। ਆਸ ਹੈ ਕਿ ਗੁਰੂ ਦੀ ਬਖ਼ਸ਼ਿਸ਼ ਸਦਕਾ ਨਵੀਂ ਪਨੀਰੀ ਇਸ ਪੁਸਤਕ ਰਾਹੀਂ ਅਨੰਦ ਕਾਰਜ ਦੇ ਤਤ ਭਾਵ ਨਾਲ ਜੁੜੇਗੀ ਅਤੇ ਜੀਵਨ ਵਿੱਚ ਅਨੰਦ ਦਾ ਅਨੁਭਵ ਕਰੇਗੀ।

ਗੁਰੂ ਸੰਗਤਾਂ ਦਾ ਦਾਸ


ਦਰਸ਼ਨ ਸਿੰਘ ਖ਼ਾਲਸਾ
ਸਾਬਕਾ ਜੱਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ

ਅਨੰਦ ਕਾਰਜ





ਪ੍ਰੋ. ਦਰਸ਼ਨ ਸਿੰਘ ਖ਼ਾਲਸਾ



ਇਕਿ ਗਿਰਹੀ ਸੇਵਕ ਸਾਧਿਕਾ

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ।।
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ।। ੭ ।।
ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਵਾਣੈ ।।
ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ।। ੮ ।।

(ਆਸਾ ਮਹਲਾ ੧, ਗੁ.ਗ੍ਰੰ.ਸਾ. ਪੰਨਾ 419)

ਇਕਿ ਗਿਰਹੀ ਸੇਵਕ ਸਾਧਿਕਾ

ਅਨੰਦ ਕਾਰਜ ਹਰ ਸਿੱਖ ਦੇ ਜੀਵਨ ਦਾ ਇੱਕ ਮੁੱਢਲਾ ਸੰਸਕਾਰ ਹੈ। ਅਨੰਦ ਕਾਰਜ ਦੀ ਮੁੱਖ ਰਸਮ ਤੋਂ ਪਹਿਲਾਂ ਉਸਦਾ ਚੁਗਿਰਦਾ ਸਮਝਣਾ ਜ਼ਰੂਰੀ ਹੈ, ਉਸ ਦੇ ਨਾਲ ਸਬੰਧਿਤ ਪ੍ਰਸ਼ਨਾਂ ਨੂੰ ਸਮਝਣਾ ਜ਼ਰੂਰੀ ਹੈ।

ਸਿੱਖ ਨੇ ਗ੍ਰਹਿਸਤੀ ਕਿਉਂ ਹੋਣਾ ਹੈ ? ਸਿੱਖ ਨੂੰ ਗ੍ਰਹਿਸਤੀ ਹੋਣ ਲਈ ਕਿਉਂ ਹੁਕਮ ਕੀਤਾ ਗਿਆ ਹੈ ? ਗ੍ਰਿਹਸਤ ਤੋਂ ਲੋਕ ਕਿਉਂ ਡਰਦੇ ਹਨ, ਪਰ ਸਿੱਖ ਨੇ ਇਸ ਨੂੰ ਕਿਉਂ ਅਪਨਾਇਆ ਹੈ ? ਗੁਰੂ ਸਾਹਿਬ ਨੇ ਬਖ਼ਸ਼ਿਸ਼ ਕਰਕੇ ਕਿਉਂ ਇਹ ਸਾਡੀ ਝੋਲੀ ਪਾਇਆ ਹੈ ? ਇਸ ਸਭ ਨੂੰ ਪਹਿਲੇ ਸਮਝਣ ਦੀ ਲੋੜ ਹੈ।

ਇਸ ਗ੍ਰਹਿਸਤ ਬਾਰੇ ਜੋਗੀਆਂ ਨੇ ਵੀ ਗੁਰੂ ਨਾਨਕ ਸਾਹਿਬ ਤੋਂ ਸੁਆਲ ਕੀਤੇ :

ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ।।

ਭਾਈ ਸਾਹਿਬ ਭਾਈ ਗੁਰਦਾਸ ਜੀ ਇਸ ਤੋਂ ਬਾਅਦ ਆਖਦੇ ਹਨ :

ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉ ਕੁਚੱਜੀ ਆਈ।।
ਭਾਂਡਾ ਧੋਇ ਨ ਜਾਤਿਓਨ ਭਾਇ ਕੁਚਜੇ ਫੁਲ ਸਤਾਈ।।

ਜੇ ਕਿਸੇ ਗਿਆਨਵਾਨ ਮਾਂ ਦੀ ਕੁੱਖੋਂ ਜਨਮ ਲੈਂਦਾ ਤਾਂ ਇਹ 'ਮਾਉ ਕੁਚੱਜੀ' ਵਾਲੀ ਗੱਲ ਨਾ ਹੁੰਦੀ ਅਤੇ ਅੱਗੇ ਕਹਿੰਦੇ ਹਨ :

ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰ ਕੇ ਘਰ ਮੰਗਨ ਜਾਈ।।
ਬਿਨ ਦਿਤੇ ਕਿਛ ਹਥ ਨ ਆਈ।।

(ਭਾਈ ਗੁਰਦਾਸ ਜੀ, ਵਾਰ 1 ਪਉੜੀ 40)

ਸਿੱਖ ਵੀ ਗ੍ਰਹਿਸਤੀ ਹੈ ਅਤੇ ਨਾਲ ਹੀ ਇਸ ਦਾ ਗੁਰੂ ਵੀ ਗ੍ਰਹਿਸਤੀ ਹੈ ਅਤੇ ਇਸਦਾ ਰੱਬ ਵੀ ਗ੍ਰਹਿਸਤੀ ਹੈ।

ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ ...

(ਗੁ.ਗ੍ਰੰ.ਸਾ. ਪੰਨਾ : 507)

ਰੱਬ ਨੂੰ ਵੱਡਾ ਗ੍ਰਹਿਸਤੀ ਆਖਿਆ ਗਿਆ ਹੈ। ਪਰ ਗ੍ਰਹਿਸਤ ਦੀ ਦੁਨੀਆ ਵਿੱਚ ਅਸੀਂ ਇਹੀ ਵੇਖਦੇ ਹਾਂ ਕਿ ਗ੍ਰਹਿਸਤੀ ਉਹ ਹੈ ਜਿਸਦਾ ਆਪਣਾ ਕੋਈ ਘਰ ਬਾਰ ਹੋਵੇ, ਜਿਸਨੂੰ ਰਿਹਾਇਸ਼ ਦੀ ਲੋੜ ਹੋਵੇ। ਦੂਜੇ ਪਾਸੇ ਸੰਨਿਆਸੀ ਜਾਂ ਜੋਗੀ ਨੂੰ ਕੀ ਲੋੜ ਹੈ, ਉਸਨੇ ਤਾਂ ਦਰਖ਼ਤਾਂ ਦੀ ਛਾਂ ਥੱਲੇ, ਪਹਾੜਾਂ ਦੀਆਂ ਗੁਫ਼ਾਵਾਂ ਵਿੱਚ ਜੀਵਨ ਬਿਤਾਉਣਾ ਹੈ। ਸੋ, ਘਰ ਦੀ ਲੋੜ ਤਾਂ ਗ੍ਰਹਿਸਤੀ ਨੂੰ ਹੈ ਅਤੇ ਇਹ ਗ੍ਰਹਿਸਤੀ ਦੀ ਪਹਿਲੀ ਨਿਸ਼ਾਨੀ ਹੈ। ਉਸਦੀ ਦੂਜੀ ਨਿਸ਼ਾਨੀ ਇਹ ਹੈ ਕਿ ਉਹ ਪਰਿਵਾਰ ਵਾਲਾ ਹੈ, ਉਸਦੀ ਸੰਤਾਨ ਹੈ। ਕਿਉਂਕਿ ਜਿਸਦਾ ਪਰਿਵਾਰ ਨਾ ਹੋਵੇ, ਉਸਨੂੰ ਅਸੀਂ ਆਖਦੇ ਹਾਂ ਕਿ ਇਸਨੇ ਘਰ-ਪਰਿਵਾਰ ਛੱਡ ਦਿੱਤਾ ਹੈ, ਇਹ ਸਾਧੂ ਹੈ, ਤਿਆਗੀ ਹੈ ਜਾਂ ਸੰਨਿਆਸੀ ਹੈ। ਉਸਨੇ ਇਹ ਇਸ ਲਈ ਕੀਤਾ ਹੈ ਕਿਉਂਕਿ ਉਹ ਸਮਝਦਾ ਹੈ ਕਿ ਗ੍ਰਹਿਸਤ ਵਿੱਚ ਚਿੰਤਾਵਾਂ ਹਨ ਅਤੇ ਜੇ ਸੰਤਾਨ ਜਾਂ ਘਰ ਹੈ, ਤਾਂ ਉਸਦੀ ਸੰਭਾਲ ਦੀ ਵੀ ਲੋੜ ਹੈ।

ਜਿੱਥੇ ਕੋਈ ਜ਼ਿੰਮੇਵਾਰੀਆਂ ਆਉਂਦੀਆਂ ਹਨ, ਉਥੇ ਹੀ ਚਿੰਤਾ ਹੁੰਦੀ ਹੈ। ਜਿੱਥੇ ਕੋਈ ਜ਼ਿੰਮੇਵਾਰੀ ਨਹੀਂ, ਉਥੇ ਚਿੰਤਾ ਵੀ ਕਿਸੇ ਚੀਜ਼ ਦੀ ਨਹੀਂ। ਜ਼ਿੰਮੇਵਾਰੀਆਂ ਚਿੰਤਾਵਾਂ ਨੂੰ ਜਨਮ ਦਿੰਦੀਆਂ ਹਨ। ਜਿਉਂ-ਜਿਉਂ ਮਨੁੱਖ ਦੀਆਂ ਜ਼ਿੰਮੇਵਾਰੀਆਂ ਵੱਧਦੀਆਂ ਚਲੀਆਂ ਜਾਂਦੀਆਂ ਹਨ, ਤਿਉਂ-ਤਿਉਂ ਉਸ ਦੀਆਂ ਚਿੰਤਾਵਾਂ ਵੱਧਦੀਆਂ ਚਲੀਆਂ ਜਾਂਦੀਆਂ ਹਨ। ਇਹ ਤਿੰਨ ਚੀਜ਼ਾਂ ਗ੍ਰਹਿਸਤ ਦੀਆਂ ਨਿਸ਼ਾਨੀਆਂ ਹਨ।

ਜਿਸਨੇ ਇਹ ਤਿੰਨ ਚੀਜ਼ਾਂ ਤੋਂ ਬਚਣਾ ਸੀ, ਉਸਨੇ ਤਾਂ ਗ੍ਰਹਿਸਤ ਛੱਡ ਦਿੱਤਾ। ਪਰ ਗੁਰੂ ਸਾਹਿਬ ਕਹਿੰਦੇ ਹਨ ਕਿ ਜਦੋਂ ਮੈਂ ਰੱਬ ਨੂੰ ਵੇਖਦਾ ਹਾਂ, ਤਾਂ ਉਹ ਸਭ ਤੋਂ ਵੱਡਾ ਗ੍ਰਹਿਸਤੀ ਹੈ। ਕਿਉਂਕਿ ਵੱਡਾ ਗ੍ਰਹਿਸਤੀ ਤੇ ਵੱਡਾ ਪਰਿਵਾਰ ਹੋਣ ਕਰਕੇ ਹੀ ਉਸਨੇ ਵੱਡਾ ਘਰ ਬਣਾਇਆ ਹੈ। ਜਿਸਦਾ ਪਰਿਵਾਰ ਜਿਵੇਂ-ਜਿਵੇਂ ਵੱਧਦਾ ਹੈ, ਉਸਨੂੰ ਵੱਡਾ ਘਰ ਬਣਾਉਣਾ ਹੀ ਪੈਂਦਾ ਹੈ। ਇਸ ਲਈ ਜਦੋਂ ਉਸ ਰੱਬ ਵੱਲ ਵੇਖੀਦਾ ਹੈ ਤਾਂ :

ਇਹੁ ਜਗੁ ਸਚੈ ਕੀ ਹੈ ਕੋਠੜੀ ...

ਐਨਾ ਵੱਡਾ ਘਰ, ਸਾਰਾ ਬ੍ਰਹਿਮੰਡ ਹੀ ਉਸਦਾ ਘਰ ਹੈ ਅਤੇ ਨਾਲ ਹੀ :

ਸਚੇ ਕਾ ਵਿਚਿ ਵਾਸੁ॥

(ਗੁ.ਗ੍ਰੰ.ਸਾ. ਪੰਨਾ : 463)

ਉਸਦਾ ਪਰਿਵਾਰ ਵੀ ਐਨਾ ਹੀ ਵੱਡਾ ਹੈ॥

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥ ਨਉ ਨਿਧਿ ਤੇਰੈ ਅਖੁਟ ਭੰਡਾਰਾ॥

(ਗੁ.ਗ੍ਰੰ.ਸਾ. ਪੰਨਾ : 97)

ਉਸਦੇ ਕੋਲ ਦੌਲਤ ਵੀ ਹੈ, ਭੰਡਾਰ ਵੀ ਹਨ, ਖ਼ਜ਼ਾਨੇ ਵੀ ਹਨ। ਦੂਜੇ ਪਾਸੇ ਜਿਸਦੇ ਕੋਲ ਕੁਝ

ਵੀ ਨਾ ਹੋਵੇ, ਘਰ-ਬਾਰ, ਦੌਲਤ-ਪਦਾਰਥ, ਜੋ ਸਭ ਕੁਝ ਛੱਡ ਦੇਵੇ, ਉਹ ਤਿਆਗੀ ਹੈ। ਰੱਬ ਦਾ ਘਰ-ਬਾਰ ਵੀ ਵੱਡਾ ਹੈ, ਪਰਿਵਾਰ ਵੀ ਵੱਡਾ ਹੈ ਅਤੇ ਉਸਦੇ ਖ਼ਜ਼ਾਨੇ ਵੀ ਵੱਡੇ ਹਨ। ਪਰ ਉਸ ਕੋਲ ਸਿਰਫ਼ ਇਹ ਚੀਜ਼ਾਂ ਹੀ ਨਹੀਂ, ਬਲਕਿ ਉਸ ਕੋਲ ਚਿੰਤਾ ਵੀ ਹੈ। ਜੇ ਕਿਸੇ ਦੋ-ਤਿੰਨ ਸੰਤਾਨ ਵਾਲੇ ਪਿਤਾ ਕੋਲ ਬੱਚਿਆਂ ਨੂੰ ਸੰਭਾਲਣ ਦੀ, ਪੜ੍ਹਾਉਣ ਦੀ, ਪ੍ਰਿਤਪਾਲਣ ਦੀ ਚਿੰਤਾ ਹੈ, ਤਾਂ ਰੱਬ ਜਿਸਦਾ ਐਨਾ ਵੱਡਾ ਪਰਿਵਾਰ ਹੈ, ਕੀ ਉਸਦੇ ਕੋਲ ਕੋਈ ਚਿੰਤਾ ਨਹੀਂ। ਬਲਕਿ ਜਿਹੜੇ ਲੋਕ ਰੱਬ ਦੇ ਪੁੱਤਰ ਹੋ ਕੇ ਚਿੰਤਾ ਕਰਦੇ ਹਨ, ਉਨ੍ਹਾਂ ਨੂੰ ਗੁਰੂ ਸਾਹਿਬ ਸਮਝਾਉਣਾ ਕਰਦੇ ਹਨ :

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ।।
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ।।

(ਗੁ.ਗ੍ਰੰ.ਸਾ. ਪੰਨਾ : 955)

ਗ੍ਰਿਹਿਸਤੀ ਵਾਲਾ ਸਾਰਾ ਵਾਤਾਵਰਣ ਰੱਬ ਕੋਲ ਹੈ।

ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ।।

(ਗੁ.ਗ੍ਰੰ.ਸਾ. ਪੰਨਾ : 467)

ਮਨੁੱਖ ਤੇ ਰੱਬ ਦਾ ਵਾਤਾਵਰਣ ਇਕੋ ਜਿਹਾ ਹੈ। ਜੇ ਕਿਸੇ ਨਾਲ ਸਬੰਧ ਜੋੜਨਾ ਹੋਵੇ, ਜੇ ਕਿਸੇ ਨਾਲ ਅਭੇਦ ਹੋਣਾ ਹੋਵੇ ਤਾਂ ਉਸਦੇ ਵਾਲਾ ਸੁਭਾਅ, ਉਸਦੇ ਵਾਲੀਆਂ ਆਦਤਾਂ ਮਨ ਵਿੱਚ ਆ ਕੇ ਵੱਸਣ, ਤਾਂ ਹੀ ਸਬੰਧ ਕਾਇਮ ਹੁੰਦਾ ਹੈ।

ਇਸ ਅਨੰਦ ਕਾਰਜ ਵਿੱਚ ਕਿਉਂ ਦੋਵੇਂ ਜੀਵਾਂ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਰਖਿਆ ਗਿਆ ਹੈ ? ਇਸ ਲਈ ਨਹੀਂ ਕਿ ਜੇ ਇੱਕ ਅੰਮ੍ਰਿਤ ਨਾ ਛੱਕੇ, ਤਾਂ ਦੂਜੇ ਨੂੰ ਛਕਾਉਣਾ ਹੀ ਨਹੀਂ ਚਾਹੀਦਾ। ਨਾ ਹੀ ਇਸ ਦੇ ਨਾਲ ਕੋਈ ਅਧਰਮ ਹੋ ਜਾਂਦਾ ਹੈ ਕਿਉਂਕਿ **"ਕਰਮੀ ਆਪੋ ਆਪਣੀ"** ਹੈ।

ਪੰਥਕ ਤੌਰ ਉੱਤੇ ਸੂਝਵਾਨ, ਵਿਦਵਾਨਾਂ ਤੇ ਬਜ਼ੁਰਗਾਂ ਨੇ ਸਿੱਖ ਰਹਿਤ ਮਰਿਆਦਾ ਇਸ ਲਈ ਬਣਾਈ ਤਾਂ ਕਿ ਦੋਵੇਂ ਜੀਵਾਂ ਦਾ ਸੁਭਾਅ ਮਿਲ ਜਾਵੇ, ਉਹਨਾਂ ਦਾ ਵਾਤਾਵਰਣ ਮਿਲ ਜਾਵੇ। ਜੇ ਕਿਸੇ ਮਜਬੂਰੀ ਵੱਸ ਐਸਾ ਸਮਾਂ ਆ ਜਾਵੇ ਕਿ ਦੋਵਾਂ ਵਿੱਚੋਂ ਇੱਕ ਜੀਅ ਗੁਰਮਤਿ ਦੀ ਦੂਰੀ 'ਤੇ ਹੋਵੇ, ਗੁਰਮਤਿ ਨੂੰ ਨਾ ਸਮਝਦਾ ਹੋਵੇ, ਬਿਲਕੁਲ ਅਮੋੜ ਮਨੋਬਿਰਤੀ ਵਾਲਾ ਹੋਵੇ, ਤਾਂ ਕੀ ਦੂਜਾ ਸਾਰੀ ਜ਼ਿੰਦਗੀ ਤਰਸਦਾ ਰਹੇ ਕਿ ਮੈਂ ਵੀ ਅੰਮ੍ਰਿਤ ਨਾ ਛੱਕ ਸਕਿਆ। ਨਹੀਂ, ਅੰਮ੍ਰਿਤ ਛੱਕ ਸਕਦਾ ਹੈ। ਲੇਕਿਨ ਇਹ ਪੰਥਕ ਮਰਿਆਦਾ ਹੈ ਜੋ ਸਿਆਣੇ ਬਜ਼ੁਰਗਾਂ ਤੇ ਵਿਦਵਾਨਾਂ ਨੇ ਬਣਾਈ ਹੈ। ਇਹ ਭਾਵੇਂ ਗੁਰੂ ਸਾਹਿਬ ਦੇ ਵਕਤ ਦਾ ਫ਼ੈਸਲਾ ਨਹੀਂ ਕਿ ਜਦੋਂ ਅੰਮ੍ਰਿਤ ਛਕਾਉਣ ਦਾ ਮਸਲਾ ਆਇਆ, ਗੁਰੂ ਸਾਹਿਬ ਨੂੰ ਭਾਈ ਦਇਆ ਸਿੰਘ ਜਾਂ ਭਾਈ ਧਰਮ ਸਿੰਘ ਨੇ ਸੀਸ ਅਰਪਣ ਕੀਤੇ, ਉਦੋਂ ਗੁਰੂ ਸਾਹਿਬ ਨੇ ਕਿਹਾ ਹੋਵੇ ਕਿ ਪਹਿਲੇ ਆਪਣੀਆਂ ਪਤਨੀਆਂ ਨੂੰ ਨਾਲ ਲਿਆਓ, ਫਿਰ ਅੰਮ੍ਰਿਤ ਛਕਾਵਾਂਗੇ। ਪਰ ਇਹ ਫ਼ੈਸਲਾ ਪੰਥਕ ਤੌਰ ਉੱਤੇ

ਬੜਾ ਵਾਜਬ ਹੈ ਜਿਸ ਨੂੰ ਭੁਲਾਉਣਾ ਨਹੀਂ। ਕਿਉਂਕਿ ਬਜ਼ੁਰਗ ਵਿਦਵਾਨ ਜਿਹੜੇ ਫ਼ੈਸਲੇ ਕਰਦੇ ਹਨ, ਉਹਨਾਂ ਦੀ ਮਾਨਤਾ ਵਿੱਚ ਇਸ ਜੀਵਨ ਨੂੰ ਸੁਖੈਨ ਕਰਨਾ ਵੀ ਸਾਡਾ ਆਪਣਾ ਫ਼ਰਜ਼ ਬਣਦਾ ਹੈ।

ਇਹ ਵਕਤ ਦੀ ਸੋਝੀ ਹੈ ਕਿ ਜੇ ਦੋਵੇਂ ਜੀਆਂ ਦਾ ਸੁਭਾਅ ਮਿਲਦਾ ਹੋਵੇਗਾ, ਤਾਂ ਹੀ ਮਨ ਆਪਸ ਵਿੱਚ ਮਿਲ ਸਕਣਗੇ। ਜੇ ਦੋਹਾਂ ਦੀਆਂ ਆਦਤਾਂ ਤੇ ਜੀਵਨ ਦਾ ਮਿਆਰ ਹੀ ਵੱਖ ਹੋਵੇ, ਇੱਕ ਦੂਜੇ ਕੋਲੋਂ ਅਨੇਕਾਂ ਗੱਲਾਂ ਦੀ ਸੰਕੋਚ ਹੋਵੇ, ਜਿਸ ਘਰ ਵਿੱਚ ਦੋ ਜੀਆਂ ਦੀ ਅਭੇਦਤਾ ਮਨ-ਤਨ ਕਰਕੇ ਨਾ ਹੋਵੇ, ਉਹ ਘਰ ਕਦੀ ਸੁਖੀ ਨਹੀਂ ਵੱਸਦੇ, ਉਹਨਾਂ ਵਿੱਚ ਤ੍ਰੇੜ ਬਣੀ ਰਹਿੰਦੀ ਹੈ, ਉਹਨਾਂ ਵਿੱਚ ਸਦਾ ਦੁਬਿਧਾ ਬਣੀ ਰਹਿੰਦੀ ਹੈ। ਗੁਰਸਿੱਖ ਦਾ ਵਿਆਹ 'ਅਨੰਦ ਕਾਰਜ' ਬਣ ਜਾਏ, ਇਸ ਲਈ ਦੋਹਾਂ ਦਾ ਮਨ ਤਨ ਕਰਕੇ ਸੁਮੇਲ ਬਹੁਤ ਜ਼ਰੂਰੀ ਹੈ।

ਇਸ ਸੁਮੇਲ ਦੇ ਨਾਲ ਹੀ ਆਤਮਿਕ ਸੁਮੇਲ, ਆਤਮਾ ਤੇ ਪਰਮਾਤਮਾ ਦਾ ਸੁਮੇਲ ਹੈ। ਇਹ ਸਰਗੁਣ ਤੇ ਨਿਰਗੁਣ ਦਾ ਸੁਮੇਲ ਹੈ। ਸਰਗੁਣ ਪ੍ਰਭੂ ਦਾ ਉਹ ਸਰੂਪ ਹੈ ਜੋ ਦਿੱਸਦਾ ਹੈ ਅਤੇ ਨਿਰਗੁਣ ਉਹ ਸਰੂਪ ਹੈ ਜੋ ਦਿੱਸਦਾ ਨਹੀਂ, ਨਿਰਾਕਾਰ ਹੈ। ਉਹ

ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ।।

(ਗੁ.ਗ੍ਰੰ.ਸਾ. ਪੰਨਾ : 463)

ਪਰ ਸਾਰਿਆਂ ਵਿੱਚ ਵੱਸ ਰਿਹਾ ਹੈ :

.. ਸਹਸ ਮੂਰਤਿ ਨਨਾ ਏਕ ਤੋਹੀ।।

.. ਸਭ ਮਹਿ ਜੋਤਿ ਜੋਤਿ ਹੈ ਸੋਇ।।

(ਗੁ.ਗ੍ਰੰ.ਸਾ. ਪੰਨਾ : 13)

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਸਿਧਾਂਤ ਇਸ ਸਰਗੁਣ ਸਰੂਪ ਨੂੰ ਨਿਰਗੁਣ ਨਾਲ ਜੋੜਨ ਲਈ ਹੈ। ਇਸ ਵਿੱਚ ਅਭੇਦਤਾ ਦਾ ਹੀ ਸਿਧਾਂਤ ਹੈ। ਇਸ ਅਭੇਦਤਾ ਨੂੰ ਸਮਝਣ ਲਈ ਇਸ ਦਾ ਇੱਕ ਉਦਾਹਰਣ ਲਿਆ ਗਿਆ ਹੈ। ਜੇ ਅਸੀਂ ਬਾਣੀ ਤੋਂ ਪ੍ਰੇਰਨਾ ਨਹੀਂ ਲਵਾਂਗੇ, ਤਾਂ ਸਾਡਾ ਸਬੰਧ ਬਾਣੀ ਨਾਲੋਂ ਟੁੱਟ ਜਾਵੇਗਾ ਤੇ ਬਾਣੀ ਸਰਬ ਕਾਲਕ ਵੀ ਨਹੀਂ ਰਹੇਗੀ। ਫਿਰ ਜਿਹੜੇ-ਜਿਹੜੇ ਬਿਰਤਾਂਤ ਹੋਏ ਹਨ, ਕੇਵਲ ਉਸੇ ਨਾਲ ਸਬੰਧਤ ਰਹਿ ਜਾਵਾਂਗੇ। ਪਰ ਬਾਣੀ ਕਿਉਂਕਿ ਚਹੁ ਜੁਗਾਂ ਵਿੱਚ ਸੱਚ ਹੈ, ਜਦੋਂ ਤਕ ਸ੍ਰਿਸ਼ਟੀ ਹੈ, ਬਾਣੀ ਦੀ ਅਗਵਾਈ ਜੀਵਨ ਲਈ ਹਮੇਸ਼ਾ ਬਣੀ ਰਹਿਣੀ ਹੈ। ਪਰ ਇਹ ਤਾਂ ਹੀ ਬਣੀ ਰਹਿਣੀ ਹੈ ਜੇ ਇਸਨੂੰ ਅਸੀਂ ਉਦਾਹਰਣ ਵਜੋਂ ਲਵਾਂਗੇ, ਇਸ ਤੋਂ ਜੀਵਨ ਵਿੱਚ ਪ੍ਰੇਰਨਾ ਲਵਾਂਗੇ।

ਗੁਰੂ ਸਾਹਿਬ ਨੇ ਪ੍ਰਭੂ ਦੇ ਆਤਮਿਕ ਪਰਮਾਤਕ ਪਿਆਰ ਦੀਆਂ ਭਾਵਨਾਵਾਂ ਵਿੱਚੋਂ ਜੀਵਨ ਨੂੰ ਉਸ ਮਿਆਰ ਤਕ, ਅਭੇਦਤਾ ਤਕ ਲੈ ਜਾਣ ਲਈ ਹੀ ਇਸਤਰੀ ਤੇ ਪਤੀ ਦੇ ਰੂਪ ਨੂੰ ਇੱਕ ਉਦਾਹਰਣ ਵਜੋਂ ਪੇਸ਼ ਕੀਤਾ ਹੈ। ਭਗਤ ਤੇ ਪ੍ਰਭੂ ਦੇ ਰੂਪ ਨੂੰ ਵੀ ਉਸੇ ਉਦਾਹਰਣ ਵਜੋਂ ਪੇਸ਼

ਕੀਤਾ ਗਿਆ ਹੈ।

ਭਗਤ ਕਬੀਰ ਜੀ ਬਾਣੀ ਵਿੱਚ ਆਖਦੇ ਹਨ ਕਿ ਜਿਹੜਾ ਜੋਗੀ ਇਸ ਖ਼ਿਆਲ ਨਾਲ ਜੰਗਲਾਂ ਤੇ ਪਹਾੜਾਂ ਦੀਆਂ ਗੁਫ਼ਾਵਾਂ ਵਿੱਚ ਗਿਆ ਹੈ ਕਿ ਮੈਂ ਪ੍ਰਭੂ ਪ੍ਰਾਪਤੀ ਕਰਨੀ ਹੈ :

ਡੰਡਾ ਮੁੰਦ੍ਰਾ ਖਿੰਥਾ ਆਧਾਰੀ।।
ਭ੍ਰਮ ਕੈ ਭਾਇ ਭਵੈ ਭੇਖਧਾਰੀ।। ੧।।
ਆਸਨੁ ਪਵਨੁ ਦੂਰਿ ਕਰਿ ਬਵਰੇ।।
ਛੋਡਿ ਕਪਟੁ ਨਿਤ ਹਰਿ ਭਜੁ ਬਵਰੇ।। ੧।। ਰਹਾਉ।।
ਜਿਹ ਤੂ ਜਾਚਹਿ ਸੋ ਤ੍ਰਿਭਵਨ ਭੋਗੀ।।
ਕਹਿ ਕਬੀਰ ਕੇਸੌ ਜਗਿ ਜੋਗੀ।। ੨।।

(ਗੁ.ਗ੍ਰੰ.ਸਾ. ਪੰਨਾ : 856, 857)

ਪਰ ਜੋਗੀ ਜਿਸਨੂੰ ਮਿਲਨਾ ਚਾਹੁੰਦਾ ਹੈ, ਉਹ ਤਾਂ ਭੋਗੀ ਹੈ। ਉਹ ਤਾਂ ਹਰ ਇੱਕ ਜੀਵ ਵਿੱਚ ਵੱਸ ਕੇ ਭੋਗ, ਭੋਗ ਰਿਹਾ ਹੈ। ਉਹ ਤਾਂ ਗ੍ਰਹਿਸਤੀ ਹੈ, ਉਸਦਾ ਤਾਂ ਐਨਾ ਵੱਡਾ ਘਰ ਹੈ, ਉਸਦਾ ਐਨਾ ਵੱਡਾ ਪਰਿਵਾਰ ਹੈ, ਉਸ ਨੂੰ ਸਾਰਿਆਂ ਦੀ ਚਿੰਤਾ ਵੀ ਹੈ। ਉਹ ਸਭ ਨੂੰ ਪਿਤਾ ਵਾਂਗ ਕਪੜਾ, ਰੋਜ਼ੀ, ਸਭ ਕੁਝ ਦੇ ਰਿਹਾ ਹੈ। ਜਿਸਨੂੰ ਜੋਗੀ ਮਿਲਨਾ ਚਾਹੁੰਦਾ ਹੈ, ਉਸ ਨਾਲ ਤਾਂ ਉਸਦਾ ਸੁਭਾਅ ਹੀ ਨਹੀਂ ਮਿਲਦਾ। ਜੋਗੀ ਤਾਂ ਸਭ ਕੁਝ ਤਿਆਗੀ ਫਿਰਦਾ ਹੈ, ਪਰ ਉਹ ਪ੍ਰਭੂ ਤਾਂ ਤਿਆਗੀ ਨਹੀਂ ਹੈ। ਉਸ ਪ੍ਰਭੂ ਦੇ ਨਾਲ ਤਾਂ ਜੋਗੀ ਦੀਆਂ ਆਦਤਾਂ ਹੀ ਨਹੀਂ ਮਿਲਦੀਆਂ।

ਇਸ ਲਈ ਪਹਿਲੇ ਇਹ ਗੱਲ ਸਮਝ ਲਓ ਕਿ ਉਸ ਵੱਡੇ ਗ੍ਰਹਿਸਤੀ ਨੂੰ ਮਿਲਣ ਲਈ ਕਦੇ ਵੀ ਐਸਾ ਤਿਆਗੀ ਨਹੀਂ ਬਣਨਾ ਚਾਹੀਦਾ। ਗੁਰੂ ਸਾਹਿਬ ਨੇ ਵੀ ਗ੍ਰਹਿਸਤ ਨੂੰ ਹੀ ਪਹਿਲ ਦਿੱਤੀ। ਭਾਈ ਗੁਰਦਾਸ ਜੀ ਨੇ ਵੀ ਇੱਕ ਥਾਂ ਬੜੀ ਖ਼ੂਬਸੂਰਤ ਗੱਲ ਆਖੀ :

ਜੈਸੇ ਮਛ ਕਛ ਬਗ ਹੰਸ ਮੁਕਤਾ ਪਾਖਾਨ
ਅੰਮ੍ਰਿਤ ਬਿਖੈ ਪ੍ਰਗਾਸ ਉਦਧਿ ਸੈ ਜਾਨੀਐ।।

(ਭਾਈ ਗੁਰਦਾਸ ਜੀ, ਕਬਿਤ 375)

ਭਾਵੇਂ ਮੱਛੀਆਂ ਜਾਂ ਕਛੂਏ ਹਨ, ਭਾਵੇਂ ਮੁਕਤ ਮਤੀ ਆਦਿਕ ਹੀਰੇ ਹਨ ਜਾਂ ਪੱਥਰ ਹਨ, ਭਾਵੇਂ ਅੰਮ੍ਰਿਤ ਹੈ ਜਾਂ ਬਿਖ ਹੈ, ਇਹ ਸਾਰੀਆਂ ਚੀਜ਼ਾਂ ਸਾਗਰ ਵਿੱਚੋਂ ਹੀ ਪੈਦਾ ਹੋਈਆਂ ਹਨ। ਜੇ ਮਨੁੱਖ ਆਖੇ ਕਿ ਇਸ ਸਾਗਰ ਵਿੱਚੋਂ ਬਿਖ ਪੈਦਾ ਹੋਇਆ ਹੈ, ਇਸ ਲਈ ਸਾਗਰ ਹੀ ਨਹੀਂ ਹੋਣਾ ਚਾਹੀਦਾ ਅਤੇ ਸਾਗਰ ਤੋਂ ਨਫ਼ਰਤ ਕਰਨ ਲੱਗ ਪਵੇ, ਤਾਂ ਫਿਰ ਅੰਮ੍ਰਿਤ ਵੀ ਤਾਂ ਇਸ ਵਿੱਚੋਂ ਹੀ ਪੈਦਾ ਹੋਇਆ ਹੈ। ਜੇ ਇਸ ਸਮੁੰਦਰ ਵਿੱਚ ਮੱਛੀ, ਕਛੂਏ ਆਦਿ ਹਨ, ਤਾਂ ਹੰਸ ਵੀ ਤਾਂ ਇਸੇ ਨਾਲ ਹੀ ਸਬੰਧ ਰੱਖਦੇ ਹਨ। ਜੇ ਇਸ ਵਿੱਚ ਪਾਖਾਣ-ਪੱਥਰ ਹਨ, ਤਾਂ ਹੀਰੇ-ਮੋਤੀ ਆਦਿ ਵੀ ਤਾਂ ਇਸੇ ਵਿੱਚ ਹੀ ਹਨ। ਇਕੋ ਸਾਗਰ ਵਿੱਚੋਂ ਹੀ ਸਭ ਕੁਝ ਮਿਲਦਾ ਹੈ। ਇਸ ਲਈ ਉਸ

ਸਾਗਰ ਤੋਂ ਨਫ਼ਰਤ ਨਾ ਕਰੋ ਜਿਸ ਵਿੱਚ ਸਾਰੀਆਂ ਚੀਜ਼ਾਂ ਹਨ। ਅੱਗੇ ਭਾਈ ਸਾਹਿਬ ਇੱਕ ਹੋਰ ਉਦਾਹਰਣ ਦਿੰਦੇ ਹਨ :

ਭਜਨ ਬਿਬਿਧਿ ਜੈਸੇ ਹੋਤ ਏਕ ਮਿਰਤਕਾ ਸੈ..

ਮਿਰਤਕ ਤੋਂ ਇਥੇ ਭਾਵ ਮਿੱਟੀ ਹੈ ਕਿਉਂਕਿ ਸਰੀਰ ਜਦੋਂ ਮਰਦਾ ਹੈ ਤਾਂ ਮਿੱਟੀ ਹੋ ਜਾਂਦਾ ਹੈ। ਉਹ ਜਨਮ ਵੀ ਮਿੱਟੀ ਤੋਂ ਲੈਂਦਾ ਹੈ ਅਤੇ ਮੁੜ ਮਿੱਟੀ ਜਾਂ ਧਰਤੀ ਵਿੱਚ ਹੀ ਸਮਾ ਜਾਂਦਾ ਹੈ। ਸਾਰੇ ਸਰੀਰ ਇਸੇ ਮਿੱਟੀ ਤੋਂ ਪੈਦਾ ਹੋਏ ਹਨ ਤੇ ਨਾਲ ਹੀ ਸਾਰੇ ਭੋਜਨ ਵੀ ਇਸੇ ਮਿੱਟੀ ਤੋਂ ਹੀ ਉਤਪੰਨ ਹੋਏ ਹਨ। ਇਕੋ ਧਰਤੀ ਹੈ ਜਿਸਨੇ ਖਾਣ ਲਈ ਭੋਜਨ ਤੇ ਪਹਿਨਣ ਲਈ ਚੀਜ਼ਾਂ ਨੂੰ ਪੈਦਾ ਕੀਤਾ ਹੈ। ਇਕੋ ਮਿੱਟੀ ਹੈ ਜਿਹੜੀ ਐਨੀਆਂ ਚੀਜ਼ਾਂ ਦੇ ਵੱਖ-ਵੱਖ ਰੂਪ ਦੇ ਰਹੀ ਹੈ। ਤੀਜੀ ਗੱਲ ਇੱਕ ਹੋਰ ਸਪਸ਼ਟ ਕਰ ਰਹੇ ਹਨ :

ਤੈਸੇ ਦਰਸਨ ਬਹੁ ਬਰਨ ਆਸ੍ਰਮ ਧ੍ਰਮ,
ਸਕਲ ਗ੍ਰਿਹਸਤੁ ਕੀ ਸਾਖਾ ਉਨਮਾਨੀਐ।।

(ਭਾਈ ਗੁਰਦਾਸ ਜੀ, ਕਬਿਤ 375)

ਇਹ ਸਾਰੀਆਂ ਗ੍ਰਹਿਸਤ ਦੀਆਂ ਹੀ ਸ਼ਾਖਾਵਾਂ ਹਨ। ਪਰ ਸ਼ਾਖਾ ਕਿਸੇ ਮੂਲ ਵਿੱਚੋਂ ਹੀ ਪੈਦਾ ਹੁੰਦੀਆਂ ਹਨ। ਇਸਦਾ ਮਤਲਬ ਜਿੰਨੇ ਧਰਮ ਹਨ, ਜਿੰਨੇ ਆਸ਼ਰਮ ਹਨ, ਜਿੰਨੇ ਵਰਣ ਹਨ, ਜਿੰਨੇ ਦਰਸ਼ਨ ਹਨ, ਇਹ ਸਾਰੇ ਉਸ ਗ੍ਰਹਿਸਤ ਦੀਆਂ ਸ਼ਾਖਾਵਾਂ ਹਨ। ਇਹਨਾਂ ਸਾਰਿਆਂ ਦਾ ਮੂਲ ਉਹ ਵੱਡਾ ਗ੍ਰਹਿਸਤੀ ਹੀ ਹੈ।

ਜੇ ਕੋਈ ਤਿਆਗੀ ਬੀਆਬਨ ਜੰਗਲਾਂ ਵਿੱਚ ਬੈਠਾ ਹੈ, ਤਾਂ ਉਹ ਵੀ ਕਿਸੇ ਗ੍ਰਹਿਸਤੀ ਦੇ ਘਰ ਜਨਮ ਲੈ ਕੇ ਹੀ ਉਥੇ ਗਿਆ ਹੈ। ਜੇ ਭਲਾ ਗ੍ਰਹਿਸਤੀ ਹੀ ਨਾ ਹੋਵੇ, ਤਾਂ ਕੋਈ ਸਾਧੂ-ਸੰਨਿਆਸੀ, ਜੋਗੀ-ਭਗਤ, ਰਾਜਾ-ਮਹਾਰਾਜਾ ਕਿਥੋਂ ਪੈਦਾ ਹੋਵੇ ? ਇਹਨਾਂ ਸਾਰੇ ਧਰਮਾਂ ਦਾ ਮੂਲ ਰੂਪ ਧਰਮ ਗ੍ਰਹਿਸਤ ਹੀ ਹੈ ਅਤੇ ਬਾਕੀ ਜਿੰਨੇ ਧਰਮ ਹਨ, ਉਹ ਇਸ ਦੀਆਂ ਸ਼ਾਖਾਵਾਂ ਹਨ, ਇਸਦੇ ਵਿੱਚੋਂ ਜਨਮ ਲੈਣ ਵਾਲੇ ਹੀ ਹਨ।

ਜੇ ਭਲਾ ਸ਼ਾਖਾ ਜਾਂ ਟਾਹਣੀ ਆਪਣੇ ਨਾਲ ਲੱਗੇ ਹੋਏ ਫੁੱਲਾਂ ਤੇ ਫਲਾਂ ਨੂੰ ਵੇਖ ਕੇ ਐਨਾ ਅਭਿਮਾਨੀ ਹੋ ਜਾਏ ਤੇ ਆਖੇ ਕਿ ਮੇਰੇ ਮੁਕਾਬਲੇ ਵਿੱਚ ਮੂਲ ਕੀ ਚੀਜ਼ ਹੈ। ਅੱਜ ਤਿਆਗੀ ਜਾਂ ਸਾਧੂ ਆਪਣੇ-ਆਪ ਨੂੰ ਮਹਾਨ ਆਖਦਾ ਹੈ ਤੇ ਆਖਦਾ ਹੈ ਕਿ ਉਸਦੇ ਮੁਕਾਬਲੇ ਗ੍ਰਹਿਸਤੀ ਕੀ ਚੀਜ਼ ਹੈ। ਉਸਨੇ ਇਹ ਮਹਾਨਤਾ ਵਾਲਾ ਭਰਮ ਗ੍ਰਹਿਸਤੀ ਦੇ ਅੰਦਰ ਵੀ ਪੈਦਾ ਕਰ ਦਿੱਤਾ ਹੈ। ਅੱਜ ਗ੍ਰਹਿਸਤੀਆਂ ਨੂੰ ਆਪਣੇ ਆਪ 'ਤੇ ਉਹ ਮਹਾਨ ਭਰੋਸਾ ਤੇ ਵਿਸ਼ਵਾਸ ਹੀ ਨਹੀਂ ਰਿਹਾ ਕਿ ਗ੍ਰਹਿਸਤੀ ਗੁਰਮਤਿ ਦੇ ਘੇਰੇ ਵਿੱਚ ਆ ਕੇ ਕਿੰਨਾ ਮਹਾਨ ਹੋ ਜਾਂਦਾ ਹੈ। ਸਿਰਫ਼ ਲੋੜ ਹੈ ਕਿ ਗ੍ਰਹਿਸਤ ਦਾ ਮੂਲ ਰੋਗੀ ਨਾ ਹੋਵੇ, ਬਲਕਿ ਤੰਦਰੁਸਤ ਹੋਵੇ। ਜਦੋਂ ਮੂਲ ਜਾਂ ਜੜ੍ਹ ਰੋਗੀ ਹੋ ਜਾਂਦਾ

ਹੈ, ਤਾਂ ਉਸਦੇ ਵਿੱਚੋਂ ਨਿਕਲੀ ਹੋਈ ਸ਼ਾਖਾ ਰੋਗੀ ਹੋ ਜਾਂਦੀ ਹੈ ਅਤੇ ਹਰੇਕ ਪੱਤਾ, ਫਲ, ਫੁੱਲ ਵੀ ਰੋਗੀ ਹੋ ਜਾਂਦਾ ਹੈ। ਸੋ, ਸੰਸਾਰ ਦੇ ਜਿੰਨੇ ਧਰਮ ਹਨ, ਸਾਰੇ ਇਸ ਮੂਲ ਰੂਪ ਗ੍ਰਹਿਸਤ ਵਿੱਚੋਂ ਹੀ ਜਨਮ ਲੈ ਕੇ ਆਏ ਹਨ। ਅੱਗੇ ਭਾਈ ਸਾਹਿਬ ਦੂਜੀ ਪਉੜੀ ਵਿੱਚ ਆਖਦੇ ਹਨ :

ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ

ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥

(ਭਾਈ ਗੁਰਦਾਸ ਜੀ, ਕਬਿਤ 376)

ਇਸੇ ਲਈ ਹੁਕਮ ਕਰ ਦਿੱਤਾ ਕਿ ਸਿੱਖ ਗ੍ਰਹਿਸਤੀ ਹੋਵੇਗਾ। ਕਿਉਂਕਿ ਰੱਬ ਵੀ ਗ੍ਰਹਿਸਤੀ ਹੈ, ਗੁਰੂ ਵੀ ਗ੍ਰਹਿਸਤੀ ਹੈ ਅਤੇ ਸਿੱਖ ਵੀ ਗ੍ਰਹਿਸਤੀ ਹੋਵੇਗਾ।

ਹੁਣ ਇਹ ਵਿਆਹ ਕਾਰਜ ਕੀ ਹੈ ? ਇਹ ਗ੍ਰਹਿਸਤ ਆਸ਼ਰਮ ਵਿੱਚ ਪ੍ਰਵੇਸ਼ ਕਰਨ ਦਾ ਇੱਕ ਦਰਵਾਜ਼ਾ ਹੀ ਹੈ। ਹੁਣ ਮੁਸ਼ਕਿਲ ਇਹ ਬਣ ਗਈ ਕਿ ਜਿੰਨ੍ਹਾਂ ਲੋਕਾਂ ਨੇ ਅੰਦਰ ਪ੍ਰਵੇਸ਼ ਕੀਤਾ, ਕੁਝ ਤਾਂ ਅੰਦਰੋਂ ਜਨਮ ਲੈ ਕੇ ਇਸਦੀ ਪਛਾਣ ਨਾ ਕਰ ਸਕੇ ਅਤੇ ਇਸਨੂੰ ਸੰਭਾਲ ਨਾ ਸਕੇ। ਗੁਰੂ ਸਾਹਿਬ ਨੇ ਬਾਣੀ ਵਿੱਚ ਵੀ ਅਨੇਕਾਂ ਪੱਖਾਂ ਤੋਂ ਇਹ ਸਪਸ਼ਟ ਕੀਤਾ ਕਿ ਜਿਹੜੇ ਲੋਕ ਜੋਗੀ ਬਣੇ, ਉਹ ਇਸ ਲਈ ਨਹੀਂ ਬਣੇ ਕਿ ਉਹ ਗ੍ਰਹਿਸਤ ਤੋਂ ਦੁਖੀ ਸਨ ਅਤੇ ਉਹਨਾਂ ਨੂੰ ਜੋਗੀ ਬਣ ਕੇ ਕੋਈ ਸੁੱਖ ਮਿਲ ਗਿਆ, ਬਲਕਿ ਉਹ ਬੁਜ਼ਦਿਲ, ਕਮਜ਼ੋਰ ਤੇ 'ਮਖੱਟੂ' ਸਨ। ਮਖੱਟੂ ਦਾ ਅਰਥ ਹੁੰਦਾ ਹੈ ਜਿਹੜੇ ਕਮਾਈ ਨਾ ਕਰ ਸਕਦੇ ਹੋਣ, ਵਿਹਲੀਆਂ ਖਾਣ ਵਾਲੇ ਹੋਣ।

ਮਖਟੂ ਹੋਇ ਕੈ ਕੰਨ ਪੜਾਏ॥

ਫਕਰੁ ਕਰੇ ਹੋਰੁ ਜਾਤਿ ਗਵਾਏ॥

ਗੁਰੁ ਪੀਰੁ ਸਦਾਏ ਮੰਗਣ ਜਾਇ॥

(ਗੁ.ਗ੍ਰੰ.ਸਾ. ਪੰਨਾ : 1245)

"ਘਾਲਿ ਖਾਇ ਕਿਛੁ ਹਥਹੁ ਦੇਇ" ਵਾਲੀ ਸ਼ਕਤੀ ਉਹਨਾਂ ਦੇ ਕੋਲ ਨਹੀਂ ਸੀ। ਉਹਨਾਂ ਨੇ ਗੁਰੂ ਨਾਨਕ ਦੀ ਕਿਰਤ ਕਰਨ ਦੇ ਨੇਮ, ਸਤਿਗੁਰੂ ਦੇ ਦਿੱਤੇ ਹੋਏ ਗੁਰਮਤਿ ਦੇ ਘੇਰੇ ਤੋਂ ਬਾਹਰ ਨਿਕਲ ਕੇ, ਵਿਹਲੀਆਂ ਖਾਣ ਲਈ ਕੰਨਾਂ ਵਿੱਚ ਮੁੰਦਰਾਂ ਪਾ ਲਈਆਂ, ਦਰ-ਦਰ 'ਤੇ ਮੰਗਣ ਚੜ੍ਹ ਪਏ, ਤੇ ਫਿਰ ਮੰਗਣ ਗਏ ਮਨੁੱਖ ਨੂੰ ਕਦੇ ਮਾਨ-ਸਤਿਕਾਰ ਨਹੀਂ ਮਿਲਦਾ।

ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ॥

(ਗੁ.ਗ੍ਰੰ.ਸਾ. ਪੰਨਾ : 878)

ਹੁਣ ਉਹ ਲੋਕ ਇੱਕ ਹੋਰ ਅਗਲੀ ਚਾਲਾਕੀ ਉੱਤੇ ਚਲੇ ਗਏ। ਪਹਿਲੇ ਤਾਂ ਘਾਲ ਕੇ, ਕਮਾਈ ਨਾ ਕਰਕੇ ਨਾ ਖਾਣਾ ਪਵੇ, ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਾ ਸਾਂਭਣੀਆਂ ਪੈਣ, ਇਸ ਕਰਕੇ ਇਹਨਾਂ ਨੇ ਘਰ-ਪਰਿਵਾਰ ਤਿਆਗ ਦਿੱਤਾ। ਪਰ ਲੋੜਾਂ ਤਾਂ ਹਰ ਮਨੁੱਖ ਦੀਆਂ ਉਸਦੇ ਨਾਲ ਹਨ। ਸੋ, ਇਹਨਾਂ ਨੂੰ ਮੰਗ ਕੇ ਖਾਣਾ ਪਿਆ ਅਤੇ ਮਾਂਗਤ ਨੂੰ ਕਦੇ ਮਾਨ ਨਹੀਂ ਮਿਲਦਾ। ਇਸ

ਲਈ ਇਹਨਾਂ ਨੇ ਅਗਲੀ ਚਾਲਾਕੀ ਇਹ ਕੀਤੀ ਕਿ ਇਹ ਭਰਮ ਪੈਦਾ ਕਰ ਦਿੱਤਾ ਕਿ ਜਿੰਨ੍ਹਾਂ ਨੇ ਘਰ ਛੱਡਿਆ ਹੈ, ਅਸਲ ਵਿੱਚ ਉਹ ਮਹਾਨ ਹਨ। ਕਿਉਂਕਿ ਕਿਤੇ ਐਸਾ ਨਾ ਹੋਵੇ ਕਿ ਉਹਨਾਂ ਨੂੰ ਲੋਕ ਮੰਗਤਾ ਸਮਝ ਕੇ ਧਿੱਕਾਰ ਦੇਣ, ਆਦਰ ਨਾ ਕਰਨ, ਇਸ ਲਈ ਉਹਨਾਂ ਨੇ ਇਹ ਭਰਮ ਪੈਦਾ ਕਰ ਦਿੱਤਾ।

ਇਹ ਸੈਂਕੜੇ ਡੇਰਿਆਂ ਤੇ ਭੇਖ ਦੇ ਪ੍ਰਚੱਲਤ ਹੋਣ ਦਾ ਕਾਰਣ ਵੀ ਇਹੋ ਹੈ। ਗ੍ਰਿਹਸਤੀ ਦੇ ਮਨ ਵਿੱਚ ਇਹ ਭਰਮ ਪੈਦਾ ਕਰ ਦਿੱਤਾ ਗਿਆ ਅਤੇ ਨਾਲ ਹੀ ਇੱਕ ਕਮਜ਼ੋਰੀ ਪੈਦਾ ਕਰ ਦਿੱਤੀ ਗਈ ਕਿ ਗ੍ਰਿਹਸਤੀ ਗੁਨਾਹਗ਼ਾਰ ਹੈ। ਇਸ ਦੇ ਉਲਟ ਇਹ ਭਾਵਨਾ ਵੀ ਪੈਦਾ ਕਰ ਦਿੱਤੀ ਗਈ ਕਿ ਉਹ ਮਹਾਨ ਹਨ, ਉਹ ਰੱਬ ਨੂੰ ਮਿਲੇ ਹੋਏ ਹਨ, ਰੱਬ ਦੇ ਨੇੜੇ ਹਨ। ਇਸੇ ਲਈ ਅੱਜ ਦੀ ਦੁਨੀਆ ਵਿੱਚ ਕਿਸੇ ਮੰਗਤੇ ਨੂੰ ਵੀ ਮਾਣ ਦਿੱਤਾ ਜਾਂਦਾ ਹੈ ਅਤੇ ਉਹਨਾਂ ਨੂੰ ਮੱਥੇ ਟੇਕੇ ਜਾਂਦੇ ਹਨ। ਭਾਵੇਂ ਆਏ ਉਹ ਮੰਗਣ ਵਾਸਤੇ ਹਨ, ਪਰ ਲੋਕ ਉਹਨਾਂ ਨੂੰ ਮੱਥਾ ਟੇਕੀ ਜਾਂਦੇ ਹਨ। ਜੇ ਸਾਡੇ ਦਰਵਾਜ਼ੇ 'ਤੇ ਰਾਹ ਚਲਦਾ ਕੋਈ ਮੰਗਤਾ ਮੰਗੇ, ਤਾਂ ਅਸੀਂ ਉਸਨੂੰ ਮਾਣ ਨਹੀਂ ਦਿੰਦੇ। ਪਰ ਜੇ ਉਸੇ ਦਰਵਾਜ਼ੇ ਉੱਤੇ ਕੋਈ ਗੋਲ ਪੱਗ ਤੇ ਲੰਮਾ ਚੋਲਾ ਪਾ ਕੇ ਕੋਈ ਮੰਗਤਾ ਆ ਜਾਏ, ਤਾਂ ਅਸੀਂ ਉਸਨੂੰ ਮੱਥੇ ਟੇਕਦੇ ਹਾਂ। ਕਿਉਂਕਿ ਸਾਡੇ ਵਿੱਚ ਇਹ ਭਰਮ ਪੈਦਾ ਕਰ ਦਿੱਤਾ ਗਿਆ। ਪਰ ਗੁਰੂ ਸਾਹਿਬ ਨੇ ਇਹ ਭੁਲੇਖਾ ਦੂਰ ਕਰ ਦਿੱਤਾ:

ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥

(ਗੁ.ਗ੍ਰੰ.ਸਾ. ਪੰਨਾ : 1245)

ਜਿਹੜਾ ਗੁਰ ਪੀਰ ਸਦਵਾ ਕੇ, ਸਾਧੂ, ਬ੍ਰਹਮ ਗਿਆਨੀ, ਮਹਾਪੁਰਖ, ਰੱਬ ਦਾ ਰੂਪ ਅਖਵਾ ਕੇ, ਫਿਰ ਦਰਵਾਜ਼ੇ 'ਤੇ ਮੰਗਣ ਜਾਏ, ਤਾਂ ਉਸਨੂੰ ਕਦੇ ਮੱਥੇ ਨਾ ਟੇਕੀਂ। ਇਹ ਗੁਰੂ ਦਾ ਫ਼ੈਸਲਾ ਹੈ।

ਸਿੱਖ ਨੇ ਕਿਉਂ ਗ੍ਰਿਹਸਤੀ ਹੋਣਾ ਹੈ ? ਇਸ ਵਿਆਹ ਦੇ ਦਰਵਾਜ਼ੇ ਵਿੱਚ ਪ੍ਰਵੇਸ਼ ਕਰਕੇ, ਗ੍ਰਿਹਸਤ ਆਸ਼ਰਮ ਵਿੱਚ ਕਿਉਂ ਪੁੱਜਣਾ ਹੈ ? ਹੁਣ ਇਹ ਵਿਚਾਰ ਕਰਨੀ ਹੈ ਕਿ ਇਸ ਆਸ਼ਰਮ ਵਿੱਚ ਕੀ ਹੈ ? ਜਿਹੜੇ ਲੋਕ ਇਸ ਤੋਂ ਭੱਜੇ ਹਨ, ਉਹ ਕਿਉਂ ਭੱਜੇ ਹਨ ਅਤੇ ਗੁਰਮਤਿ ਦੀ ਦੁਨੀਆ ਵਿੱਚ ਜਦੋਂ ਵਿਆਹ 'ਅਨੰਦ ਕਾਰਜ' ਬਣ ਜਾਂਦਾ ਹੈ, ਤਾਂ ਫਿਰ ਉਸੇ ਹੀ ਆਸ਼ਰਮ ਵਿੱਚ ਉਹਨਾਂ ਨੂੰ ਕੀ ਮਿਲਦਾ ਹੈ ? ਇਹ ਦੋ ਚੀਜ਼ਾਂ ਸਾਡੇ ਸਾਹਮਣੇ ਹਨ।

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥

ਅਨੰਦ ਕਾਰਜ ਦੀ ਰਸਮ ਦੇ ਇੱਕ-ਇੱਕ ਸ਼ਬਦ ਨਾਲ ਸਾਨੂੰ "**ਗੁਰਮਤੀ ਲਾਗੇ**" ਦੀ ਗੱਲ ਸਮਝਣੀ ਹੈ। ਕਿਉਂਕਿ "ਗੁਰਮਤੀ ਲਾਗੇ" ਨਾਲ ਹੀ ਅਨੰਦ ਕਾਰਜ ਬਣਨਾ ਹੈ। ਇਸ ਨਾਲ ਹੀ ਗ੍ਰਿਹਸਤ ਸੁੱਖਾਂ ਦਾ ਸਾਨ ਬਣਦਾ ਹੈ।

ਕੁਝ ਲੋਕ ਉਹ ਹੋਏ ਜਿੰਨ੍ਹਾਂ ਨੇ ਇਸ ਅੰਦਰੋਂ ਦੌੜਨਾ ਸ਼ੁਰੂ ਕਰ ਦਿੱਤਾ ਸੀ, ਉਹਨਾਂ ਨੇ ਵਿਆਹ ਦੇ ਦਰਵਾਜ਼ੇ ਰਾਹੀਂ ਗ੍ਰਹਿਸਤ ਆਸ਼ਰਮ ਵਿੱਚ ਪ੍ਰਵੇਸ਼ ਕਰਨਾ ਤਾਂ ਕਿਤੇ ਰਿਹਾ, ਬਲਕਿ ਇਸ ਤੋਂ ਦੂਰ ਭੱਜਣਾ ਹੀ ਸ਼ੁਰੂ ਕਰ ਦਿੱਤਾ।

ਪਰ ਗੁਰੂ ਸਾਹਿਬ ਸਾਨੂੰ ਗੁਰਮਤਿ ਦਾ ਪੱਲਾ ਫੜਾ ਕੇ ਇਸ ਦੇ ਅੰਦਰ ਲਿਜਾਣਾ ਚਾਹੁੰਦੇ ਹਨ ਕਿਉਂਕਿ ਇਹ ਸੰਸਾਰ ਜਿਸਨੂੰ ਵੇਖ ਕੇ ਲੋਕ ਇਸ ਤੋਂ ਭੱਜਦੇ ਰਹੇ ਹਨ, ਇਸਨੂੰ ਉਹ ਸਮਝਾ ਦੇਣਾ ਚਾਹੁੰਦੇ ਹਨ ਕਿ :

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ।।

(ਗੁ.ਗ੍ਰੰ.ਸਾ. ਪੰਨਾ : 922)

ਜੇ ਕੋਈ ਸੰਤਾਨ ਨੂੰ ਆਪਣਾ ਪੁੱਤਰ ਸਮਝ ਕੇ ਪਾਲ ਰਿਹਾ ਹੈ, ਤਾਂ ਉਹ ਕਿਸੇ ਮੋਹ ਵਿੱਚ ਹੈ। ਪਰ ਜੇ ਉਸੇ ਹੀ ਪੁੱਤਰ ਦੀ ਪ੍ਰਿਤਪਾਲਣਾ ਕਰਨ ਲੱਗਿਆ ਉਹ ਇਹ ਸੋਚ ਰਿਹਾ ਹੈ ਕਿ ਮੇਰੇ ਰੱਬ ਨੇ ਇਹ ਜੀਵ ਮੇਰੇ ਕੋਲ ਸੇਵਾ ਲਈ ਭੇਜਿਆ ਹੈ ਤੇ ਕਿਰਪਾ ਕਰਕੇ ਮੈਨੂੰ ਇਹ ਸੇਵਾ ਬਖ਼ਸ਼ੀ ਹੈ। ਮੈਂ ਇਸਨੂੰ ਆਪਣੇ ਪੁੱਤਰ ਦੇ ਮੋਹ ਵਿੱਚ ਨਹੀਂ ਪਾਲ ਰਿਹਾ ਬਲਕਿ ਆਪਣੇ ਪ੍ਰਭੂ ਵੱਲੋਂ ਬਖ਼ਸ਼ੀ ਹੋਈ ਸੇਵਾ ਦਾ ਫ਼ਰਜ਼ ਨਿਭਾ ਰਿਹਾ ਹਾਂ, ਤਾਂ ਉਹ ਪੁੱਤਰ ਦੀ ਪਾਲਨਾ ਵੀ ਇੱਕ ਭਗਤੀ ਬਣ ਜਾਏਗੀ। ਪਾਲਨਾ ਭਾਵੇਂ ਪੁੱਤਰ ਦੀ ਹੀ ਹੋ ਰਹੀ ਹੈ, ਇੱਕ ਉਸਨੂੰ ਮੋਹ ਸਮਝ ਕੇ ਕਰ ਕਿਹਾ ਹੈ ਅਤੇ ਦੂਜਾ ਇਹ ਸੋਚ ਕੇ ਕਰ ਰਿਹਾ ਹੈ ਕਿ ਰੱਬ ਨੇ ਇਸ ਜੀਵ ਦੀ ਸੇਵਾ ਮੈਨੂੰ ਬਖ਼ਸ਼ੀ ਹੈ।

ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ।।
ਸਭਨਾ ਕਉ ਸਨਬੰਧੁ ਹਰਿ ਕਰਿ ਦੀਏ।।

(ਗੁ.ਗ੍ਰੰ.ਸਾ. ਪੰਨਾ : 494)

ਜੇ ਇਹੋ ਜਿਹੀ ਸੋਚ ਹੋ ਜਾਏ, ਤਾਂ ਭਾਵੇਂ ਕੰਮ ਉਹੀ ਹੋ ਰਿਹਾ ਹੈ ਪਰ ਅੱਗੇ ਨਾਲੋਂ ਚੰਗਾ ਹੋਏਗਾ। ਅੱਗੇ ਨਾਲੋਂ ਜ਼ਿਆਦਾ ਪਿਆਰ ਨਾਲ ਹੋਵੇਗਾ ਕਿਉਂਕਿ ਉਸਦੇ ਵਿੱਚ ਰੱਬ ਦੀ ਖ਼ੁਸ਼ੀ ਵੀ ਨਾਲ ਖਲੋਅ ਜਾਵੇਗੀ। ਫਿਰ ਉਹ ਪੁੱਤਰ ਮੋਹ ਵਿੱਚ ਕੇਵਲ ਪੁੱਤਰ ਪ੍ਰਿਤਪਾਲਣਾ ਹੀ ਨਹੀਂ ਰਹਿ ਜਾਵੇਗੀ, ਬਲਕਿ ਉਸਦੇ ਨਾਲ ਰੱਬ ਦੀ ਖ਼ੁਸ਼ੀ ਵੀ ਨਾਲ ਸ਼ੁਰੂ ਹੋ ਜਾਵੇਗੀ। ਬਸ ! ਇਹ ਰੱਬ ਦੀ ਖ਼ੁਸ਼ੀ ਹੀ ਤਾਂ ਭਗਤੀ ਹੈ।

ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ।।

ਜਿਹੜੀ ਚੀਜ਼ ਰੱਬ ਨੂੰ ਪ੍ਰਵਾਨ ਚੜ੍ਹ ਜਾਏ, ਜੋ ਪ੍ਰਭੂ ਲਈ ਕੀਤੀ ਜਾਏ, ਉਸੇ ਦਾ ਨਾਂ ਹੀ ਭਗਤੀ ਹੈ। ਫਿਰ ਉਹ ਪੁੱਤਰ ਦੀ ਪ੍ਰਿਤਪਾਲਣਾ ਵੀ ਭਗਤੀ ਬਣ ਜਾਏਗੀ।

ਇਸ ਲਈ ਜਿਥੋਂ ਲੋਕ ਭੱਜਦੇ ਸਨ, ਮਖੱਟੂ ਹੋ ਕੇ ਕੰਨ ਪੜਵਾਉਂਦੇ ਸਨ, ਗੁਰੂ ਸਾਹਿਬ ਉਸ ਗ੍ਰਹਿਸਤ ਆਸ਼ਰਮ ਵਿੱਚ ਸਾਨੂੰ ਪ੍ਰਵੇਸ਼ ਕਰਾਉਣਾ ਚਾਹੁੰਦੇ ਹਨ ਅਤੇ ਸਾਨੂੰ ਇਸ ਵਿਆਹ

ਕਾਰਜ ਰਾਹੀਂ ਆਨੰਦ ਦੇ ਉਸ ਦਰਵਾਜ਼ੇ ਵਿੱਚ ਲੈ ਜਾਣਾ ਚਾਹੁੰਦੇ ਹਨ। ਪਰ ਉਹ ਤਾਂ ਹੀ ਹੋਣਾ ਹੈ ਜੇ "ਗੁਰਮਤੀ ਲਾਗੇ" ਹੋਵਾਂਗੇ। ਇਹ ਹੀ ਫ਼ੈਸਲਾ ਸੀ।

ਅਸੀਂ ਕੇਵਲ ਅਨੰਦ ਕਾਰਜ ਦੀ ਵਿਚਾਰ ਦੀ ਬਜਾਏ ਇਹ ਵੀ ਸਮਝੀਏ ਕਿ ਆਖਰ ਉਹ ਵਿਆਹ "ਅਨੰਦ ਕਾਰਜ" ਕਿਉਂ ਪ੍ਰਵਾਨ ਹੋਇਆ ? ਗੁਰਮਤਿ ਦੀ ਦੁਨੀਆ ਵਿੱਚ ਇਸ ਦਾ ਕੀ ਸਥਾਨ ਹੈ ? ਕਿਉਂਕਿ ਜੀਵਨ ਦੇ ਇਸ ਰਸਤੇ ਦਾ ਸਾਡੇ ਸਾਰਿਆਂ ਦੇ ਜੀਵਨ ਨਾਲ ਸਬੰਧ ਹੈ। ਹਰ ਸਿੱਖ ਦੇ ਜੀਵਨ ਨਾਲ ਇਸ ਸੰਸਕਾਰ ਦਾ ਇੱਕ ਰਿਸ਼ਤਾ ਹੈ।

ਸਾਨੂੰ ਪਤਾ ਹੋਵੇ ਤੇ ਇਸ ਗੱਲ 'ਤੇ ਗੌਰਵ ਹੋਵੇ ਕਿ ਅਸੀਂ ਗ੍ਰਹਿਸਤੀ ਹਾਂ। ਕੋਈ ਸਾਨੂੰ ਕਿਸੇ ਭਰਮ ਭੁਲੇਖੇ ਵਿੱਚ ਆ ਕੇ ਆਪਣੇ ਦਰ ਦਾ ਮੰਗਤਾ ਨਾ ਬਣਾਈ ਫਿਰੇ। ਗੁਰੂ ਬਖ਼ਸ਼ਿਸ਼ ਕਰੇ ਕਿ ਅਸੀਂ ਆਪਣੇ ਗੁਰੂ ਵੱਲੋਂ ਬਖ਼ਸ਼ੇ ਹੋਏ ਜੀਵਨ ਮਿਆਰ ਨੂੰ ਸਮਝ ਸਕੀਏ ਅਤੇ ਉਸ ਉੱਤੇ ਦ੍ਰਿੜ੍ਹਤਾ ਨਾਲ ਤੁਰ ਸਕੀਏ।



ਜੋਗੀ ਭੋਗੀ ਕਾਪੜੀ

ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥
ਗੁਰ ਕਾ ਸਬਦੁ ਨ ਚੀਨ੍ਹੀ ਤਤੁ ਸਾਰੁ ਨਿਰੰਤਰ ॥

(ਗੁ.ਗ੍ਰੰ.ਸਾ. ਪੰਨਾ : 419)

ਜੋਗੀ ਭੋਗੀ ਕਾਪੜੀ

ਸਤਿਗੁਰੂ ਨੇ ਬਾਣੀ ਅੰਦਰ ਦੋ ਖ਼ਿਆਲ ਆਮ੍ਹੋ ਸਾਹਮਣੇ ਰੱਖ ਦਿੱਤੇ ਕਿ ਗੁਰਮੁਖ ਤਾਂ ਭਗਤੀ ਕਰਦਾ ਹੀ ਹੈ, ਉਸ ਤੋਂ ਇਲਾਵਾ ਮਨਮੁਖ ਵੀ ਭਗਤੀ ਕਰਦਾ ਹੈ। ਪਰ ਫਿਰ ਸੁਆਲ ਖੜ੍ਹਾ ਹੋ ਗਿਆ ਕਿ ਜਿਹੜਾ ਭਗਤੀ ਕਰਦਾ ਹੈ, ਉਹ ਮਨਮੁਖ ਕਿਵੇਂ ਹੋਇਆ ? ਮਨਮੁਖ ਵੀ ਭਗਤੀ ਕਰਦਾ ਹੈ ਪਰ ਗੁਰੂ ਵਿਹੂਣਾ ਹੋ ਕੇ, ਸ਼ਬਦ ਵਿਹੂਣਾ ਹੋ ਕੇ। ਜੇ ਕੋਈ ਗੁਰੂ ਦੇ ਸ਼ਬਦ ਨੂੰ ਨਾ ਚੀਨੇ, ਨਾ ਸਮਝੇ, ਤਤ ਸਾਰ ਨਿਰੰਤਰ ਨੂੰ ਨਾ ਸਮਝੇ, ਤਾਂ ਉਸਦੀ ਭਗਤੀ ਪਰਵਾਨ ਨਹੀਂ ਕਿਉਂਕਿ ਗੱਲ ਤਾਂ ਗੁਰਮਤਿ ਦੀ ਹੈ।

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ।।

(ਗੁ.ਗ੍ਰੰ.ਸਾ. ਪੰਨਾ : 768)

ਦੂਜੇ ਪਾਸੇ ਇਹ ਗੱਲ ਵੀ ਆਖ ਦਿੱਤੀ :

ਗੁਰਮੁਖਿ ਹਸੈ ਗੁਰਮੁਖਿ ਰੋਵੈ।।

ਜਿਹੜਾ ਗੁਰਮਤਿ ਨਾਲ ਜੁੜਿਆ ਹੋਇਆ ਹੈ, ਉਹ ਬੇਸ਼ਕ ਹੱਸਦਾ ਹੋਵੇ ਜਾਂ ਰੋਂਦਾ ਹੋਵੇ, ਉਹ ਪ੍ਰਵਾਨ ਹੈ।

ਆਖਰ ਇਹ ਗ੍ਰਿਹਸਤ ਕੀ ਹੈ, ਸੰਸਾਰ ਕੀ ਹੈ ? ਇਸ ਵਿੱਚ ਹਾਸਾ ਤੇ ਰੋਣਾ ਦੋਵੇਂ ਹਨ। ਜੋ ਕੋਈ ਵੀ ਹੱਸਦਾ ਤੇ ਰੋਂਦਾ ਹੈ, ਉਸਨੂੰ ਅਸੀਂ ਸੰਸਾਰੀ ਆਖਦੇ ਹਾਂ। ਪਰ ਨਾਲ ਹੀ :

ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ।।

(ਗੁ.ਗ੍ਰੰ.ਸਾ. ਪੰਨਾ : 1422)

ਸੋ, ਭਗਤੀ ਪ੍ਰਵਾਨ ਹੋਣ ਲਈ ਕੇਵਲ ਗੁਰਮਤਿ ਦੀ ਲੋੜ ਹੈ। ਇਸ ਲਈ ਘਰ-ਬਾਰ ਛੱਡਣ ਦੀ ਲੋੜ ਨਹੀਂ, ਬਸਤਰ ਆਦਿ ਤਿਆਗ ਕੇ ਨਾਂਗੇ ਸਾਧੂ ਬਣਨ ਦੀ ਲੋੜ ਨਹੀਂ, ਸਰੀਰ 'ਤੇ ਸੁਆਹ ਮੱਲ ਕੇ, ਜੰਗਲਾਂ ਵਿੱਚ ਬੈਠ ਕੇ ਧੂਣੀਆਂ ਤਾਪਣ ਦੀ ਲੋੜ ਨਹੀਂ। ਬੇਸ਼ਕ ਕੋਈ ਸੰਸਾਰੀ ਜਾਂ

ਗ੍ਰਿਹਸਤੀ ਹੋ ਕੇ ਜੀਅ ਰਿਹਾ ਹੋਵੇ, ਉਸ ਨਾਲ ਗੁਰਮਤਿ ਦਾ ਸਬੰਧ ਹੋਣਾ ਚਾਹੀਦਾ ਹੈ।

ਇਥੋਂ ਹੀ ਅਨੰਦ ਕਾਰਜ ਦਾ ਸਿਧਾਂਤ ਸ਼ੁਰੂ ਹੁੰਦਾ ਹੈ। ਵਿਆਹ ਸੰਸਾਰ ਅੰਦਰ ਬੜੀ ਦੇਰ ਤੋਂ, ਬੜੇ ਜੁਗਾਂ ਤੋਂ ਇੱਕ ਕਾਰਜ ਦੇ ਰੂਪ ਵਿੱਚ ਤੁਰਿਆ ਆ ਰਿਹਾ ਹੈ, ਪਰ ਇਹ ਅਨੰਦ ਕਾਰਜ ਨਹੀਂ। ਉਸੇ ਹੀ 'ਵਿਆਹ' ਸ਼ਬਦ ਨੂੰ 'ਅਨੰਦ ਕਾਰਜ' ਨਾਮ ਦੇਣਾ ਹੈ। ਪਰ ਕਿਉਂ ਦੇਣਾ ਹੈ, ਇਹ ਜਾਨਣ ਦੀ ਲੋੜ ਹੈ।

ਹਾਲਾਂਕਿ ਦੁਨੀਆ ਵੀ ਵਿਆਹ ਕਰਾਉਂਦੀ ਹੈ ਤੇ ਗੁਰੂ ਸਾਹਿਬ ਨੇ ਵੀ ਬਾਣੀ ਅੰਦਰ ਵਿਆਹ ਦੀ ਗੱਲ ਕੀਤੀ ਹੈ। ਪਰ ਫ਼ਰਕ ਸਿਰਫ਼ ਐਨਾ ਹੈ ਕਿ ਦੁਨੀਆ ਨੇ ਵਿਆਹ ਨੂੰ ਦੁੱਖ ਬਣਾ ਲਿਆ ਹੈ, ਗੁਰੂ ਸਾਹਿਬ ਨੇ ਵਿਆਹ ਨੂੰ ਅਨੰਦ ਬਣਾਉਣਾ ਹੈ। ਕਿਉਂਕਿ ਗੁਰੂ ਨਾਲ ਸਬੰਧਿਤ ਹੋਣਾ ਹੈ, "ਗੁਰਮਤੀ ਲਾਗੇ" ਹੋਣਾ ਹੈ, ਇਸ ਲਈ ਵਿਆਹ ਗੁਰਮਤਿ ਨਾਲ ਲੱਗ ਕੇ ਹੋਣਾ ਹੈ :

ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ
ਜਾਂ ਸਹੁ ਮਿਲਿਆ ਤਾਂ ਜਾਨਿਆ।।

(ਗੁ.ਗ੍ਰੰ.ਸਾ. ਪੰਨਾ : 351

ਹੁਣ ਵੇਖਣਾ ਇਹ ਹੈ ਕਿ ਪਹਿਲਾਂ ਵੀ ਵਿਆਹ ਹੁੰਦੇ ਸਨ, ਸਦੀਆਂ ਤੋਂ ਵਿਆਹ ਹੁੰਦੇ ਆਏ ਹਨ। ਆਖ਼ਰ ਉਹ ਕਿਹੜੀ ਕਮੀ ਜਾਂ ਪਰੇਸ਼ਾਨੀ ਸੀ, ਜਿਸ ਕਾਰਨ ਲੋਕ ਵਿਆਹ ਤੋਂ ਨਫ਼ਰਤ ਕਰਨ ਲੱਗ ਪਏ ਸਨ। ਉਹਨਾਂ ਨੂੰ ਬਹਾਨਾ ਮਿਲ ਗਿਆ ਸੀ ਕਿ ਗ੍ਰਿਹਸਤ ਆਸ਼ਰਮ ਨੂੰ ਪ੍ਰਵਾਨ ਨਾ ਕਰੋ, ਜੰਗਲਾਂ ਵਿੱਚ ਚਲੇ ਜਾਓ, ਦਰ-ਦਰ ਤੋਂ ਮੰਗ ਕੇ ਖਾ ਲਓ, ਬੇਘਰ ਹੋ ਕੇ ਪਹਾੜਾਂ ਦੀਆਂ ਕੰਦਰਾਂ ਵਿੱਚ ਜੀਵਨ ਬਤੀਤ ਕਰ ਲਓ, ਪਰ ਗ੍ਰਿਹਸਤੀ ਨਾ ਹੋਵੋ।

ਇਥੇ ਇਸ ਦਾ ਦੂਜਾ ਪੱਖ ਸਾਂਝਾ ਕਰਨਾ ਚਾਹੁੰਦਾ ਹਾਂ ਕਿ ਗੁਰਮਤਿ ਨੇ ਇਸ ਨਫ਼ਰਤ ਦੇ ਪਾਤਰ ਵਿਆਹ ਨੂੰ ਅਨੰਦ ਕਾਰਜ ਵਿੱਚ ਕਿਵੇਂ ਬਦਲਿਆ ਹੈ ?

ਇਸ ਦੇ ਪਿੱਛੇ ਕੁਝ ਕਾਰਣ ਸਨ। ਦੁਨੀਆ ਨੇ ਇਸ ਸੰਸਾਰ ਦੇ ਗ੍ਰਿਹਸਤ ਆਸ਼ਰਮ ਨੂੰ ਪਰੇਸ਼ਾਨੀਆਂ ਤੇ ਦੁੱਖਾਂ ਦਾ ਕਾਰਣ ਦੱਸਿਆ ਹੈ। ਗੁਰਬਾਣੀ ਨੇ ਜੀਵਨ ਦਾ ਕੋਈ ਵੀ ਪਹਿਲੂ ਹਨੇਰੇ ਵਿੱਚ ਨਹੀਂ ਰੱਖਿਆ ਅਤੇ ਹਰ ਪਹਿਲੂ ਨੂੰ ਰੌਸ਼ਨ ਕੀਤਾ ਹੈ। ਇਸ ਪਹਿਲੂ ਦਾ ਜ਼ਿਕਰ ਵੀ ਗੁਰੂ ਸਾਹਿਬ ਨੇ ਬਾਣੀ ਵਿੱਚ ਕੀਤਾ ਹੈ :

ਗਿਰਸਤ ਮਹਿ ਚਿੰਤ ਉਦਾਸ ਅਹੰਕਾਰ।।
ਕਰਮ ਕਰਤ ਜੀਅ ਕਉ ਜੰਜਾਰ।।

(ਗੁ.ਗ੍ਰੰ.ਸਾ. ਪੰਨਾ : 385)

ਗ੍ਰਿਹਸਤ ਵਿੱਚ ਤਿੰਨ ਚੀਜ਼ਾਂ ਕੰਮ ਕਰਦੀਆਂ ਹਨ - ਚਿੰਤਾ, ਉਦਾਸੀ ਤੇ ਅਹੰਕਾਰ। ਭੁੱਖ ਵੱਧ ਜਾਏ ਤਾਂ ਚਿੰਤਾ ਵੱਧ ਜਾਂਦੀ ਹੈ, ਕੁਝ ਚਲਾ ਜਾਏ ਤਾਂ ਉਦਾਸੀ ਹੋ ਜਾਂਦੀ ਹੈ ਅਤੇ ਜੇ ਕੁਝ

ਪ੍ਰਾਪਤ ਹੋ ਜਾਏ ਤਾਂ ਅਹੰਕਾਰ ਹੋ ਜਾਂਦਾ ਹੈ। ਹੁਣ ਅਹੰਕਾਰ ਜਿਹੜਾ ਹੈ, ਉਹ ਦਇਆ ਨੂੰ ਖ਼ਤਮ ਕਰਦਾ ਹੈ, ਇਸ ਨਾਲ ਜ਼ੁਲਮ ਦੀ ਪ੍ਰਵਿਰਤੀ ਆਉਂਦੀ ਹੈ। ਹੰਕਾਰੀ ਮਨੁੱਖ ਕਿਸੇ ਦੀ ਗੱਲ ਨਹੀਂ ਸੁਣਦਾ, ਉਹ ਕਿਸੇ ਦੀ ਹਾਲਤ ਨਹੀਂ ਵੇਖਦਾ। ਇਹ ਇੱਕ ਪਹਿਲੂ ਸੀ ਗ੍ਰਹਿਸਤ ਅੰਦਰ ਨਫ਼ਰਤ ਦਾ ਪਾਤਰ ਬਣਨ ਦਾ, ਕਿਉਂਕਿ ਜਿਸਦੇ ਵਿੱਚ ਨਿਰਦੈਅਤਾ ਆ ਗਈ, ਜ਼ੁਲਮ ਆ ਗਿਆ, ਉਥੇ ਅਹੰਕਾਰ ਨੇ ਆਪਣੀ ਥਾਂ ਬਣਾ ਲਈ ਅਤੇ ਪ੍ਰਧਾਨ ਪੁਰਖ ਸਮਾਜ ਵਿੱਚ ਉਸਨੇ ਆਪਣੇ ਜੀਵਨ ਸਾਥੀ ਨੂੰ ਗ਼ੁਲਾਮ ਕਰ ਲਿਆ। ਪਰ ਅਸਲ ਵਿੱਚ ਇਹ ਜੀਵਨ-ਸਾਥੀ ਧਰਮ ਦੇ ਰਾਹ ਵਿੱਚ ਇੱਕ ਬੜੀ ਪਰਿਵਰਤਨ-ਸ਼ੀਲ ਜ਼ਰੂਰਤ ਸੀ। ਇਸ ਤੋਂ ਇਲਾਵਾ ਗੁਰਮਤਿ ਦੇ ਇੱਕ ਹੋਰ ਪਹਿਲੂ ਉੱਤੇ ਹੈਰਾਨ ਹੋਈਦਾ ਹੈ। ਭਾਈ ਗੁਰਦਾਸ ਜੀ ਨੇ ਉਚਾਰਿਆ :

ਇਕ ਸਿਖ ਦੁਇ ਸਾਧ ਸੰਗ ਪੰਜੀ ਪਰਮੇਸੁਰ ।।

(ਭਾਈ ਗੁਰਦਾਸ ਜੀ, ਵਾਰ 13 ਪਉੜੀ 19)

ਇਕੱਲਾ ਜੀਅ, ਸਿੱਖ ਹੈ। ਜੇ ਦੋ ਮਿਲ ਜਾਣ ਤਾਂ ਸਾਧ ਸੰਗਤ ਬਣ ਜਾਂਦੀ ਹੈ। ਨਾਲ ਹੀ ਸਿੱਖ ਦੇ ਜੀਵਨ ਲਈ, ਧਰਮੀ ਦੇ ਜੀਵਨ ਲਈ ਸਾਧ ਸੰਗਤ ਐਨੀ ਜ਼ਰੂਰਤ ਦੀ ਚੀਜ਼ ਹੈ ਕਿ ਕੇਵਲ ਸਾਧ ਸੰਗਤ ਵਿੱਚ ਨਾਮ ਜਪਣ ਨੂੰ ਹੀ ਅਸਲ ਕਾਜ ਦਰਸਾਇਆ ਗਿਆ ਹੈ। ਸਿੱਖ ਲਈ ਸਾਧਸੰਗਤ ਇੱਕ ਜ਼ਰੂਰੀ ਵਿਸ਼ਾ ਹੈ। ਜੇਕਰ ਕਿਧਰੇ ਸਿੱਖ ਕਿਸੇ ਐਸੇ ਸ਼ਹਿਰ ਜਾਂ ਦੇਸ਼ ਵਿੱਚ ਜਾ ਕੇ ਵੱਸ ਜਾਏ ਜਿੱਥੇ ਕੋਈ ਗੁਰਦੁਆਰਾ ਨਾ ਹੋਵੇ, ਸਿੱਖਾਂ ਦੇ ਪਰਿਵਾਰ ਨਾ ਹੋਣ, ਤਾਂ ਕੀ ਉਹ ਸਾਧ-ਸੰਗਤ ਤੋਂ ਵਾਂਝਾ ਰਹਿ ਜਾਵੇਗਾ। ਇਸੇ ਲਈ ਗੁਰੂ ਸਾਹਿਬ ਸਿੱਖ ਨੂੰ ਗ੍ਰਹਿਸਤੀ ਬਣਾਉਣਾ ਚਾਹੁੰਦੇ ਹਨ। ਜਦੋਂ ਉਹ ਦੋ ਜੀਅ ਮਿਲ-ਬੈਠ ਕੇ ਰਹਿਰਾਸਿ ਦਾ ਪਾਠ ਕਰ ਲੈਣ, ਤਾਂ ਸਮਝਣ ਕਿ ਉਹ ਸਾਧ-ਸੰਗਤ ਵਿੱਚ ਬੈਠੇ ਹਨ। ਕਿਉਂਕਿ ਸਾਧ-ਸੰਗਤ ਬਣਦੀ ਹੈ ਦੋ ਨਾਲ। ਨਾਲ ਹੀ ਐਸੀ ਸਾਧ-ਸੰਗਤ ਨੂੰ ਖੋਜਣ ਲਈ ਕਿਸੇ ਗੁਰਦੁਆਰੇ ਜਾਣ ਦੀ ਲੋੜ ਵੀ ਨਹੀਂ ਪੈਂਦੀ।

ਗ੍ਰਹਿਸਤੀ ਹੋਣ ਨਾਲ ਘਰ ਦੇ ਅੰਦਰ ਹੀ ਧਰਮ ਕਮਾਉਣ ਦਾ ਇੱਕ ਸਾਧਨ ਬਣ ਜਾਂਦਾ ਹੈ। ਘਰ ਦੇ ਅੰਦਰ ਹੀ ਇੱਕ ਸਾਧਸੰਗਤ ਪੈਦਾ ਹੋ ਜਾਂਦੀ ਹੈ। ਪਰ ਇਸ ਇਕੱਤਰਤਾ ਨੂੰ, ਇਸ ਗ੍ਰਹਿਸਤ ਜੀਵਨ ਨੂੰ, ਇਸ ਇਸਤਰੀ ਤੇ ਪਤੀ ਦੇ ਮੇਲ ਨੂੰ, ਇਸ ਦੰਪਤੀ ਦੇ ਸੁਮੇਲ ਨੂੰ ਅੱਜ ਉਦਾਸੀ ਤੇ ਚਿੰਤਾ ਦਾ ਵਿਸ਼ਾ ਬਣਾ ਦਿੱਤਾ ਗਿਆ ਹੈ। ਇਸ ਵਿੱਚ ਅਹੰਕਾਰ ਆ ਗਿਆ ਹੈ ਤੇ ਇੱਕ ਦੂਜੇ ਨੂੰ ਗ਼ੁਲਾਮ ਬਣਾਉਣ ਦੀ ਪ੍ਰਵਿਰਤੀ ਬਣਾ ਲਈ ਗਈ ਹੈ। ਫਿਰ ਕੀ ਇਸ ਨਾਲ ਗ੍ਰਹਿਸਤ ਮਾੜਾ ਹੋ ਗਿਆ ?

ਗ੍ਰਹਿਸਤ ਦੋਹਾਂ ਦੇ ਸੁਮੇਲ ਤੋਂ ਹੀ ਪੈਦਾ ਹੁੰਦਾ ਹੈ। ਜੇ ਗ੍ਰਹਿਸਤ ਮਾੜਾ ਹੈ, ਤਾਂ ਇਸਦਾ ਮਤਲਬ ਹੈ ਕਿ ਦੋਵੇਂ ਹੀ ਇਸ ਮਾੜੇਪਨ ਦੇ ਜ਼ਿੰਮੇਵਾਰ ਹਨ, ਦੋਵੇਂ ਹੀ ਇਸ ਦੇ ਬੁਰੇ ਨਤੀਜਿਆਂ ਦੇ ਬਰਾਬਰ ਦੇ ਭਾਗੀਦਾਰ ਹਨ। ਪਰ ਇਸਦਾ ਕੀ ਕਾਰਣ ਹੈ ਕਿ ਗ੍ਰਹਿਸਤ ਤੋਂ ਨਫ਼ਰਤ ਕਰਨ

ਵਾਲਿਆਂ ਨੇ, ਗ੍ਰਹਿਸਤ ਤੋਂ ਪਰਹੇਜ਼ ਕਰਨ ਵਾਲਿਆਂ ਨੇ, ਕੇਵਲ ਔਰਤ ਨੂੰ ਹੀ ਇਸ ਦਾ ਦੋਸ਼ੀ ਗਰਦਾਨਿਆ ਹੈ। ਇਸ ਪੁਰਸ਼ ਪ੍ਰਧਾਨ ਸਮਾਜ ਵੱਲੋਂ, ਜਿੰਨੇ ਵੀ ਉਲ੍ਹਾਮੇ ਜਾਂ ਸ਼ਿਕਵੇ ਦਿੱਤੇ ਗਏ ਹਨ, ਉਹ ਕੇਵਲ ਔਰਤ ਨੂੰ ਹੀ ਦਿੱਤੇ ਗਏ ਹਨ। ਦੁਨੀਆ ਦੇ ਚੰਗੇ-ਚੰਗੇ ਵਿਦਵਾਨਾਂ ਨੇ ਜਦੋਂ ਆਪਣੀ ਕਲਮ ਚੁੱਕੀ ਤਾਂ ਔਰਤ ਨੂੰ ਨਿਰਾ ਧੋਖਾ ਤੇ ਝੂਠ ਦੀ ਮੂਰਤ ਤਕ ਬਿਆਨ ਕਰ ਦਿੱਤਾ। ਤੁਲਸੀਦਾਸ ਵਰਗਿਆਂ ਨੇ ਇਸਨੂੰ ਪਸ਼ੂ ਦੇ ਤੁਲ ਖੜਾ ਕਰ ਦਿੱਤਾ ਅਤੇ ਆਖ ਦਿੱਤਾ - "**ਢੋਲ ਗੰਵਾਰ ਸ਼ੂਦਰ ਪਸ਼ੂ ਨਾਰੀ, ਇਹ ਪਾਂਚੋ ਤਾੜਨ ਕੇ ਅਧਿਕਾਰੀ।**"

ਨਾਲ ਹੀ ਜੇ ਅੱਜ ਸਿੱਖ 'ਤ੍ਰਿਆ ਚਰਿਤ੍ਰ' ਵਰਗੀ ਰਚਨਾ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨ ਲੈਂਦੇ ਹਨ ਤਾਂ ਫਿਰ 'ਅਨੰਦ ਕਾਰਜ' ਦਾ ਕੋਈ ਮਕਸਦ ਨਹੀਂ ਰਹਿ ਜਾਂਦਾ। ਇਥੇ ਅਨੰਦ ਕਾਰਜ ਦੀ ਮਹਾਨਤਾ ਹੀ ਖ਼ਤਮ ਹੋ ਜਾਂਦੀ ਹੈ। ਜੋ ਸ਼ਿਕਵੇ ਜਾਂ ਉਲਾਂਭੇ ਦੂਜੇ ਧਰਮ ਦੇ ਆਗੂਆਂ ਨੇ ਇਸਤ੍ਰੀ ਪ੍ਰਤੀ ਦਿੱਤੇ ਹਨ, ਉਸ ਤੋਂ ਕਿਤੇ ਵੱਧ 'ਤ੍ਰਿਆ ਚਰਿਤ੍ਰ' ਵਿੱਚ ਦਿੱਤੇ ਗਏ ਹਨ। ਨਾਲ ਹੀ ਇਹ ਸਾਬਤ ਕੀਤਾ ਗਿਆ ਹੈ ਕਿ ਜੇ ਔਰਤ ਸੋਨੇ ਦੀ ਵੀ ਬਣ ਕੇ ਆ ਜਾਵੇ, ਗੰਗਾ ਵਰਗੀ ਪਵਿੱਤਰ ਹੋ ਕੇ ਵੀ ਆ ਜਾਏ, ਤਾਂ ਵੀ ਔਰਤ ਉੱਤੇ ਵਿਸ਼ਵਾਸ ਨਾ ਕਰਿਓ। ਕੀ ਭਲਾ ਸਿੱਖ ਨੂੰ ਗ੍ਰਹਿਸਤੀ ਬਣਾਉਣ ਵਾਲੇ, ਅਨੰਦ ਕਾਰਜ ਦਾ ਰੂਪ ਦੇਣ ਵਾਲੇ, ਗ੍ਰਹਿਸਤ ਵਿੱਚ ਅਨੰਦ ਦਾ ਘਰ ਬਣਾਉਣ ਵਾਲੇ ਗੁਰੂ ਸਾਹਿਬ ਐਸੀ ਗੱਲ ਆਖ ਸਕਦੇ ਹਨ ?

ਨਾਲ ਹੀ ਪੁਰਸ਼ ਪ੍ਰਧਾਨ ਸਮਾਜ ਨੇ ਇਸਤ੍ਰੀ ਨੂੰ ਪਸ਼ੂ ਦੇ ਤੁਲ ਬਣਾ ਦਿੱਤਾ, ਉਸ ਨੂੰ ਗ਼ੁਲਾਮੀ ਦਾ ਚਿੰਨ੍ਹ ਬਣਾ ਦਿੱਤਾ। ਬਲਕਿ ਗੁਰੂ ਪੰਥ ਨੇ ਜੋ ਇਹ ਆਖਿਆ ਸੀ ਕਿ ਬੇਟੀਆਂ ਜਾਂ ਬੱਚੀਆਂ ਦੇ ਨੱਕ-ਕੰਨ ਨਾ ਵਿੰਨ੍ਹਾਉ, ਉਸਦਾ ਕਾਰਣ ਵੀ ਇਹੀ ਸੀ ਕਿ ਨੱਕ ਤੇ ਕੰਨ ਵਿੰਨਣਾ, ਪਸ਼ੂ ਦੇ ਸਮਾਨ ਇੱਕ ਪ੍ਰਤੀਕ ਬਣ ਜਾਂਦਾ ਹੈ ਅਤੇ ਅਸੀਂ ਆਪਣੀਆਂ ਬੱਚੀਆਂ ਨੂੰ ਉਹ ਨਾ ਬਣਾਈਏ। ਅੱਜ ਵੀ ਬੈਲ ਵਰਗੇ ਪਸ਼ੂਆਂ ਨੂੰ ਬੰਨ੍ਹਣ ਲਈ ਉਸਦੇ ਨੱਕ ਵਿੱਚ ਨੱਥ ਪਾਈ ਹੁੰਦੀ ਹੈ। ਨਾਲ ਹੀ ਕੰਨਾਂ ਵਿੱਚ ਰੱਸੀਆਂ ਪਾਈਆਂ ਹੁੰਦੀਆਂ ਹਨ, ਕਿਉਂਕਿ ਇਹ ਦੋਵੇਂ ਅੰਗ ਐਸੇ ਹਨ ਜਿਹੜੇ ਬਹੁਤੀ ਪੀੜਾ ਨਹੀਂ ਸਹਾਰ ਸਕਦੇ ਅਤੇ ਇਹਨਾਂ ਨੂੰ ਬੰਨ੍ਹ ਕੇ ਪਸ਼ੂ ਨੂੰ ਆਸਾਨੀ ਨਾਲ ਕਾਬੂ ਵਿੱਚ ਰਖਿਆ ਜਾ ਸਕਦਾ ਹੈ। ਗੁਰਮਤਿ ਦੀ ਦੁਨੀਆ ਵਿੱਚ ਇਸੇ ਲਈ ਨੱਕ ਕੰਨ ਨੂੰ ਵਿੰਨ੍ਹਣ ਤੋਂ ਵਰਜਿਆ ਗਿਆ ਕਿਉਂਕਿ ਗੁਰੂ ਸਾਹਿਬ ਨਹੀਂ ਸਨ ਚਾਹੁੰਦੇ ਕਿ ਬੀਬੀਆਂ ਦਾ ਐਨਾ ਅਪਮਾਨ ਹੋਵੇ ਕਿ ਉਹਨਾਂ ਨੂੰ ਪਸ਼ੂਆਂ ਸਮਾਨ ਸਮਝਿਆ ਜਾਵੇ। ਇਸੇ ਲਈ 'ਸਿੱਖ ਰਹਿਤ ਮਰਿਆਦਾ' ਵਿੱਚ ਅੰਮ੍ਰਿਤ ਦੀ ਮਰਿਆਦਾ ਸਬੰਧੀ ਇਹ ਲਿਖਿਆ ਗਿਆ ਕਿ ਜਦੋਂ ਬੀਬੀ ਅੰਮ੍ਰਿਤ ਛਕਣ ਆਵੇ ਤਾਂ ਉਸਨੇ ਨੱਕ ਕੰਨ ਛੇਦਕ ਗਹਿਣੇ ਨਾ ਪਾਏ ਹੋਣ। ਇਹ ਇਸ ਲਈ ਕੀਤਾ ਗਿਆ ਕਿਉਂਕਿ ਗੁਰੂ ਸਾਹਿਬ ਔਰਤ ਨੂੰ ਗ਼ੁਲਾਮ ਨਹੀਂ, ਬਲਕਿ ਬਰਾਬਰ ਦਾ ਸਥਾਨ

ਦੇਣਾ ਚਾਹੁੰਦੇ ਸਨ।

ਪਰ ਦੂਜੇ ਪਾਸੇ ਔਰਤ ਨੂੰ ਮਾੜਾ ਆਖ-ਆਖ ਕੇ, ਉਸਦੀ ਜ਼ਮੀਰ ਨੂੰ ਐਨਾ ਗ਼ੁਲਾਮ ਬਣਾ ਦਿੱਤਾ ਗਿਆ ਕਿ ਉਸ ਨੇ ਗ਼ੁਲਾਮੀ ਪ੍ਰਵਾਨ ਕਰ ਲਈ। ਇਸ ਦਾ ਨਤੀਜਾ ਇਹ ਹੋਇਆ ਕਿ ਮਾਂ-ਬਾਪ ਨੇ ਵੀ ਆਪਣੀਆਂ ਬੱਚੀਆਂ ਦੀ ਗ਼ੁਲਾਮੀ ਨੂੰ ਪ੍ਰਵਾਨ ਕਰ ਲਿਆ ਅਤੇ ਇਸ ਲਈ ਉਹਨਾਂ ਨੂੰ ਗ਼ੁਲਾਮੀ ਦਾ ਜੀਵਨ ਜਿਊਣ ਲਈ ਤਿਆਰ ਕੀਤਾ ਜਾਂਦਾ। ਇਸੇ ਲਈ ਇਹ ਰਿਵਾਜ਼ ਪੈ ਗਏ ਕਿ ਬਜ਼ੁਰਗ ਆਪਣੀ ਬੱਚੀਆਂ ਨੂੰ ਚੰਗੀ ਖ਼ੁਰਾਕ ਤੇ ਵਿੱਦਿਆ ਨਹੀਂ ਦਿੰਦੇ ਸਨ। ਉਹ ਪੁੱਤਰਾਂ ਨੂੰ ਰੱਜ ਕੇ ਖੁਆਉਂਦੇ ਅਤੇ ਪੜ੍ਹਾਉਂਦੇ ਸਨ ਪਰ ਧੀਆਂ ਨੂੰ ਚੰਗੀ ਖ਼ੁਰਾਕ ਜਾਂ ਵਿੱਦਿਆ ਨਹੀਂ ਸਨ ਦਿੰਦੇ। ਬੱਚੀਆਂ ਤਨ ਦੇ ਨਾਲ-ਨਾਲ ਬੁੱਧੀ ਕਰਕੇ ਵੀ ਕਮਜ਼ੋਰ ਰਹਿ ਜਾਂਦੀਆਂ। ਇਹ ਇਸ ਕਰਕੇ ਕੀਤਾ ਜਾਂਦਾ ਕਿ ਉਹ ਆਸਾਨੀ ਨਾਲ ਗ਼ੁਲਾਮੀ ਨੂੰ ਕਬੂਲ ਕਰ ਲੈਣ। ਬੱਚੀਆਂ ਨੂੰ ਘਰੋਂ ਹੀ ਮਾਂ-ਪਿਉ ਵੱਲੋਂ ਤਿਆਰ ਕੀਤਾ ਜਾਂਦਾ ਅਤੇ ਇੱਕ ਐਸਾ ਡਰ ਦਿੱਤਾ ਜਾਂਦਾ ਕਿ ਉਹਨਾਂ ਨੇ ਦੂਜੇ ਘਰ ਜਾਣਾ ਹੈ, ਗ਼ੁਲਾਮੀ ਦਾ ਜੀਵਨ ਬਤੀਤ ਕਰਨਾ ਹੈ। ਇਸ ਲਈ ਘਰੋਂ ਹੀ ਮਨ ਪੱਕਾ ਕਰ ਦਿੱਤਾ ਜਾਂਦਾ, ਮਨ ਦੀ ਘੜਤ ਪਹਿਲਾਂ ਹੀ ਐਸੀ ਬਣਾ ਦਿੱਤੀ ਜਾਂਦੀ।

ਦੂਜੇ ਪਾਸੇ ਤਨ ਬਾਰੇ ਗੁਰੂ ਸਾਹਿਬ ਨੇ ਇਹ ਕਹਿ ਦਿੱਤਾ ਕਿ ਜਿਹੜੇ ਵਿਆਹ ਨੂੰ ਕੇਵਲ ਤਨ ਦਾ ਸਬੰਧ ਮੰਨਦੇ ਹਨ, ਉਹ :

ਕੂੜੁ ਮੀਆ ਕੂੜੁ ਬੀਬੀ ਖਪਿ ਹੋਇ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥

(ਗੁ.ਗ੍ਰੰ.ਸਾ. ਪੰਨਾ : 468)

ਸੰਸਾਰ ਅੰਦਰ ਵਿਆਹ ਇੱਕ ਤਨ ਦਾ ਸੌਦਾ ਬਣ ਕੇ ਰਹਿ ਗਿਆ ਹੈ। ਪਰ ਤਨ ਦੀ ਸੁੰਦਰਤਾ ਹਮੇਸ਼ਾ ਨਹੀਂ ਰਹਿੰਦੀ ਅਤੇ ਕੁਝ ਸਮਾਂ ਬੀਤਣ ਨਾਲ ਰਿਸ਼ਤਿਆਂ ਵਿੱਚ ਤ੍ਰੇੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਇਹ ਰਿਸ਼ਤੇ ਝੂਠੇ ਸਾਬਤ ਹੁੰਦੇ ਹਨ। ਹੁਣ ਕੂੜ ਦਾ ਕੂੜ ਨਾਲ ਨੇਹੁ ਲੱਗ ਗਿਆ। ਪਤੀ ਦਾ ਤਨ ਵੀ ਕੂੜ ਹੈ ਅਤੇ ਇਸਤਰੀ ਦਾ ਤਨ ਵੀ ਕੂੜ ਹੈ। ਨਾਲ ਹੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਬਾਣੀ ਵਿੱਚ ਇੱਕ ਹੋਰ ਭੇਦ ਖੋਲ੍ਹ ਦਿੱਤਾ :

ਸਾਧੋ ਇਹੁ ਤਨੁ ਮਿਥਿਆ ਜਾਨਉ ॥

(ਗੁ.ਗ੍ਰੰ.ਸਾ. ਪੰਨਾ : 1186)

ਤਨ ਮਿਥਿਆ ਹੈ ਅਤੇ ਤਨ ਦਾ ਤਨ ਨਾਲ ਰਿਸ਼ਤਾ ਕੂੜ ਹੀ ਹੋਵੇਗਾ, ਉਸਦੇ ਵਿੱਚੋਂ ਦੁਖਾਂਤ ਹੀ ਪੈਦਾ ਹੋਵੇਗਾ, ਬੇ-ਵਫ਼ਾਈਆਂ ਹੀ ਨਿਕਲਣਗੀਆਂ। ਤਨ ਕਰਕੇ ਮਿਲਾਪ ਕਦੇ ਸੁੱਖ ਨਹੀਂ ਹੁੰਦਾ, ਇਹ ਛਿਨ-ਭੰਗਰ ਹੁੰਦਾ ਹੈ। ਇਹ ਅਲਪ ਸੁੱਖ ਹੁੰਦਾ ਹੈ ਜੋ ਨਿਮਖ ਵਿੱਚ ਹੀ ਬਿਨਸ ਜਾਂਦਾ ਹੈ।

ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥

(ਗੁ.ਗ੍ਰੰ.ਸਾ. ਪੰਨਾ : 677)

ਪਰ ਨਾਲ ਹੀ ਇਸ ਕੂੜੇ ਤਨ ਦੇ ਅੰਦਰ ਇੱਕ ਰਾਮ ਵੀ ਵੱਸਦਾ ਹੈ।

ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥

(ਗੁ.ਗ੍ਰੰ.ਸਾ. ਪੰਨਾ : 1186)

ਇਹ ਹੈ ਉਹ ਸੱਚ ਦਾ ਰਿਸ਼ਤਾ ਜਿਹੜਾ ਗੁਰੂ ਸਿਖਾਉਂਦਾ ਹੈ। ਹੁਣ ਤਨ ਨਾਲ ਰਿਸ਼ਤਾ ਨਹੀਂ, ਬਲਕਿ ਉਸਦੇ ਅੰਦਰ ਜਿਹੜਾ ਰਾਮ ਵੱਸਦਾ ਹੈ, ਉਸਦੇ ਨਾਲ ਰਿਸ਼ਤਾ ਜੋੜਨਾ ਹੈ। ਹੁਣ ਜੇ ਪਤੀ ਇਸਤਰੀ ਵਿੱਚ ਰਾਮ ਨੂੰ ਵੇਖੇ, ਪਛਾਣ ਲਏ ਅਤੇ ਇਸਤਰੀ ਪਤੀ ਵਿੱਚ ਰਾਮ ਨੂੰ ਵੇਖ ਕੇ ਪਛਾਣ ਲਏ, ਤਾਂ ਫਿਰ ਵਫ਼ਾਦਾਰੀ ਸ਼ੁਰੂ ਹੋ ਜਾਂਦੀ ਹੈ। ਹੁਣ ਜਦੋਂ ਪਤੀ ਇਸਤਰੀ ਦਾ ਅਪਮਾਨ ਕਰੇ, ਤਾਂ ਇਹ ਸਮਝੇ ਕਿ ਮੈਂ ਰਾਮ ਦਾ ਅਪਮਾਨ ਕਰ ਰਿਹਾ ਹਾਂ। ਅਤੇ ਜੇ ਇਸਤਰੀ ਪਤੀ ਨਾਲ ਬੇ-ਵਫ਼ਾਈ ਕਰਦੀ ਹੈ, ਤਾਂ ਇਹ ਸਮਝੇ ਕਿ ਮੈਂ ਰਾਮ ਨਾਲ ਬੇ-ਵਫ਼ਾਈ ਕਰ ਰਹੀ ਹਾਂ। ਹੁਣ ਨਾ ਪਤੀ ਇਸਤਰੀ ਸਾਹਮਣੇ ਝੂਠ ਬੋਲ ਸਕਦਾ ਹੈ, ਤੇ ਨਾ ਹੀ ਇਸਤਰੀ ਪਤੀ ਸਾਹਮਣੇ ਝੂਠ ਬੋਲ ਸਕਦੀ ਹੈ। ਫਿਰ ਸ਼ੁਰੂ ਹੋ ਜਾਂਦੀ ਹੈ ਰਿਸ਼ਤਿਆਂ ਦੀ ਪਵਿੱਤਰਤਾਈ।

ਅੱਜ ਦੇ ਸਮਾਜ ਵਿੱਚ ਨੌਜੁਆਨ ਪੀੜ੍ਹੀ ਦੇ ਦਿਮਾਗ ਵਿੱਚ ਗੁਰਮਤਿ ਦੀ ਇਹ ਗੱਲ ਪਾਉਣ ਦੀ ਵੱਡੀ ਲੋੜ ਹੈ। ਅੱਜ ਸਾਡੇ ਸਮਾਜ ਵਿੱਚ ਵੀ ਰਿਸ਼ਤੇ ਅਸਫਲ ਹੋ ਰਹੇ ਹਨ ਅਤੇ ਇਹ ਦੁਖਾਂਤ ਸਾਡੇ ਵਿੱਚ ਵੀ ਵਾਪਰ ਰਿਹਾ ਹੈ।

ਗੁਰਮਤਿ ਵਿੱਚ ਕੇਵਲ ਮਿਲਾਪ ਹੈ, ਕੇਵਲ ਅਨੰਦ ਕਾਰਜ ਹੈ ਅਤੇ ਇਸ ਵਿੱਚ ਤਲਾਕ ਜਾਂ ਡਾਈਵੋਰਸ ਲਈ ਕੋਈ ਥਾਂ ਨਹੀਂ। ਪਰ ਇਹ ਸਾਡੇ ਵਿੱਚ ਵੀ, ਸਾਡੇ ਅਨੇਕਾਂ ਪਰਿਵਾਰਾਂ ਵਿੱਚ ਵੀ ਆ ਗਿਆ ਹੈ। ਕਿੰਨੀ ਅਜੀਬ ਗੱਲ ਹੈ ਕਿ ਜਿਹੜੇ ਲੋਕ ਅਦਾਲਤ ਜਾਂ ਕੋਰਟ ਵਿੱਚ ਵਿਆਹ ਕਰਦੇ ਹਨ, ਉਹਨਾਂ ਦਾ ਤਲਾਕ ਲੈਣ ਲਈ ਅਦਾਲਤ ਵਿੱਚ ਜਾਣਾ ਤਾਂ ਠੀਕ ਹੈ। ਪਰ ਜਿਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਨੰਦ ਕਾਰਜ ਕੀਤਾ ਹੋਵੇ, ਉਹ ਇਸ ਰਿਸ਼ਤੇ ਤੋਂ ਕਿਵੇਂ ਮੁਨਕਰ ਹੋ ਸਕਦਾ ਹੈ, ਉਸਦਾ ਤਲਾਕ ਨਹੀਂ ਹੋ ਸਕਦਾ। ਕਿਉਂਕਿ ਇਹ ਕੇਵਲ ਮਿਲਾਪ ਦੀ ਦੁਨੀਆ ਹੈ। ਅਫ਼ਸੋਸ ! ਸਾਡੇ ਅਨੇਕਾਂ ਪਰਿਵਾਰਾਂ ਵਿੱਚ ਵੀ ਇਹ ਕਮਜ਼ੋਰੀਆਂ ਆ ਗਈਆਂ ਹਨ। ਇਹ ਇਸ ਲਈ ਸਾਡੇ ਵਿੱਚ ਆ ਗਈਆਂ ਹਨ ਕਿਉਂਕਿ ਅਸੀਂ "ਗੁਰਮਤੀ ਲਾਗੇ" ਨਹੀਂ ਹੋ ਰਹੇ।

ਧਨ ਪਿਰ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥

(ਗੁ.ਗ੍ਰੰ.ਸਾ. ਪੰਨਾ : 788)

ਮੂਰਤੀ ਦਾ ਅਰਥ ਹੈ ਤਨ, ਮੂਰਤੀ ਤਨ ਦੀ ਹੁੰਦੀ ਹੈ। ਇਸ ਲਈ ਇਥੇ ਜਦੋਂ 'ਮੂਰਤੀ' ਸ਼ਬਦ

ਵਰਤਿਆ ਤਾਂ ਉਦੋਂ ਆਖਿਆ ਕਿ ਇਹ ਇੱਕ ਦੀ ਨਹੀਂ ਹੋ ਸਕਦੀ, ਬਲਕਿ "ਦੁਇ ਮੂਰਤੀ" ਅਤੇ ਦੋ ਤਨ ਕਦੇ ਇੱਕ ਨਹੀਂ ਹੋ ਸਕਦੇ। ਬੇਸ਼ਕ ਵੇਖਣ ਨੂੰ ਦੋ ਮੂਰਤਾਂ ਦਿੱਸਦੀਆਂ ਹਨ, ਪਤੀ ਤੇ ਇਸਤਰੀ, ਪਰ ਉਹਨਾਂ ਦੇ ਅੰਦਰ ਦੀ ਜੋਤ ਇੱਕ ਹੋ ਜਾਏ, ਤਾਂ ਅਸਲ ਵਿੱਚ ਵਿਆਹ ਉਹ ਹੀ ਹੈ। ਜਦੋਂ ਕੋਈ ਇਸ ਵਿਆਹ ਦੀ ਬਿਰਤੀ ਤਕ ਚਲਾ ਜਾਂਦਾ ਹੈ, ਤਾਂ ਉਸਦੇ ਵਿੱਚੋਂ ਸਾਰੀਆਂ ਬੇ-ਵਫ਼ਾਈਆਂ ਖ਼ਤਮ ਹੋ ਜਾਂਦੀਆਂ ਹਨ। ਉਦੋਂ ਔਰਤ ਕੋਈ ਵਸਤੂ ਨਹੀਂ ਰਹਿ ਜਾਂਦੀ, ਜਿਸਨੂੰ ਜਿਥੇ ਮਰਜ਼ੀ ਤੋਰ ਲਿਆ ਜਾਵੇ।

ਮਨੁੱਖ ਨੇ ਜੀਵਨ ਵਿੱਚ ਔਰਤ ਨੂੰ ਇੱਕ ਵਸਤੂ ਬਣਾ ਕੇ ਹੀ ਰੱਖ ਦਿੱਤਾ ਸੀ। ਇਸਨੂੰ ਵੀ ਉਹ ਬਾਕੀ ਚੀਜ਼ਾਂ ਵਾਂਗ ਦਾਨ ਵਿੱਚ ਦੇ ਦਿੰਦਾ ਸੀ। ਇਸੇ ਲਈ ਤਾਂ ਉਹਨਾਂ ਲੋਕਾਂ ਨੇ ਇਸ ਰਸਮ ਨੂੰ ਆਖ ਦਿੱਤਾ 'ਕੰਨਿਆ ਦਾਨ', ਕੋਈ ਜਿਸਨੂੰ ਮਰਜ਼ੀ ਇਹ ਚੀਜ਼ ਦਾਨ ਕਰ ਸਕਦਾ ਹੈ। ਇਸਦਾ ਨਤੀਜਾ ਇਹ ਨਿਕਲਿਆ ਕਿ ਔਰਤਾਂ ਵੀ ਬਾਕੀ ਵਸਤੂਆਂ ਵਾਂਗ ਦਾਨ ਹੋਣ ਲੱਗ ਪਈਆਂ।

ਅਸੁ ਦਾਨ ਗਜ ਦਾਨ ਸਿਹਜਾ ਨਾਰੀ
ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ॥

(ਗੁ.ਗ੍ਰੰ.ਸਾ. ਪੰਨਾ : 973)

ਨਾਲ ਹੀ ਜਿਵੇਂ ਕਿਸੇ ਕੋਲੋਂ ਕੋਈ ਚੀਜ਼ ਆਪਣੀ ਸ਼ਕਤੀ ਨਾਲ ਖੋਹ ਕੇ ਲੈ ਜਾਂਦਾ ਹੈ, ਉਸੇ ਤਰ੍ਹਾਂ ਔਰਤ ਵੀ ਸ਼ਕਤੀ ਨਾਲ ਖੋਹੀ ਜਾਣ ਵਾਲੀ ਵਸਤੂ ਬਣ ਕੇ ਰਹਿ ਗਈ। ਇਹ ਸਵਯੰਵਰ ਦੀ ਮਰਿਆਦਾ ਵੀ ਇਹ ਹੀ ਹੈ ਕਿ ਜਦੋਂ ਕੋਈ ਕਿਸੇ ਔਰਤ ਨੂੰ ਆਪਣੀ ਤਾਕਤ ਦਾ ਜੌਹਰ ਵਿਖਾ ਕੇ ਜਿੱਤ ਕੇ ਲੈ ਜਾਏ। ਜਿਹੜਾ ਆਪਣੀ ਤਾਕਤ ਨਾਲ ਸਫਲਤਾ ਪ੍ਰਾਪਤ ਕਰ ਲਏ, ਜਿੱਤ ਲਏ ਭਾਵ 'ਜੈ' ਹੋਵੇ ਅਤੇ ਉਸ ਜਿੱਤ ਭਾਵ ਜੈ ਦੀ ਮਾਲਾ ਬੱਚੀ ਨੂੰ ਉਸ ਵਿਅਕਤੀ ਦੇ ਗਲ ਵਿੱਚ ਪਾਉਣੀ ਹੀ ਪੈਂਦੀ ਸੀ, ਭਾਵੇਂ ਉਹ ਚੰਗਾ ਹੋਵੇ ਜਾਂ ਮਾੜਾ। ਇਹ ਹੈ ਅਸਲ ਵਿੱਚ 'ਜੈ ਮਾਲਾ'। ਜੇ ਕਦੇ ਸਵਯੰਵਰ ਵਿੱਚ ਰਾਵਣ ਧਨੁੱਖ ਨੂੰ ਤੋੜ ਦਿੰਦਾ, ਤਾਂ ਸੀਤਾ ਸ੍ਰੀ ਰਾਮਚੰਦਰ ਦੇ ਘਰ ਨਹੀਂ, ਬਲਕਿ ਲੰਕਾਪਤੀ ਰਾਵਣ ਦੇ ਘਰ ਹੋਣੀ ਸੀ।

ਸਾਨੂੰ ਮਿਥਿਹਾਸ ਦੀਆਂ ਕੁਝ ਗੱਲਾਂ ਵੇਖਣ ਨੂੰ ਮਿਲਦੀਆਂ ਹਨ, ਜਿਸ ਵਿੱਚ ਔਰਤ ਦੇ ਸਥਾਨ, ਉਸਦੇ ਮੁੱਲ ਬਾਰੇ ਪਤਾ ਲੱਗਦਾ ਹੈ। ਇਸੇ ਤਰ੍ਹਾਂ ਅਰਜੁਨ ਸਵਯੰਵਰ ਵਿੱਚ ਮੱਛੀ ਦੀ ਅੱਖ ਵਿੱਚ ਤੀਰ ਮਾਰ ਕੇ ਦਰੁਪਦ ਦੀ ਕੰਨਿਆ 'ਦਰੌਪਦੀ' ਨੂੰ ਜਿੱਤ ਕੇ ਲਿਆਉਂਦਾ ਹੈ। ਅੱਗੇ ਸਾਖੀਕਾਰ ਲਿਖਦਾ ਹੈ ਕਿ ਘਰ ਆਉਂਦਿਆਂ ਰਾਤ ਪੈ ਗਈ, ਮਾਂ ਆਰਾਮ ਕਰ ਰਹੀ ਸੀ ਅਤੇ ਪੁੱਤਰ ਦੇ ਮਨ ਵਿੱਚ ਜਿੱਤ ਦੀ ਖ਼ੁਸ਼ੀ ਦੀ ਖ਼ਬਰ ਸੁਣਾਉਣ ਦਾ ਚਾਅ ਸੀ। ਉਸਨੇ ਦਰਵਾਜ਼ੇ ਅੱਗੇ ਖਲੋਅ ਕੇ ਆਖਿਆ ਕਿ ਮਾਂ ਦਰਵਾਜ਼ਾ ਖੋਲ੍ਹ, ਵੇਖ ਮੈਂ ਕੀ ਲੈ ਕੇ ਆਇਆ ਹਾਂ। ਮਾਂ ਨੇ

ਭੋਲੇ ਭਾਅ ਆਖ ਦਿੱਤਾ ਕਿ ਹੁਣ ਇਸ ਸਮੇਂ ਦਰਵਾਜ਼ਾ ਨਾ ਖੁਲ੍ਹਵਾ, ਜੋ ਕੁਝ ਵੀ ਲਿਆਇਆ ਹੈਂ, ਉਹ ਸਾਰੇ ਭਰਾ ਆਪਸ ਵਿੱਚ ਵੰਡ ਲਓ। ਬਸ ! ਉਹ ਪੰਜ ਭਰਾ ਸਨ, ਇਸ ਲਈ ਦਰੋਪਦੀ ਹੁਣ 'ਪੰਚਾਲੀ' ਹੋ ਗਈ। ਉਹ ਵਸਤੂ ਹੋਣ ਕਰਕੇ ਆਪਣਾ ਕੋਈ ਫ਼ੈਸਲਾ ਲਾਗੂ ਨਹੀਂ ਕਰ ਸਕਦੀ ਸੀ, ਆਪਣਾ ਕੋਈ ਵਿਚਾਰ ਨਹੀਂ ਰੱਖ ਸਕਦੀ ਸੀ। ਅੱਗੇ ਜਦੋਂ ਧਰਮ ਪੁੱਤਰ ਯੁਧਿਸ਼ਟਰ ਉਸੇ ਪੰਚਾਲੀ ਨੂੰ ਹਾਰ ਗਿਆ, ਤਾਂ ਪੂਰੀ ਸਭਾ ਵਿੱਚ ਪੰਜੇ ਪਾਂਡਵ ਉਸਦੀ ਬੇਪਤੀ ਹੁੰਦੇ ਵੇਖਦੇ ਰਹੇ। ਕਿਉਂਕਿ ਹੁਣ ਉਹ ਉਸ ਵਸਤੂ ਭਾਵ ਦਰੋਪਦੀ ਨੂੰ ਹਾਰ ਚੁੱਕੇ ਸਨ, ਇਸ ਲਈ ਖ਼ਾਮੋਸ਼ ਖੜੇ ਵੇਖ ਰਹੇ ਸਨ। ਨਾਲ ਹੀ ਉਹ ਹਾਰੀ ਗਈ ਵਸਤੂ ਵੀ ਇਹ ਨਹੀਂ ਕਹਿ ਸਕਦੀ ਸੀ ਕਿ ਤੈਨੂੰ ਕੀ ਹੱਕ ਸੀ, ਤੂੰ ਮੈਨੂੰ ਹਾਰ ਕੇ ਆ ਜਾਵੇਂ। ਬਸ ! ਇਹ ਮੁੱਲ ਸੀ ਇਸ ਇਸਤਰੀ ਦਾ ਸਮਾਜ ਵਿੱਚ।

ਗੁਰਮਤਿ ਨੇ ਇਸਤਰੀ ਜਾਤੀ ਨੂੰ ਇਸ ਥਾਂ ਤੋਂ, ਇਸ ਜਿੱਲਤ ਤੋਂ ਕੱਢਿਆ ਤੇ ਆਖਿਆ ਕਿ ਇਹ ਜੋਤ ਦਾ ਵਿਆਹ ਹੈ, ਨਾ ਕਿ ਦੋ ਕਾਇਆ ਦਾ। ਇਹ ਦੋ ਸਰੀਰਾਂ ਦਾ ਸੁਮੇਲ ਨਹੀਂ, ਕਿਉਂਕਿ ਸਰੀਰ ਝੂਠ ਹੈ ਅਤੇ ਝੂਠ ਦੇ ਆਧਾਰ 'ਤੇ ਖੜੀ ਕੀਤੀ ਗਈ ਇਮਾਰਤ ਕਦੇ ਨਹੀਂ ਟਿੱਕਦੀ। ਖ਼ੁਦਗ਼ਰਜ਼ੀ ਤੇ ਜ਼ੁਲਮ 'ਤੇ ਖੜੀ ਇਮਾਰਤ ਕਦੇ ਸਫਲ ਨਹੀਂ ਹੁੰਦੀ। ਇਸੇ ਹੀ ਅਸਫਲਤਾ ਤੋਂ ਘਬਰਾ ਕੇ ਕੁਝ ਲੋਕ ਇਸ ਗ੍ਰਹਿਸਤ ਆਸ਼ਰਮ ਤੋਂ ਨਫ਼ਰਤ ਕਰਨ ਲੱਗ ਪਏ ਸਨ।

ਗੁਰੂ ਸਾਹਿਬ ਨੇ ਆਖਿਆ ਕਿ ਮੈਂ ਇਸ ਆਸ਼ਰਮ ਨੂੰ ਸੱਚ ਦੀ ਬੁਨਿਆਦ 'ਤੇ ਖੜਾ ਕਰਨਾ ਚਾਹੁੰਦਾ ਹਾਂ, ਤਾਂ ਕਿ ਗ੍ਰਹਿਸਤ ਵਿੱਚ ਕੋਈ ਅਨੰਦ ਪ੍ਰਾਪਤ ਕਰ ਸਕੇ। ਪਰ ਇਸਦਾ ਤਰੀਕਾ ਇਕੋ ਹੈ ਕਿ ਉਹ ਗ੍ਰਹਿਸਤੀ ਗੁਰਮਤਿ ਨਾਲ ਜੁੜ ਜਾਏ।

ਸਿੱਖ ਦਾ ਜੀਵਨ ਦਰਿਆ ਦੇ ਦੋ ਕਿਨਾਰਿਆਂ ਵਾਂਗ ਹੈ, ਇੱਕ ਪਾਸੇ ਰਜ਼ਾ ਹੈ ਤੇ ਦੂਜੇ ਪਾਸੇ ਰਹਿਮਤ। ਜੇ ਕੁਝ ਮਿਲ ਜਾਏ ਤਾਂ ਉਹ ਅਹੰਕਾਰ ਨਾ ਕਰੇ, ਉਸਦੀ ਰਹਿਮਤ ਨੂੰ ਜਾਣੇ, ਉਸਦੇ ਹੁਕਮ ਨੂੰ ਸੱਤ ਕਰਕੇ ਮੰਨੇ। ਹੁਕਮ ਇੱਕ ਐਸਾ ਸ਼ਬਦ ਹੈ ਜਿਹੜਾ ਗੁਰੂ ਨਾਨਕ ਸਾਹਿਬ ਨੇ ਸਿੱਖ ਨੂੰ ਮੁੱਢਲੇ ਰੂਪ ਵਿੱਚ ਦੇ ਦਿੱਤਾ। ਜਿਸ ਵੇਲੇ ਸਿੱਖ ਗੁਰਮਤਿ ਦੇ ਦੱਸੇ ਹੋਏ ਹੁਕਮ ਦੇ ਘੇਰੇ ਵਿੱਚ ਆ ਜਾਂਦਾ ਹੈ, ਉਦੋਂ ਗ੍ਰਹਿਸਤ ਆਸ਼ਰਮ ਦੇ ਸਭ ਤੋਂ ਵੱਡੇ ਦੁਖਾਂਤ - "ਗਿਰਸਤ ਮਹਿ ਚਿੰਤ ਉਦਾਸ ਅਹੰਕਾਰ" - ਇਹ ਤਿੰਨੇ ਚੀਜ਼ਾਂ ਖ਼ਤਮ ਹੋ ਜਾਂਦੀਆਂ ਹਨ। ਜਦੋਂ ਗ੍ਰਹਿਸਤ ਵਿਚੋਂ ਇਹ ਤਿੰਨੇ ਚੀਜ਼ਾਂ ਖ਼ਤਮ ਹੋ ਜਾਂਦੀਆਂ ਹਨ, ਤਾਂ ਕੇਵਲ ਤੇ ਕੇਵਲ ਅਨੰਦ ਹੀ ਬਾਕੀ ਰਹਿ ਜਾਂਦਾ ਹੈ। ਪਰ ਇਹ ਮਿਲਦਾ ਹੈ ਕੇਵਲ ਗੁਰਮਤਿ ਦੁਆਰਾ।

ਇਸ ਲਈ ਗੁਰਮਤਿ ਦੇ ਘੇਰੇ ਵਿੱਚ ਆਉਣ ਵਾਲੇ ਪਰਿਵਾਰਾਂ, ਗ੍ਰਹਿਸਤ ਪਰਿਵਾਰਾਂ ਨੂੰ ਪਤਾ ਹੋਵੇ ਕਿ ਇਥੇ ਇੱਕ-ਦੂਜੇ ਦੀ ਪਛਾਣ ਦਾ ਨਾਮ ਹੀ ਵਿਆਹ ਹੈ। ਇਥੇ ਕੋਈ 'ਜੈ ਮਾਲਾ'

ਨਹੀਂ ਹੈ ਕਿ ਤੂੰ ਮੈਨੂੰ ਜਿੱਤ ਲਿਆ ਤੇ ਮਾਲਾ ਪਾ ਦਿੱਤੀ। ਬਲਕਿ ਇਥੇ ਤਾਂ ਬੱਚੀਆਂ ਨੂੰ ਮਜ਼ਬੂਤ ਹੋਣਾ ਚਾਹੀਦਾ ਹੈ ਕਿ ਜੇ ਮਾਂ-ਪਿਉ ਜਾਂ ਕੋਈ ਰਿਸ਼ਤੇਦਾਰ ਕਿਸੇ ਰਸਮੋ-ਰਿਵਾਜ਼ ਕਰਕੇ 'ਜੈ ਮਾਲਾ' ਲਈ ਆਖਣ, ਤਾਂ ਬੱਚੀਆਂ ਆਪ ਆਖਣ ਕਿ ਮੈਂ ਗ਼ੁਲਾਮੀ ਦਾ ਚਿੰਨ੍ਹ ਨਹੀਂ, ਮੈਂ ਇਹ ਰਸਮ ਨਹੀਂ ਕਰਨੀ। ਸਿੱਖ ਪਰਿਵਾਰਾਂ ਵਿੱਚ 'ਜੈ ਮਾਲਾ' ਲਈ ਕੋਈ ਥਾਂ ਨਹੀਂ ਹੈ। ਬਲਕਿ ਇਥੇ ਤਾਂ :

ਜੋ ਦਿਲ ਮਿਲਿਆ ਸੁ ਮਿਲਿ ਰਹਿਆ ਮਿਲੀਆ ਕਹੀਐ ਰੇ ਸੋਈ॥
ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ॥

(ਗੁ.ਗ੍ਰੰ.ਸਾ. ਪੰਨਾ : 725)

ਇਥੇ ਤਾਂ ਆਤਮਾਵਾਂ ਦਾ ਮੇਲ ਹੈ, ਰੂਹਾਂ ਦਾ ਮੇਲ ਹੈ, ਜੋਤ ਦਾ ਸੁਮੇਲ ਹੈ, ਵਿਚਾਰਧਾਰਾਵਾਂ ਦਾ ਸੁਮੇਲ ਹੈ। ਇਹ ਹੀ ਜੀਵਨ ਦਾ ਅਨੰਦ ਬਣਦਾ ਹੈ ਜੋ ਗੁਰਮਤਿ ਰਾਹੀਂ ਮਿਲਦਾ ਹੈ।

ਅਨੰਦ ਕਾਰਜ





ਪ੍ਰੋ. ਦਰਸ਼ਨ ਸਿੰਘ ਖ਼ਾਲਸਾ



ਕੁੜਮੁ ਕੁੜਮਾਈ ਆਇਆ

ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ।।
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ।।
ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ।।
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ।।
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ।।
ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ।। ੨।।

(ਗੁ.ਗ੍ਰੰ.ਸਾ. ਪੰਨਾ : 773)

ਕੁੜਮੁ ਕੁੜਮਾਈ ਆਇਆ

ਵਿਆਹ ਕਾਰਜ ਦਾ ਪਹਿਲਾ ਸਮਾਗਮ ਕੁੜਮਾਈ ਹੈ, ਜਿਸਦਾ ਜ਼ਿਕਰ ਗੁਰਬਾਣੀ ਵਿੱਚ ਵੀ ਕੀਤਾ ਕਿਆ ਹੈ। ਸੋ, ਇਸ ਉੱਤੇ ਕੁਝ ਵਿਚਾਰ ਕਰਨੀ ਜ਼ਰੂਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰੱਬੀ ਆਦਰਸ਼ਕ ਘੇਰੇ ਦਾ ਵਾਤਾਵਰਣ ਹੈ, ਉਸ ਦਾ ਸਰੂਪ ਹੈ। ਜਦੋਂ ਸੰਸਾਰ ਨਿਰੰਕਾਰ ਨਾਲ ਰੱਬੀ ਵਾਤਾਵਰਣ ਵਿੱਚ ਜਾਂਦਾ ਹੈ, ਉਦੋਂ ਹੀ ਅਨੰਦ ਬਣਦਾ ਹੈ।

ਜਿੱਥੇ ਸੰਸਾਰ ਕਲੇਸ਼ ਹੈ, ਉਥੇ ਗੁਰੂ ਸਾਹਿਬ ਨੇ ਸੰਸਾਰ ਨੂੰ 'ਸਹਰ ਮੇਲਾ' ਆਖ ਦਿੱਤਾ, ਕੂੜ ਆਖ ਦਿੱਤਾ। ਨਾਲ ਹੀ ਗੁਰੂ ਦਾ ਕੰਮ ਹੈ ਉਸ ਕੂੜ ਨੂੰ ਸੱਚ ਵਿੱਚ ਬਦਲਣਾ। ਪਰ ਇਹ ਬਦਲਣਾ ਕਿਵੇਂ ਹੈ ? ਇਹ ਬਦਲਣਾ ਹੈ ਪਿਉਂਦ ਚੜ੍ਹਾ ਕੇ, ਗੁਰਮਤਿ ਦੀ ਪਿਉਂਦ ਨਾਲ ਕੂੜੇ ਸੰਸਾਰ ਨੂੰ ਸੱਚ ਨਾਲ ਪਿਉਂਦ ਕਰਨ ਨਾਲ, ਤਾਂ ਕਿ ਉਸ ਵਿੱਚੋਂ ਕੂੜ ਦਾ ਸੁਆਦ ਖ਼ਤਮ ਹੋ ਜਾਏ।

ਜਦੋਂ ਕਿਸੇ ਬੂਟੇ ਨੂੰ ਦੂਜੇ ਨਾਲ ਪਿਉਂਦ ਕਰਦੇ ਹਾਂ, ਤਾਂ ਇਹੋ ਕੁਝ ਬਦਲਦਾ ਹੈ। ਉਸਦੇ ਅੰਦਰਲਾ ਸੁਆਦ ਬਦਲ ਜਾਂਦਾ ਹੈ, ਉਸਦਾ ਰੰਗ ਰੂਪ ਆਕਾਰ ਸਭ ਬਦਲ ਜਾਂਦਾ ਹੈ। ਇਸੇ ਤਰ੍ਹਾਂ ਜੇ ਸੱਚ ਦੀ ਸੰਸਾਰ ਨਾਲ ਪਿਉਂਦ ਹੋ ਜਾਏ ਤਾਂ ਦੁਨੀਆ ਦਾ ਸੁਆਦ ਵੀ ਬਦਲ ਜਾਂਦਾ ਹੈ। ਫਿਰ ਦੁਨੀਆ ਦਾ ਸੁਭਾਅ ਬਦਲ ਜਾਂਦਾ ਹੈ ਤੇ ਉਸ ਦਾ ਰੂਪ ਰੰਗ ਵੀ ਬਦਲ ਜਾਂਦਾ ਹੈ। ਬਾਬਾ ਕਬੀਰ ਜੀ ਨੇ ਵੀ ਬਾਣੀ ਵਿੱਚ ਇਹੋ ਵਿਚਾਰ ਦਿੱਤੀ :

ਗੰਗਾ ਕੈ ਸੰਗਿ ਸਲਿਤਾ ਬਿਗਰੀ।।
ਸੋ ਸਲਿਤਾ ਗੰਗਾ ਹੋਇ ਨਿਬਰੀ।।

ਸਭ ਕੁਝ ਬਦਲ ਗਿਆ ਅਤੇ :

ਸੰਤਨ ਸੰਗਿ ਕਬੀਰਾ ਬਿਗਰਿਓ॥ ਸੋ ਕਬੀਰੁ ਰਾਮੈ ਹੋਇ ਨਿਬਰਿਓ॥

(ਗੁ.ਗ੍ਰੰ.ਸਾ. ਪੰਨਾ : 1158)

ਆਖਰ ਉਹ ਇਸ ਸੰਸਾਰ ਵਿੱਚ ਹੀ ਪੈਦਾ ਹੋਏ, ਇਸੇ ਦੁਨੀਆ ਦਾ ਹਿੱਸਾ ਹਨ ਪਰ ਪਿਉਂਦ ਚੜ੍ਹ ਗਿਆ।

ਗੁਰੂ ਇੱਕ ਐਸਾ ਮਾਲੀ ਹੈ ਜਿਹੜਾ ਕੂੜ ਦੇ ਸੰਸਾਰ ਨੂੰ ਸੱਚ ਨਾਲ ਪਿਉਂਦ ਕਰਦਾ ਹੈ, ਸੰਸਾਰ ਨੂੰ ਨਿਰੰਕਾਰ ਨਾਲ ਪਿਉਂਦ ਕਰਦਾ ਹੈ ਤੇ ਜੋੜਦਾ ਹੈ। ਪਰ ਇਹ ਜੋੜਨ ਵਾਲਾ ਕੀ ਹੁੰਦਾ ਹੈ ? ਜੋੜਨ ਵਾਲਾ ਹੁੰਦਾ ਹੈ - ਵਿਚੋਲਾ। ਗੁਰੂ ਨੇ ਜਦੋਂ ਸੰਸਾਰ ਨੂੰ ਨਿਰੰਕਾਰ ਨਾਲ ਜੋੜਿਆ ਹੈ, ਉਸ ਆਤਮਾ ਤੇ ਪਰਮਾਤਮਾ ਦੇ ਸੁਮੇਲ ਵਿੱਚੋਂ ਜਿਹੜਾ ਸੰਸਾਰ ਨੂੰ ਅਨੰਦ ਮਿਲਿਆ ਹੈ, ਉਸੇ ਅਨੰਦ ਦੀ ਪ੍ਰੇਰਣਾ ਵਿੱਚ ਅਸੀਂ ਗ੍ਰਹਿਸਤ ਨੂੰ ਅਨੰਦ ਬਣਾਉਣਾ ਹੈ। ਜਿਵੇਂ ਕਈਆਂ ਨੇ ਆਖ ਦਿੱਤਾ ਕਿ ਸੰਸਾਰ ਕੂੜ ਹੈ, ਪਰ ਗੁਰੂ ਨੇ ਉਸ ਸੰਸਾਰ ਨੂੰ ਨਿਰੰਕਾਰ ਨਾਲ ਪਿਉਂਦ ਕਰ ਦਿੱਤਾ। ਇਸੇ ਤਰ੍ਹਾਂ ਸੰਸਾਰ ਦੇ ਅੰਦਰ ਗ੍ਰਹਿਸਤ ਵੀ ਇੱਕ ਐਸਾ ਵਾਤਾਵਰਣ ਹੈ, ਇੱਕ ਐਸਾ ਅਦਾਰਾ, ਆਸ਼ਰਮ ਜਾਂ ਖਿੱਤਾ ਹੈ ਜਿਸਨੂੰ ਲੋਕ ਕੁਝ ਨਹੀਂ ਜਾਂ ਕਲੇਸ਼ ਆਖਦੇ ਹਨ ਅਤੇ ਇਸ ਲਈ ਤਿਆਗ ਰਹੇ ਹਨ। ਗੁਰੂ ਸਾਹਿਬ ਨੇ ਉਸੇ ਗ੍ਰਹਿਸਤ ਨੂੰ ਰਹਿਮਤ ਕਰਕੇ, ਉਸ ਰੱਬੀ ਉਦਾਹਰਣ ਦੇ ਮੁਤਾਬਿਕ ਸੱਚ ਜਾਂ ਗੁਣਾਂ ਨਾਲ ਪਿਉਂਦ ਕਰ ਦਿੱਤਾ ਅਤੇ ਹੁਣ ਉਹ ਹੀ ਗ੍ਰਹਿਸਤ 'ਅਨੰਦ ਕਾਰਜ' ਬਣ ਗਿਆ, ਅਨੰਦ ਬਣ ਗਿਆ। ਪਰ ਇਹ ਪ੍ਰੇਰਣਾ ਉਸ ਸੰਸਾਰ ਤੇ ਨਿਰੰਕਾਰ, ਆਤਮਾ ਤੇ ਪਰਮਾਤਮਾ ਦੇ ਸੁਮੇਲ ਦੀ ਅਗਵਾਈ ਤੋਂ ਬਣੀ।

ਅੱਜ ਦੇ ਸਾਇੰਸਦਾਨ ਵੀ ਕਈ ਵਾਰ ਇੱਕ ਤੋਂ ਦੂਜੀ ਚੀਜ਼ ਦੀ ਕਾਢ ਕੱਢਦੇ ਹਨ। ਉਹ ਤਜਰਬੇ ਕਰਦੇ ਹਨ ਕਿ ਜੇ ਇਹ ਹੋ ਸਕਦਾ ਹੈ, ਤਾਂ ਫਿਰ ਇਸ ਤਰ੍ਹਾਂ ਕਿਉਂ ਨਹੀਂ ਹੋ ਸਕਦਾ। ਅਸੀਂ ਵੀ ਗੁਰੂ ਕੋਲੋਂ ਇੱਕ ਪ੍ਰੇਰਣਾ ਲੈਣੀ ਹੈ। ਜੇ ਸਤਿਗੁਰੂ ਦੀ ਅਗਵਾਈ ਵਿੱਚ ਸੰਸਾਰ ਅਨੰਦ ਬਣ ਸਕਦਾ ਹੈ, ਇਹ ਨਿਰੰਕਾਰ ਦਾ ਸਰੂਪ ਬਣ ਸਕਦਾ ਹੈ, ਤਾਂ ਫਿਰ ਉਸਦੀ ਅਗਵਾਈ ਵਿੱਚ ਇਹ ਗ੍ਰਹਿਸਤ ਜਿਸਨੂੰ ਦੋਜ਼ਖ਼ ਆਖਿਆ ਗਿਆ ਹੈ, ਰੱਬੀ ਰਾਹ ਦਾ ਰੋੜਾ ਆਖਿਆ ਗਿਆ ਹੈ, ਇਹ ਅਨੰਦ ਕਿਉਂ ਨਹੀਂ ਬਣ ਸਕਦਾ ? ਇਹ ਬਿਲਕੁਲ ਐਸਾ ਬਣ ਸਕਦਾ ਹੈ ਪਰ ਇਸ ਪ੍ਰੇਰਣਾ ਲਈ ਗੁਰੂ ਰੂਪੀ ਵਿਚੋਲੇ ਦੀ ਲੋੜ ਹੈ।

ਸਤੁ ਸੰਤੋਖੁ ਕਰਿ ਭਾਉ
ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ॥

ਇਹ 'ਕੁੜਮ' ਸ਼ਬਦ ਕੁਟੰਬ ਤੋਂ ਬਣਿਆ ਹੈ ਅਤੇ ਲਹਿੰਦੇ ਪੰਜਾਬ ਦੀ ਬੋਲੀ ਵਿੱਚ ਇਸਨੂੰ ਕੋੜਮਾਂ ਵੀ ਆਖਦੇ ਹਨ। ਕੋੜਮਾਂ ਦਾ ਮਤਲਬ ਹੁੰਦਾ ਹੈ ਕੁਟੰਬ, ਪਰਿਵਾਰ, ਖ਼ਾਨਦਾਨ। ਇਸ 'ਕੁੜਮ' ਸ਼ਬਦ ਵਿੱਚੋਂ ਇੱਕ ਸੂਖਮ ਜਿਹੀ ਭੇਦ ਵਾਲੀ ਗੱਲ ਨਿਕਲਦੀ ਹੈ। ਇਸਦਾ ਮਤਲਬ

ਇਹ ਹੈ ਕਿ ਰਿਸ਼ਤੇ ਨਾਤਿਆਂ ਨੂੰ ਜੋੜਨ ਲਈ ਮਾਂ, ਪਿਉ, ਕੁਟੰਬ, ਪਰਿਵਾਰ ਦੀ ਲੋੜ ਹੈ। ਪਰ ਅੱਜ ਦੇ ਯੁਗ ਵਿੱਚ ਬੱਚੇ ਇਸ ਗੱਲ ਨੂੰ ਬਿਲਕੁਲ ਹੀ ਭੁੱਲ ਰਹੇ ਹਨ। ਉਹ ਕਹਿੰਦੇ ਹਨ ਕਿ ਫ਼ੈਸਲਾ ਅਸੀਂ ਆਪ ਕਰਾਂਗੇ ਅਤੇ ਜਿੰਨ੍ਹਾਂ ਨੇ ਪਾਲਿਆ ਪੋਸਿਆ ਹੈ, ਉਹ ਬਜ਼ੁਰਗ ਸਾਡੇ ਫ਼ੈਸਲੇ ਵਿੱਚ ਕਿਉਂ ਆਉਣ ? ਇਸ ਸੂਖਮ ਜਿਹੀ ਗੱਲ ਨੂੰ ਸਮਝਣ ਦੀ ਲੋੜ ਹੈ।

ਜੀਵ, ਆਤਮਾ ਤੇ ਪਰਮਾਤਮਾ ਦੇ ਮੇਲ ਦੀ ਕਹਾਣੀ ਹੈ। ਪਰ ਜੀਵ ਆਪ ਨਹੀਂ ਫ਼ੈਸਲਾ ਲੈ ਰਿਹਾ ਕਿ ਮੈਂ ਰੱਬ ਨੂੰ ਕਿਵੇਂ ਮਿਲਣਾ ਹੈ ? ਇਹ ਫ਼ੈਸਲਾ ਗੁਰੂ ਕਰ ਰਿਹਾ ਹੈ ਅਤੇ ਗੁਰੂ ਕੌਣ ਹੈ ?

ਪ੍ਰਭੂ ਮਿਲਾਪ ਲਈ ਸ਼ਬਦ ਗੁਰੂ ਮਾਤਾ-ਪਿਤਾ ਹੈ - "ਗੁਰਦੇਵ ਮਾਤਾ ਗੁਰਦੇਵ ਪਿਤਾ" - ਗੁਰੂ ਤੁਹਾਡਾ ਪਰਿਵਾਰ ਹੈ, ਸੰਸਾਰਕ ਰਿਸ਼ਤੇ ਦੇ ਮਿਲਾਪ ਲਈ ਗੁਰੂ ਤੁਹਾਡੇ ਮਾਂ-ਪਿਉ ਹਨ। ਜੋ ਤੁਹਾਡੀ ਭਲਾਈ ਦਾ ਫ਼ੈਸਲਾ ਇਹ ਆਪਣੇ ਜੀਵਨ ਦੇ ਤਜ਼ਰਬੇ ਨਾਲ ਕਰਨਗੇ, ਉਹ ਤੁਹਾਡੇ ਅਨਜਾਣ ਫ਼ੈਸਲੇ ਸਾਹਮਣੇ ਕੁਝ ਨਹੀਂ। ਜੁਆਨੀ ਦੀ ਉਮਰ ਐਸੀ ਹੁੰਦੀ ਹੈ ਜਿਸਦੇ ਵਿੱਚ ਜੋਸ਼ ਹੁੰਦਾ ਹੈ, ਵਿਚਾਰ ਨਹੀਂ ਹੁੰਦੀ। ਆਮ ਇਹ ਕਿਹਾ ਜਾਂਦਾ ਹੈ ਕਿ ਭਲਿਆ ! ਜੋਸ਼ ਨਾਲ ਨਹੀਂ ਬਲਕਿ ਹੋਸ਼ ਨਾਲ ਕੰਮ ਲੈ। ਬਾਣੀ ਵਿੱਚ ਵੀ ਜੀਵਨ ਦੇ ਇਸ ਦੂਜੇ ਪਹਿਰ ਜੋਬਨ ਜਾਂ ਜੁਆਨੀ ਬਾਰੇ ਕਿਹਾ ਗਿਆ ਹੈ :

ਦੂਜੇ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਭਰਿ ਜੁਆਨੀ ਲਹਰੀ ਦੇਇ।।

(ਗੁ.ਗ੍ਰੰ.ਸਾ. ਪੰਨਾ : 77)

ਜੁਆਨੀ ਲਹਿਰਾਂ ਹਨ ਜਿਹੜੀ ਬੰਨ੍ਹੇ ਤੋੜ ਕੇ, ਹੜ ਬਣ ਕੇ ਬਰਬਾਦ ਕਰ ਦਿੰਦੀ ਹੈ ਤੇ ਆਪਣੇ ਭਵਿੱਖ ਦਾ ਚੰਗਾ-ਮੰਦਾ ਨਹੀਂ ਪਛਾਣ ਸਕਦੀ। ਫਿਰ ਉਸ ਜੋਬਨ ਦੇ ਜੋਸ਼ ਵਿੱਚ ਹੁੰਦਾ ਕੀ ਹੈ ?

ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ
ਮਨੁ ਮਤਾ ਅਹੰਮੇਇ।।

(ਗੁ.ਗ੍ਰੰ.ਸਾ. ਪੰਨਾ : 77)

ਹਰ ਬੱਚੇ ਨੂੰ ਬਾਣੀ ਦੇ ਇਹ ਫ਼ੈਸਲੇ ਸਮਝ ਲੈਣੇ ਚਾਹੀਦੇ ਹਨ। ਅਸੀਂ ਸਮਾਜ ਦੀਆਂ ਕੁਝ ਗੱਲਾਂ ਗੁਰਮਤਿ ਦੀ ਪ੍ਰੇਰਨਾ ਵਿੱਚੋਂ ਲੈਣੀਆਂ ਹਨ। ਇਸ ਉਮਰ ਵਿੱਚ ਮਨ ਕਿਸੇ ਅਹੰਕਾਰ ਵਿੱਚ ਅਤੇ ਜੁਆਨੀ ਦੀ ਮਸਤੀ ਵਿੱਚ ਹੁੰਦਾ ਹੈ। ਉਹ ਆਪਣਾ ਜਾਂ ਆਪਣੇ ਪਰਿਵਾਰ ਦਾ ਬੁਰਾ-ਭਲਾ ਨਹੀਂ ਸੋਚ ਸਕਦਾ। ਅਸੀਂ ਅੱਜ ਦੀ ਦੁਨੀਆ ਵਿੱਚ ਵੀ ਵੇਖਦੇ ਹਾਂ ਕਿ ਬਹੁਤੇ ਰਿਸ਼ਤੇ-ਨਾਤੇ ਸਬੰਧ ਜੋ ਮਾਂ ਪਿਉ ਨੂੰ ਇੱਕ ਪਾਸੇ ਕਰਕੇ ਕੀਤੇ ਜਾਂਦੇ ਹਨ, ਉਹ ਜੀਵਨ ਦੇ ਚਾਰ ਕਦਮ ਵੀ ਇਕੱਠਿਆਂ ਨਹੀਂ ਤੁਰ ਸਕਦੇ ਤੇ ਬਾਅਦ ਵਿੱਚ ਫ਼ੈਸਲੇ ਬਦਲਣੇ ਪੈਂਦੇ ਹਨ ਅਤੇ ਫਿਰ ਆਪਣੇ ਕੀਤੇ ਫ਼ੈਸਲਿਆਂ 'ਤੇ ਪਛਤਾਵਾ ਹੀ ਬਾਕੀ ਰਹਿ ਜਾਂਦਾ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਕੁੜਮ ਨਹੀਂ ਜੁੜਦੇ, ਕੁੜਮ ਕੁੜਮਾਈ ਨਹੀਂ ਆਉਂਦੇ ਅਤੇ ਬੱਚੇ ਆਪਣੇ

ਰਿਸ਼ਤਿਆਂ ਦਾ ਫ਼ੈਸਲਾ ਆਪ ਕਰਦੇ ਹਨ।

ਜੁਆਨੀ ਵਿੱਚ ਜੀਵ ਨੂੰ ਪਤਾ ਹੀ ਨਹੀਂ ਹੁੰਦਾ ਕਿ ਭਵਿੱਖ ਅੰਦਰ ਕਿੰਨੀਆਂ ਔਕੜਾਂ ਹਨ ਅਤੇ ਇਹਨਾਂ ਔਕੜਾਂ ਨਾਲ ਨਜਿੱਠਣ ਲਈ ਜੋ ਸਹੀ ਰਾਹ ਕੁਟੰਬ ਚੁਣ ਸਕਦਾ ਹੈ, ਜੋ ਗੁਰੂ ਚੁਣ ਸਕਦਾ ਹੈ, ਉਹ ਇਹ ਆਪ ਨਹੀਂ ਚੁਣ ਸਕਦੇ।

ਵਿਆਹ ਕੋਈ ਇੱਕ ਦਿਨ ਦਾ ਫਿਕਰਾ ਨਹੀਂ ਤੇ ਨਾ ਹੀ ਇੱਕ ਦਿਨ ਦਾ ਫ਼ੈਸਲਾ ਹੈ। ਇਹ ਤਾਂ ਜੀਵਨ ਦੇ ਲੰਮੇ ਪੰਧ ਲਈ ਇੱਕ ਚੋਣ ਹੈ ਕਿ ਜੋ ਅਗਲਾ ਪੰਧ ਜਾਂ ਰਾਹ ਜਾਂ ਜੀਵਨ ਦਾ ਸਫ਼ਰ ਗੁਜ਼ਾਰਨਾ ਹੈ, ਉਸਦੇ ਲਈ ਹਮਸਫ਼ਰ ਜਾਂ ਜੀਵਨ-ਸਾਥੀ ਕਿਹੋ ਜਿਹਾ ਹੋਣਾ ਚਾਹੀਦਾ ਹੈ। ਅੱਜ ਡਾਇਵੋਰਸ ਵਰਗੇ ਇਹ ਦੁਖਾਂਤ ਇਸੇ ਲਈ ਵਾਪਰ ਰਹੇ ਹਨ ਕਿਉਂਕਿ ਹਮਸਫ਼ਰ ਪ੍ਰਤੀ ਫ਼ੈਸਲੇ ਬੜੀ ਕਾਹਲੀ ਨਾਲ ਜਾਂ ਕੇਵਲ ਜੁਆਨੀ ਦੇ ਜੋਸ਼ ਵਿੱਚ ਹੀ ਲਏ ਜਾ ਰਹੇ ਹਨ।

ਇਹਨਾਂ ਸ਼ਬਦਾਂ 'ਕੁੜਮ ਕੁੜਮਾਈ' ਦੇ ਪਿੱਛੇ ਵੀ ਇੱਕ ਵੱਡੀ ਭਾਵਨਾ ਖੜ੍ਹੀ ਹੈ, ਇੱਕ ਫ਼ਲਸਫ਼ਾ ਹੈ। ਬੱਚੇ ਤੇ ਬੱਚੀ ਦੇ ਮੇਲ ਲਈ ਪਹਿਲੇ ਕੁੜਮ ਜਾਂ ਪਰਿਵਾਰ ਮਿਲ ਬੈਠਦਾ ਹੈ। ਹੁਣ ਗੁਰਮਤਿ ਦੀ ਦੁਨੀਆ ਵਿੱਚ ਪਰਿਵਾਰ ਗੁਰੂ ਹੋਇਆ। ਜੀਵ ਆਤਮਾ ਦਾ ਮਾਂ ਬਾਪ ਗੁਰੂ ਹੋਇਆ। ਹੁਣ ਦੋ ਪਰਿਵਾਰ ਮਿਲ ਬੈਠਦੇ ਹਨ, ਉਹਨਾਂ ਨੇ ਫ਼ੈਸਲਾ ਕਰਨਾ ਹੈ ਅਤੇ ਕਰਨਾ ਹੈ ਦਰਮਿਆਨ ਵਿੱਚ ਗੁਰੂ ਨੂੰ ਬਿਠਾ ਕੇ, ਗੁਰਬਾਣੀ ਗਾ ਕੇ। ਨਾਲ ਹੀ ਅਦਾਨ ਪ੍ਰਦਾਨ ਕਰਨ ਲਈ ਉਹ ਵਸਤੂਆਂ ਲੈ ਕੇ ਆਉਂਦੇ ਹਨ - ਸਤ ਤੇ ਸੰਤੋਖ। ਫਿਰ ਇਸਦੇ ਵਿੱਚੋਂ ਪੈਦਾ ਹੁੰਦਾ ਹੈ ਭਾਉ। ਭਾਉ ਕਹਿੰਦੇ ਹਨ ਪਿਆਰ ਜਾਂ ਪ੍ਰੇਮ ਨੂੰ। ਇਸ ਤਰ੍ਹਾਂ ਹੁੰਦੀ ਹੈ ਕੁੜਮਾਈ ਦੀ ਰਸਮ। ਇਸ ਰਸਮ ਨੂੰ ਜੇ ਕਰਨਾ ਹੋਵੇ ਤਾਂ ਇਉਂ ਸਤ ਤੇ ਸੰਤੋਖ ਦੇ ਅਦਾਨ ਪ੍ਰਦਾਨ ਨਾਲ ਕਰਨੀ ਚਾਹੀਦੀ ਹੈ।

ਬਿਨਾ ਸਤ ਤੇ ਸੰਤੋਖ ਦੇ ਭਾਉ ਨਹੀਂ ਪੈਦਾ ਹੁੰਦਾ। ਜਿੱਥੇ ਸੱਚ ਹੀ ਨਾ ਹੋਵੇ, ਇੱਕ ਦੂਜੇ 'ਤੇ ਵਿਸ਼ਵਾਸ ਹੀ ਨਾ ਹੋਵੇ, ਸੰਤੋਖ ਹੀ ਨਾ ਹੋਵੇ, ਉਥੇ ਭਾਉ ਜਾਂ ਪ੍ਰੇਮ ਕਿਵੇਂ ਬਣੇਗਾ ? ਉਥੇ ਤਾਂ ਇੱਕ ਦੂਜੇ ਕੋਲੋਂ ਖੋਹ ਲੈਣ ਦੀ, ਦੂਜੇ ਘਰ ਨੂੰ ਲੁੱਟਣ ਦੀ ਵਿਚਾਰ ਮਨ ਵਿੱਚ ਹੋਵੇਗੀ, ਹੋਰ ਤੇ ਹੋਰ ਲੈਣ ਦੀ ਲਾਲਸਾ ਹੋਵੇਗੀ ਅਤੇ ਇਹ ਹੀ ਦਾਜ ਪ੍ਰਥਾ ਹੈ। ਅੱਜ ਦੀ ਦੁਨੀਆ ਦੀਆਂ ਸਾਰੀਆਂ ਖ਼ੁਸ਼ੀਆਂ ਦਾਜ ਪ੍ਰਥਾ ਦੀ ਭੇਟ ਚੜ੍ਹ ਰਹੀਆਂ ਹਨ। ਇਹ ਇਸ ਲਈ ਹੋ ਰਿਹਾ ਹੈ ਕਿਉਂਕਿ ਸਾਡੀ ਸੰਸਾਰਕ ਪਦਾਰਥਾਂ ਦੀ ਭੁੱਖ ਵੱਧਦੀ ਜਾ ਰਹੀ ਹੈ। ਇਹ ਭੁੱਖ ਸਿੱਖਾਂ ਦੇ ਘਰਾਂ ਵਿੱਚ ਵੀ ਆ ਗਈ ਹੈ, ਹਾਲਾਂਕਿ ਗੁਰੂ ਸਾਹਿਬ ਨੇ ਇਸ ਭੁੱਖ ਨੂੰ ਹੀ ਤਾਂ ਖ਼ਤਮ ਕੀਤਾ ਸੀ - **"ਗੁਰਸਿਖਾ ਕੀ ਭੁਖ ਸਭ ਗਈ"**। ਇਸੇ ਭੁੱਖ ਵਿੱਚੋਂ ਦਵੈਖਤਾ, ਵਿਰੋਧ, ਨਫ਼ਰਤ ਜਨਮ ਲੈਂਦੀ ਹੈ। ਜੇ ਇਹ ਭੁੱਖ ਖ਼ਤਮ ਹੋ ਜਾਏ ਤਾਂ ਹੀ ਫਿਰ ਪ੍ਰੇਮ ਬਣੇਗਾ। ਮੇਲ ਤੇ ਪਿਆਰ, ਰੱਜ ਵਿਚੋਂ ਹੀ ਜਨਮ ਲੈਂਦਾ ਹੈ, ਨਾ ਕਿ ਭੁੱਖ ਵਿੱਚੋਂ।

ਗੁਰੂ ਸਾਹਿਬ ਨੇ ਧਰਮ ਦੀ ਦੁਨੀਆ ਦਾ ਆਧਾਰ ਹੀ ਸਤ ਤੇ ਸੰਤੋਖ ਨੂੰ ਬਣਾ ਦਿੱਤਾ। ਸਿੱਖ ਨੂੰ ਮਿਲਿਆ ਵੀ ਤਾਂ ਇਹ ਹੀ ਸੀ :

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ।।

(ਗੁ.ਗ੍ਰੰ.ਸਾ. ਪੰਨਾ : 1429)

ਨਾਲ ਹੀ ਬਾਣੀ ਵਿੱਚ ਇਹ ਵੀ ਫ਼ੈਸਲਾ ਦੇ ਦਿੱਤਾ ਕਿ ਰੱਬ ਉਸ ਕਾਰਜ ਵਿੱਚ ਸ਼ਾਮਿਲ ਵੀ ਨਹੀਂ ਹੁੰਦਾ ਜਿੱਥੇ ਸਤ ਤੇ ਸੰਤੋਖ ਨਾ ਹੋਣ। ਜਿਸ ਕਾਰਜ ਵਿੱਚ ਸਤ ਤੇ ਸੰਤੋਖ ਆ ਜਾਏ, ਜਿੱਥੇ ਦਿਖਾਵਾ ਤੇ ਭੁੱਖ ਨਾ ਰਹੇ, ਗੁਰੂ ਇਹ ਗੱਲ ਵੇਖ ਕੇ ਹੀ ਉਸ ਕਾਰਜ ਵਿੱਚ ਸ਼ਾਮਿਲ ਹੁੰਦਾ ਹੈ :

ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ।।

ਪਰ ਕਿਸ ਕਾਰਜ ਵਿੱਚ ?

ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ।।

(ਗੁ.ਗ੍ਰੰ.ਸਾ. ਪੰਨਾ : 351)

ਜਿਸ ਕਾਰਜ ਵਿੱਚ ਸਤ, ਸੰਤੋਖ, ਦਇਆ ਅਤੇ ਦਇਆ ਤੋਂ ਜਨਮ ਲੈਣ ਵਾਲਾ ਧਰਮ ਨਹੀਂ ਹੋਵੇਗਾ, ਉਥੇ ਗੁਰੂ ਪ੍ਰਵੇਸ਼ ਨਹੀਂ ਕਰੇਗਾ। ਉਸ ਕਾਰਜ ਵਿੱਚ ਗੁਰੂ ਆ ਕੇ ਨਹੀਂ ਬੈਠੇਗਾ ਅਤੇ ਜੇ ਗੁਰੂ ਵਿੱਚ ਆ ਕੇ ਨਹੀਂ ਬੈਠੇਗਾ, ਤਾਂ ਫਿਰ ਕਿਵੇਂ ਆਖਾਂਗੇ :

ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ
ਜਾਂ ਸਹੁ ਮਿਲਿਆ ਤਾਂ ਜਾਨਿਆ।।

(ਗੁ.ਗ੍ਰੰ.ਸਾ. ਪੰਨਾ : 351)

ਗੁਰੂ ਨੇ ਹੀ ਵਿਆਹ ਨੂੰ ਅਨੰਦ ਕਾਰਜ ਵਿੱਚ ਬਦਲਣਾ ਹੈ। ਇਸ ਲਈ ਇਹ ਭੁੱਖ ਮਿਟਾਉਣੀ ਪਵੇਗੀ ਅਤੇ ਸਤ ਤੇ ਸੰਤੋਖ ਨੂੰ ਅੰਦਰ ਲਿਆਉਣਾ ਹੀ ਪਵੇਗਾ। ਤਾਂ ਹੀ ਇਹ ਅਨੰਦ ਕਾਰਜ ਬਣੇਗਾ।

ਅਸੀਂ ਨਾਲ-ਨਾਲ ਇਹ ਚਿੱਤ ਵਿੱਚ ਸੋਚਦੇ ਚਲੀਏ, ਇਹ ਵੇਖਦੇ ਚਲੀਏ ਕਿ ਅਸੀਂ ਆਪਣੇ ਪਰਿਵਾਰ ਵਿੱਚ ਕਿੰਨੇ ਕੁ ਵਿਆਹ ਕੀਤੇ ਹਨ ਅਤੇ ਉਹਨਾਂ ਸਾਰੇ ਵਿਆਹਾਂ ਵਿੱਚ ਕਿੰਨਾ ਕੁ ਸਤ ਤੇ ਸੰਤੋਖ ਸਾਡੇ ਵਿੱਚ ਰਿਹਾ ਹੈ। ਇਸ ਨਾਲ ਸਾਨੂੰ ਆਪਣੇ ਜੀਵਨ ਦੀਆਂ ਔਕੜਾਂ ਦਾ ਪਤਾ ਚਲ ਜਾਵੇਗਾ।

ਸਤੁ ਸੰਤੋਖ ਹੋਵੈ ਅਰਦਾਸਿ।। ਤਾ ਸੁਣਿ ਸਦਿ ਬਹਾਲੇ ਪਾਸਿ।।

(ਗੁ.ਗ੍ਰੰ.ਸਾ. ਪੰਨਾ : 878)

ਅਰਦਾਸ ਵੀ ਤਾਂ ਹੀ ਕਬੂਲ ਹੋਣੀ ਹੈ ਜੇ ਉਹ ਸਤ ਤੇ ਸੰਤੋਖ ਵਿੱਚ ਹੋਵੇਗੀ। ਰੱਬ ਨਾਲ ਸਬੰਧ ਵੀ ਤਾਂ ਹੀ ਪੈਦਾ ਹੋਵੇਗਾ, ਜੇ ਉਹ ਸਤ ਤੇ ਸੰਤੋਖ ਵਿੱਚ ਹੋਵੇ। ਗੁਰੂ ਨੇ ਕਾਰਜ ਵਿੱਚ ਵੀ ਤਾਂ ਹੀ ਆ ਕੇ ਬੈਠਣਾ ਹੈ ਜੇ ਉਹ ਸਤ ਤੇ ਸੰਤੋਖ ਵਿੱਚ ਹੋਵੇਗਾ।

ਗੁਰਮਤਿ ਅਨੁਸਾਰ ਗੁਰੂ ਰੂਪੀ ਕੁਟੰਬ ਜਾਂ ਪਰਿਵਾਰ ਆਪਣੇ ਜੀਵਾਤਮਾ ਰੂਪੀ ਬੱਚਿਆਂ ਦੇ ਰਿਸ਼ਤੇ ਲਈ ਜਦੋਂ ਇਕੱਤਰ ਹੋਵੇ, ਉਦੋਂ ਉਹਨਾਂ ਜੀਵਾਤਮਾਵਾਂ ਕੋਲ ਸਤ ਤੇ ਸੰਤੋਖ ਹੋਵੇ ਅਤੇ ਉਸਦੇ ਵਿੱਚੋਂ ਪੈਦਾ ਹੋਇਆ ਭਾਉ ਜਾਂ ਪਿਆਰ ਉਹ ਨਾਲ ਲੈ ਕੇ ਆਉਣ।

ਕੁੜਮਾਈ ਦਾ ਇੱਕ ਖ਼ਾਸ ਮਕਸਦ ਹੈ। ਇਸ ਦਾ ਮਕਸਦ ਹੈ ਪਰਿਵਾਰਾਂ ਨੂੰ ਇੱਕ ਕਰਨਾ, ਪਹਿਲੇ ਉਹਨਾਂ ਪਰਿਵਾਰਾਂ ਦਾ ਮਿਲਾਪ ਕਰਨਾ। ਪਰ ਅਸੀਂ ਆਪਣੇ ਜੀਵਨ ਵਿੱਚ ਵੇਖਦੇ ਹਾਂ ਕਿ ਕੁਝ ਸਮਾਂ ਬੀਤਣ ਦੇ ਬਾਅਦ ਹੀ ਇਹ ਪਰਿਵਾਰ ਇੱਕ ਨਹੀਂ ਰਹਿੰਦੇ। ਇਸਦਾ ਕਾਰਣ ਹੈ ਕਿ ਇਹਨਾਂ ਵਿੱਚ ਸਤ ਤੇ ਸੰਤੋਖ ਨਹੀਂ ਰਹਿੰਦਾ, ਅਤੇ ਜੇ ਸਤ-ਸੰਤੋਖ ਨਾ ਰਹੇ, ਤਾਂ ਪ੍ਰੇਮ ਵੀ ਨਹੀਂ ਰਹਿੰਦਾ। ਇਸੇ ਲਈ ਅੱਗੇ ਆਖ ਦਿੱਤਾ ਕਿ :

ਗਇਆ ਕਰੋਧੁ ਮਮਤਾ ਤਨਿ ਨਾਠੀ
ਪਾਖੰਡੁ ਭਰਮੁ ਗਵਾਇਆ ॥

'ਮਮਤਾ' ਸ਼ਬਦ ਮੋਹ ਦਾ ਪ੍ਰਤੀਕ ਹੈ ਅਤੇ ਮੋਹ ਤੇ ਪ੍ਰੇਮ ਵਿੱਚ ਬਹੁਤ ਅੰਤਰ ਹੈ। ਭਾਵੇਂ ਅਸੀਂ ਸਮਝਦੇ ਹਾਂ ਕਿ ਮੋਹ ਤੇ ਪ੍ਰੇਮ ਇਕੋ ਹੁੰਦਾ ਹੈ, ਪਰ ਐਸਾ ਨਹੀਂ ਹੈ। ਮੋਹ ਇੱਕ ਗੁਨਾਹ ਹੈ ਅਤੇ ਕਾਮ ਕ੍ਰੋਧ ਲੋਭ ਮੋਹ ਅਹੰਕਾਰ - ਪੰਜ ਦੂਤਾਂ ਵਿੱਚੋਂ ਇੱਕ ਹੈ। ਪਰ ਦੂਜੇ ਪਾਸੇ ਪ੍ਰੇਮ ਦੇਵਤਾ ਹੈ। ਭਾਵੇਂ ਦੋਵੇਂ ਚੀਜ਼ਾਂ ਜੁੜਨ ਵਾਲੀਆਂ ਹਨ, ਇਹਨਾਂ ਨੂੰ ਕਿਸੇ ਨਾਲ ਵੀ ਜੋੜ ਲਓ ਪਰ ਦੋਹਾਂ ਵਿੱਚ ਇੱਕ ਸੂਖਮ ਭੇਦ ਹੈ। ਪਰ ਉਹ ਭੇਦ ਕੀ ਹੈ ?

ਮੋਹ ਨਾਲ ਵੀ ਮਨੁੱਖ ਜੁੜਦਾ ਹੈ ਤੇ ਆਖਦਾ ਹੈ ਕਿ ਇਹ ਘਰ, ਕਾਰ, ਪਰਿਵਾਰ ਮੇਰਾ ਹੈ। ਫਿਰ ਇਥੋਂ ਤਕ ਵੀ ਆਖਦਾ ਹੈ ਕਿ ਇਹ ਗੁਰਦੁਆਰਾ, ਇਹ ਰੱਬ ਮੇਰਾ ਹੈ। ਪਰ ਜਦੋਂ ਪ੍ਰੇਮ ਕਰਦਾ ਹੈ, ਤਾਂ ਅੰਦਰੋਂ ਬਦਲ ਜਾਂਦਾ ਹੈ ਅਤੇ ਫਿਰ ਆਖਦਾ ਹੈ ਕਿ ਹੇ ਰੱਬ ! ਮੈਂ ਤੇਰਾ ਹਾਂ। ਭਾਵੇਂ ਇਹ ਵੀ ਇੱਕ ਜੁੜਨਾ ਹੈ ਅਤੇ ਫਿਰ ਮੋਹ ਨਹੀਂ ਰਹਿੰਦਾ।

ਮੋਹ ਪਕੜ ਹੈ ਤੇ ਪ੍ਰੇਮ ਸਮਰਪਣ ਹੈ। ਮੋਹ ਦਾ ਅਰਥ ਕਿਸੇ ਕੋਲੋਂ ਕੁਝ ਖੋਹਣਾ ਹੈ ਅਤੇ ਪ੍ਰੇਮ ਕਿਸੇ ਅੱਗੇ ਸਮਰਪਣ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇੱਕ ਪੰਗਤੀ ਵਿੱਚ ਦੋਹਾਂ ਨੂੰ ਹੋਰ ਸਪਸ਼ਟ ਕਰ ਦਿੱਤਾ ਗਿਆ ਹੈ :

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥

(ਗੁ.ਗ੍ਰੰ.ਸਾ. ਪੰਨਾ : 658)

ਹੇ ਮੇਰੇ ਰੱਬ ! ਤੂੰ ਜਿਹੜਾ ਮੈਨੂੰ ਸੰਸਾਰ ਵਿੱਚ ਫਸਾਈਂ ਬੈਠਾ ਹੈਂ, ਉਹ ਮੋਹ ਵਿੱਚ ਫਸਾਈ ਬੈਠਾ ਹੈਂ। ਪਰ ਮੈਂ ਜਿਹੜਾ ਤੈਨੂੰ ਬੰਨ੍ਹਿਆ ਹੈ, ਉਹ ਮੋਹ ਵਿੱਚ ਨਹੀਂ, ਮੈਂ ਤੈਨੂੰ ਪ੍ਰੇਮ ਵਿੱਚ ਬੰਨ੍ਹਿਆ ਹੈ। ਇਹ ਪ੍ਰੇਮ ਦੀ ਫਾਹੀ ਬੜੀ ਪੱਕੀ ਹੈ ਤੇ ਇਹ ਕਦੇ ਟੁੱਟਦੀ ਨਹੀਂ। ਜਿਹੜੇ ਰਿਸ਼ਤੇ ਟੁੱਟਦੇ ਹਨ,

ਉਹ ਪ੍ਰੇਮ ਦੇ ਬੰਧਨ ਨਹੀਂ ਹੁੰਦੇ ਬਲਕਿ ਮੋਹ ਦੇ ਬੰਧਨ ਹੁੰਦੇ ਹਨ।

ਇਸ ਲਈ ਜਦੋਂ ਜੀਵ ਕੋਲ ਸਤ-ਸੰਤੋਖ ਆ ਜਾਏਗਾ, ਉਦੋਂ 'ਭਾਉ' ਆ ਜਾਏਗਾ। ਗੁਰੂ ਨੇ ਰਹਿਮਤ ਕਰਕੇ ਪਹਿਲਾਂ ਇਹ ਉਪਦੇਸ਼, ਇੱਕ ਅਗਵਾਈ ਕੀਤੀ ਕਿ ਕੁੜਮ ਭਾਵ ਕੁਟੰਬ, ਪਰਿਵਾਰ ਨੇ ਇਹ ਰਿਸ਼ਤਾ ਤੈਅ ਕਰਨਾ ਹੈ - ਸੰਸਾਰ ਵਿੱਚ ਵੀ ਤੇ ਨਿਰੰਕਾਰ ਨਾਲ ਵੀ। ਪਰ ਦੋਹਾਂ ਵਿੱਚ ਫ਼ਰਕ ਕੀ ਹੈ ?

ਨਿਰੰਕਾਰ ਨਾਲ ਉਦੋਂ ਰਿਸ਼ਤਾ ਤੈਅ ਹੁੰਦਾ ਹੈ ਜਦੋਂ ਗੁਰੂ ਹੀ ਪਰਿਵਾਰ ਹੈ, ਗੁਰੂ ਹੀ ਮਾਤਾ-ਪਿਤਾ ਹੈ। ਸੰਸਾਰਕ ਜੀਵ ਵੀ ਅਗਵਾਈ ਲੈਣ ਲਈ ਆਖਦਾ ਹੈ :

ਮੋਹਿ ਦੁਹਾਗਨਿ ਆਪਿ ਸੀਗਾਰੀ।। ਰੂਪ ਰੰਗ ਦੇ ਨਾਮਿ ਸਵਾਰੀ।।

ਮਿਟਿਓ ਦੁਖੁ ਅਰੁ ਸਗਲ ਸੰਤਾਪ।। ਗੁਰ ਹੋਏ ਮੇਰੇ ਮਾਈ ਬਾਪ।।

(ਗੁ.ਗ੍ਰੰ.ਸਾ. ਪੰਨਾ : 1143)

ਆਤਮਾ ਨੇ ਪਰਲੋਕ ਦੇ ਸੁਹਰੇ ਘਰ ਜਾਣਾ ਹੈ। ਇਸ ਸੰਸਾਰ ਵਿੱਚ ਗੁਰੂ ਜੀਵ ਦਾ ਮਾਂ-ਪਿਉ ਹੈ। ਗੁਰੂ ਨੇ ਇਸ ਜੀਵ ਨੂੰ ਪਾਲਨਾ, ਸਾਂਭਣਾ ਤੇ ਸੰਵਾਰਨਾ ਹੈ। ਜਿਵੇਂ ਹਰੇਕ ਮਾਂ-ਪਿਉ ਆਪਣੀ ਬੱਚੀ ਨੂੰ ਗੁਣਾਂ ਨਾਲ ਸ਼ਿੰਗਾਰਦੇ ਹਨ ਤਾਂ ਕਿ ਉਹ ਸੁਹਰੇ ਘਰ ਵਿੱਚ ਸੁਖੀ ਵਸੇ। ਇਸੇ ਤਰ੍ਹਾਂ ਸਤਿਗੁਰੂ ਹਰ ਜੀਵ ਆਤਮਾ ਨੂੰ, ਹਰ ਮਨੁੱਖ ਨੂੰ ਗੁਣਾਂ ਨਾਲ ਸ਼ਿੰਗਾਰਦਾ ਹੈ। ਫਿਰ ਉਸਦਾ ਨਤੀਜਾ ਕੀ ਨਿਕਲਦਾ ਹੈ ? ਗੁਰੂ ਸਾਹਿਬ ਅਗਲੀ ਪੰਗਤੀ ਵਿੱਚ ਦੱਸਦੇ ਹਨ :

ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ।।

ਕਰਿ ਕਿਰਪਾ ਭੇਟੇ ਮੋਹਿ ਕੰਤ।।

(ਗੁ.ਗ੍ਰੰ.ਸਾ. ਪੰਨਾ : 1143)

ਜਦੋਂ ਗੁਰੂ ਮਾਈ-ਬਾਪ ਬਣ ਗਿਆ, ਤਾਂ ਰਿਸ਼ਤਾ ਵੀ ਉਸਨੇ ਤੈਅ ਕਰਨਾ ਹੈ, ਫ਼ੈਸਲਾ ਵੀ ਉਸਨੇ ਕਰਨਾ ਹੈ, ਅਗਵਾਈ ਵੀ ਉਸਨੇ ਕਰਨੀ ਹੈ, ਗੁਣਾਂ ਨਾਲ ਸ਼ਿੰਗਾਰਨਾ ਵੀ ਉਸਨੇ ਹੈ ਅਤੇ ਫਿਰ ਜੀਵ ਦੇ ਗ੍ਰਿਹਸਤ ਨੇ ਅਨੰਦ ਕਾਰਜ ਬਣ ਜਾਣਾ ਹੈ। ਇਉਂ ਜੀਵਨ ਵਿੱਚ ਅਨੰਦ ਕਾਰਜ ਹੋ ਜਾਂਦਾ ਹੈ ਤੇ ਗ੍ਰਿਹਸਤ ਅਨੰਦ ਬਣ ਜਾਂਦਾ ਹੈ।

ਇਸੇ ਉਦਾਹਰਣ ਦੀ ਅਗਵਾਈ ਸਾਨੂੰ ਸੰਸਾਰਕ ਜੀਵਨ ਵਿੱਚ ਵੀ ਲੈਣੀ ਪਵੇਗੀ ਤਾਂ ਕਿ ਸੰਸਾਰ ਦੀ ਨਿਰੰਕਾਰ ਨਾਲ ਪਿਉਂਦ ਹੋ ਜਾਏ, ਉਸਦੇ ਦੁੱਖ ਸੁੱਖ ਵਿੱਚ ਬਦਲ ਜਾਣ। ਉਹ ਇਹ ਕਿ ਬੱਚਿਆਂ ਨੂੰ ਇਹ ਪਤਾ ਹੋਵੇ ਕਿ ਅਸੀਂ ਆਪਣੇ ਫ਼ੈਸਲੇ ਕਿਸੇ ਜਜ਼ਬੇ ਜਾਂ ਜੋਸ਼ ਅਧੀਨ ਨਹੀਂ ਕਰਨੇ ਅਤੇ ਮਾਂ-ਪਿਉ ਸਾਡੇ ਨਾਲੋਂ ਬਿਹਤਰ ਸੋਚ ਸਕਦੇ ਹਨ। ਜਿੰਨ੍ਹਾਂ ਨੇ ਸਾਨੂੰ ਪਾਲਿਆ-ਸਾਂਭਿਆ ਹੈ, ਰਾਤ-ਰਾਤ ਭਰ ਜਾਗ ਕੇ ਸਾਡੀਆਂ ਪਰੇਸ਼ਾਨੀਆਂ ਨੂੰ ਦੂਰ ਕੀਤਾ ਹੈ, ਉਹ ਸਾਡੇ ਦੁਸ਼ਮਣ ਨਹੀਂ ਹਨ। ਉਹਨਾਂ ਨੂੰ ਪਤਾ ਹੋਵੇ ਕਿ ਵਿਆਹ ਕਾਰਜ ਦੀ ਸ਼ੁਰੂਆਤ ਕੁੜਮ-ਕੁੜਮਾਈ ਤੋਂ ਹੁੰਦੀ ਹੈ। ਅਤੇ ਸਭ ਤੋਂ ਪਹਿਲੇ ਪਰਿਵਾਰ ਆਪਸ ਵਿੱਚ ਮਿਲ ਬੈਠਦੇ ਹਨ।

ਪਰ ਪਰਿਵਾਰ ਨੂੰ ਵੀ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਤ-ਸੰਤੋਖ ਲੈ ਕੇ ਜਾਈਏ, ਕਿਤੇ ਸਾਮਾਨ ਦੀ ਲੰਮੀ ਸੂਚੀ ਲੈ ਕੇ ਨਾ ਚਲੇ ਜਾਈਏ ਕਿ ਸਾਨੂੰ ਬਾਰਾਤ ਲਈ ਖਾਣਾ ਇਸ ਤਰ੍ਹਾਂ ਦਾ ਚਾਹੀਦਾ ਹੈ ਜਾਂ ਦਾਜ ਵਿੱਚ ਇਹ ਚੀਜ਼ਾਂ ਚਾਹੀਦੀਆਂ ਹਨ। ਬਲਕਿ ਸਤ-ਸੰਤੋਖ ਤੇ ਉਸ ਤੋਂ ਪੈਦਾ ਹੋਣ ਵਾਲਾ ਭਾਉ ਲੈ ਕੇ ਜਾਈਏ। ਫਿਰ ਦੇਖੋ, ਰਿਸ਼ਤੇ ਕਿਵੇਂ ਚਿਰੰਜੀਵ ਹੁੰਦੇ ਹਨ, ਅਨੰਦ ਕਾਰਜ ਕਿਵੇਂ ਬਣਦੇ ਹਨ ?

ਨਾਲ ਹੀ ਇਹ ਬਾਣੀ ਦੀ, ਗੁਰਮਤਿ ਦੀ ਅਗਵਾਈ ਕਦੇ ਨਾ ਭੁੱਲੇ ਤੇ ਭਲੇ ਪੁਰਸ਼ਾਂ ਦਾ ਇਕੱਠ ਹੋਵੇ,

ਸੰਤ ਜਨਾ ਕਰਿ ਮੇਲੁ

ਗੁਰਬਾਣੀ ਗਵਾਈਆ ਬਲਿ ਰਾਮ ਜੀਉ ॥

ਕਿਉਂਕਿ ਭਲੇ ਲੋਕ ਹਮੇਸ਼ਾ ਭਲਾ ਹੀ ਸੋਚਦੇ ਹਨ, ਉਹਨਾਂ ਦੇ ਮਨ ਵਿੱਚ ਪਰਾਏ ਸੁੱਖ ਦੀ ਚਿਤਵਨੀ ਹੁੰਦੀ ਹੈ। ਇਸ ਲਈ ਸਾਧ-ਸੰਗਤ ਇਕੱਤਰ ਕਰਕੇ ਗੁਰਬਾਣੀ ਗਾਈ ਜਾਏ। ਇਸ ਤਰ੍ਹਾਂ ਗੁਰਬਾਣੀ ਦੀ ਅਗਵਾਈ ਲੈਣ ਨਾਲ ਫਿਰ ਹੋਏਗਾ ਕੀ ?

ਬਾਣੀ ਗੁਰ ਗਾਈ ਪਰਮ ਗਤਿ ਪਾਈ

ਪੰਚ ਮਿਲੇ ਸੋਹਾਇਆ ॥

ਇਸ ਨਾਲ ਪੰਜੇ ਗਿਆਨ ਇੰਦ੍ਰੇ ਵੀ ਇਕੱਠੇ ਹੋ ਜਾਣਗੇ, ਉਹ ਵਿਚਾਰਾਂ ਵੀ ਵੱਖ ਨਹੀਂ ਰਹਿਣਗੀਆਂ ਅਤੇ ਸੰਸਾਰਕ ਤੌਰ 'ਤੇ ਆਪਸੀ ਭਾਈਚਾਰਾ ਬਣੇਗਾ। ਤੇ ਸੰਸਾਰ ਵਿੱਚ ਭਾਈਚਾਰਾ ਹੀ ਤਾਂ ਸੋਹਣਾ ਲੱਗਦਾ ਹੈ ਕਿ ਕਿੰਨਾ ਕਿਸੇ ਦਾ ਭਾਈਚਾਰਾ ਵੱਡਾ ਹੈ, ਕਿੰਨਾ ਉਸਦਾ ਵੱਡਾ ਸੰਸਾਰਕ ਮੇਲ-ਮਿਲਾਪ ਹੈ, ਕਿੰਨਾ ਉਹ ਸੰਸਾਰ ਅੰਦਰ ਪਿਆਰ ਵੰਡਦਾ ਹੈ। ਪਰ **ਜੋ ਕੋਈ ਆਪਣੇ ਛੋਟੇ ਜਿਹੇ ਪਰਿਵਾਰ ਦੇ ਘੇਰੇ ਵਿੱਚ ਹੀ ਪਿਆਰ ਨਹੀਂ ਵੰਡ ਸਕਿਆ, ਉਹ ਸੰਸਾਰ ਵਿੱਚ ਇਸਨੂੰ ਕਿਵੇਂ ਵੰਡੇਗਾ ? ਜੇ ਕਿਸੇ ਕੋਲੋਂ ਉਸਦਾ ਧੀ-ਜੁਆਈ-ਨੂੰਹ ਜਾਂ ਕੁੜਮ ਦੁਖੀ ਹੈ, ਜਿਸ ਨਾਲ ਉਸਨੇ ਆਪਣੇ ਜੀਵਨ ਦੀ ਸਭ ਤੋਂ ਕੀਮਤੀ ਚੀਜ਼ ਸਾਂਝੀ ਕੀਤੀ ਹੈ, ਤਾਂ ਉਸ ਨਾਲ ਉਸਦਾ ਗੁਆਂਢੀ ਕਿਵੇਂ ਸੁਖੀ ਹੋ ਸਕਦਾ ਹੈ ?** ਇਸ ਲਈ 'ਭਾਉ' ਦੀ ਬਹੁਤ ਲੋੜ ਹੈ। ਉਸਦੇ ਨਾਲ ਹੀ ਹੋਏਗਾ :

ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥

ਇਹ ਦੋਵੇਂ ਚੀਜ਼ਾਂ - ਕ੍ਰੋਧ ਤੇ ਮਮਤਾ ਤਾਂ ਵਿਛੋੜਨ ਵਾਲੀਆਂ ਹਨ। ਮਮਤਾ ਮੋਹ ਦਾ ਦੂਜਾ ਬਦਲਿਆ ਹੋਇਆ ਰੂਪ ਹੈ। ਤੇ ਪਾਖੰਡ ਭਰਮ-ਭੁਲੇਖੇ ਪੈਦਾ ਕਰਦਾ ਹੈ। ਜਦੋਂ ਪਾਖੰਡ ਚਲਾ ਜਾਏ ਤੇ ਸੱਚ ਸਾਹਮਣੇ ਆ ਜਾਏ, ਤਾਂ ਭਰਮ ਨਿਵਰਿਤ ਹੋ ਜਾਂਦੇ ਹਨ ਅਤੇ ਜੀਵਨ ਪਾਰਦਰਸ਼ੀ ਬਣ ਜਾਣਾ ਹੈ। ਇਸ ਪਾਰਦਰਸ਼ੀ ਜੀਵਨ ਵਿੱਚ ਅੰਦਰ ਦੀ ਸੱਚਾਈ ਚਿਹਰੇ ਤੇ ਜੀਵਨ ਤੋਂ

ਝਲਕਦੀ ਹੈ ਅਤੇ ਕੋਈ ਪਾਖੰਡ ਜਾਂ ਦਿਖਾਵਾ ਨਹੀਂ ਰਹਿ ਜਾਂਦਾ।

ਅੱਜ ਕੁੜਮਾਚਾਰੀ ਵਿੱਚ, ਵਿਆਹ ਵਿੱਚ ਦਿਖਾਵਾ ਜ਼ਿਆਦਾ ਆ ਗਿਆ ਹੈ ਅਤੇ ਸੱਚ ਨਹੀਂ ਰਿਹਾ। ਅੱਜ ਮਨੁੱਖ ਆਪਣੇ ਅੰਦਰ ਦੀ ਅਵੱਸਥਾ, ਆਪਣੀ ਜਮਾ-ਪੂੰਜੀ ਨਾਲੋਂ ਜ਼ਿਆਦਾ ਦਿਖਾਵਾ ਕਰਕੇ ਬਿਪਤਾ ਵਿੱਚ ਫੱਸ ਰਿਹਾ ਹੈ। ਦੂਜੇ ਲਫ਼ਜ਼ਾਂ ਵਿੱਚ ਇਸੇ ਦਾ ਨਾਂ ਪਾਖੰਡ ਹੈ। ਇੱਕ ਵਾਰ ਜਦੋਂ ਆਪਣੀ ਜੇਬ ਤੋਂ ਵੱਧ ਵਿਆਹ 'ਤੇ ਖਰਚ ਕੀਤਾ ਜਾਂਦਾ ਹੈ ਅਤੇ ਸਾਹਮਣੇ ਵਾਲੇ ਜੀਵ ਕੋਲ ਸੰਤੋਖ ਨਹੀਂ ਹੁੰਦਾ, ਤਾਂ ਉਹ ਅੰਦਾਜ਼ਾ ਲਾ ਲੈਂਦਾ ਹੈ ਕਿ ਇਸਦੇ ਕੋਲ ਬਹੁਤ ਹੈ, ਭਾਵੇਂ ਕੋਲ ਕੁਝ ਵੀ ਨਾ ਹੋਵੇ ਤੇ ਕਰਜ਼ਾ ਲੈ ਕੇ ਵਿਆਹ ਕੀਤਾ ਹੋਵੇ। ਉਥੋਂ ਹੀ ਭਰਮ ਪੈਦਾ ਹੋ ਜਾਂਦਾ ਹੈ। ਸਾਹਮਣੇ ਵਾਲਾ ਸਮਝਦਾ ਹੈ ਕਿ ਇਸ ਕੋਲ ਬਹੁਤ ਹੈ, ਇਸਨੇ ਐਵੇਂ ਹੀ ਤਾਂ ਨਹੀਂ ਐਨਾ ਪੈਸਾ ਵਿਆਹ 'ਤੇ ਲਾ ਦਿੱਤਾ ਅਤੇ ਫਿਰ ਉਹ ਕਹਿੰਦਾ ਹੈ ਕਿ ਹੋਰ ਚਾਹੀਦਾ ਹੈ। ਕਿਉਂਕਿ ਸਤ-ਸੰਤੋਖ ਦੋਵੇਂ ਚੀਜ਼ਾਂ ਨਹੀਂ ਰਹਿੰਦੀਆਂ, ਇਸੇ ਕਰਕੇ ਇਹ ਸਭ ਕੁਝ ਹੁੰਦਾ ਹੈ।

ਪਰ ਜਦੋਂ ਸਤ-ਸੰਤੋਖ ਆਉਂਦਾ ਹੈ, ਗੁਰਬਾਣੀ ਦੀ ਅਗਵਾਈ ਆਉਂਦੀ ਹੈ, ਉਦੋਂ ਇਹ ਪਾਖੰਡ-ਭਰਮ ਦਰਮਿਆਨ ਵਿੱਚੋਂ ਨਿਕਲ ਜਾਂਦੇ ਹਨ ਅਤੇ ਫਿਰ ਹਉਮੈ ਵੀ ਨਹੀਂ ਰਹਿੰਦੀ। ਕਿਉਂਕਿ ਇਹ ਜਿੰਨੇ ਵੀ ਪਾਖੰਡ ਹਨ, ਇਹ ਸਾਰੇ ਹਉਮੈ ਵਿੱਚੋਂ ਹੀ ਜਨਮ ਲੈਂਦੇ ਹਨ। ਜਦੋਂ ਕੋਈ ਜ਼ਿਆਦਾ ਦਿਖਾਵਾ ਕਰਦਾ ਹੈ, ਉਹ ਇਸੇ ਲਈ ਕਰਦਾ ਹੈ ਕਿਉਂਕਿ ਉਸਦੇ ਅੰਦਰ ਇੱਕ ਹਉਮੈ ਖਲੌਤੀ ਹੁੰਦੀ ਹੈ ਕਿ ਕੋਈ ਉਸਨੂੰ ਉਸਦੇ ਗੁਆਂਢੀ ਨਾਲੋਂ ਗ਼ਰੀਬ ਨਾ ਆਖ ਦੇਵੇ। ਗੁਆਂਢੀ ਨੇ ਆਪਣੀ ਬੱਚੀ ਦੇ ਵਿਆਹ ਵੇਲੇ ਐਨਾ ਲਾਇਆ ਸੀ, ਮੈਂ ਉਸ ਤੋਂ ਵਾਧੂ ਲਗਾਵਾਂ, ਭਾਵੇਂ ਕਰਜ਼ਾ ਚੁੱਕ ਕੇ ਹੀ ਲਾਵਾਂ। ਇਹ ਸਭ ਕੁਝ ਉਸ ਅੰਦਰ ਦੀ ਹਉਮੈ ਦੀ ਪੂਰਤੀ ਲਈ ਹੀ ਹੋ ਰਿਹਾ ਹੈ। ਜਦੋਂ ਜੀਵਨ ਹਉਮੈ ਦੇ ਵਿੱਚ ਖੜ੍ਹਾ ਹੋਵੇਗਾ, ਤਾਂ ਉਹ ਰੋਗੀ ਹੋਵੇਗਾ। ਗੁਰੂ ਸਾਹਿਬ ਨੇ ਐਵੇਂ ਹੀ ਨਹੀਂ ਬਾਣੀ ਵਿੱਚ ਹਉਮੈ ਨੂੰ ਇੱਕ ਦੀਰਘ ਰੋਗ, ਇੱਕ ਵੱਡਾ ਰੋਗ ਆਖਿਆ ਹੈ। ਨਾਲ ਹੀ ਫਿਰ ਰੋਗੀ ਮਨੁੱਖ ਸੁਖੀ ਕਿਵੇਂ ਹੋ ਸਕਦਾ ਹੈ ?

ਰੋਗੇ ਮਰਤਾ ਰੋਗੇ ਜਨਮੈ ॥
ਰੋਗੇ ਫਿਰਿ ਫਿਰਿ ਜੋਨੀ ਭਰਮੈ ॥

(ਗੁ.ਗ੍ਰੰ.ਸਾ. ਪੰਨਾ : 1140)

ਰੋਗ ਦਾ ਗ੍ਰਸਿਆ ਹੋਇਆ ਮਨੁੱਖ ਦਿਨ-ਰਾਤ ਭਟਕਦਾ ਰਹਿੰਦਾ ਹੈ, ਉਸਨੂੰ ਬਿਲਕੁਲ ਵੀ ਚੈਨ ਨਹੀਂ ਮਿਲਦਾ। ਸੰਸਾਰ ਵਿੱਚ ਵਿਆਪਕ ਸਾਰੇ ਦੁਖਾਂਤਾਂ ਜਾਂ ਪੀੜਾ ਦਾ ਬਹੁਤਾ ਹਿੱਸਾ ਹਉਮੈ ਦਾ ਗ੍ਰਸਿਆ ਹੋਇਆ ਹੈ। ਪਰ ਜਦੋਂ ਗੁਰੂ ਦੀ ਅਗਵਾਈ ਲੈ ਕੇ ਮਨੁੱਖ ਗੁਰਮਤਿ ਦੇ ਘੇਰੇ ਵਿੱਚ ਆਵੇਗਾ, ਉਦੋਂ :

ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥

ਫਿਰ ਕੋਈ ਦਿਖਾਵਾ ਨਹੀਂ ਰਹੇਗਾ, ਕੋਈ ਬਣਾਵਟ ਨਹੀਂ ਰਹੇਗੀ।

ਜਿੱਥੇ ਇਹ ਸਾਰੀਆਂ ਗੱਲਾਂ ਸੰਸਾਰ ਨੂੰ ਸਵਰਗ ਬਣਾਉਣ ਲਈ ਜ਼ਰੂਰੀ ਹਨ, ਉਥੇ ਨਾਲ ਹੀ ਇਹ ਰੱਬ ਦੇ ਮਿਲਾਪ ਵਿੱਚ, ਜੀਵ ਆਤਮਾ ਦੇ ਪਰਮਾਤਮਾ ਨਾਲ ਮਿਲਾਪ ਲਈ ਵੀ ਜ਼ਰੂਰੀ ਹਨ। ਦੋਵਾਂ ਦੇ ਦਰਮਿਆਨ ਵਿੱਚ ਕੋਈ ਪਾਖੰਡ, ਭੁੱਖ ਜਾਂ ਦਿਖਾਵਾ ਨਾ ਹੋਵੇ, ਕੋਈ ਹਉਮੈ ਦਾ ਟਿਕਾਣਾ ਨਾ ਹੋਵੇ। ਕਿਉਂਕਿ ਜਿੰਨੀ ਦੇਰ ਹਉਮੈ ਹੈ, ਉਤਨੀ ਦੇਰ ਮਿਲਾਪ ਨਹੀਂ।

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥

(ਗੁ.ਗ੍ਰੰ.ਸਾ. ਪੰਨਾ : 624)

ਜਿਹੜੀਆਂ ਦਰਮਿਆਨ ਵਿੱਚ ਦੀਵਾਰਾਂ ਹਨ, ਜੋ ਮਨੁੱਖ ਨੂੰ ਦੂਰ ਕਰ ਰਹੀਆਂ ਹਨ, ਉਹ ਹਉਮੈ ਕਰਕੇ ਹੀ ਹਨ। ਰੱਬ ਤਾਂ ਨੇੜੇ ਹੈ, ਪਰ ਮਨੁੱਖ ਤੇ ਉਸਦੇ ਦਰਮਿਆਨ ਵਿੱਚ ਇੱਕ ਹਉਂ ਦਾ ਪਰਦਾ ਹੈ। ਇਹ ਸਭ ਕੁਝ ਗ੍ਰਿਹਸਤ ਜੀਵਨ ਵਿੱਚ ਵੀ ਵਿਆਪ ਸਕਦਾ ਹੈ। ਝੂਠ ਫ਼ਰੇਬ ਆ ਵੱਸੇ ਤਾਂ ਪਤੀ-ਪਤਨੀ ਇੱਕ ਘਰ ਵਿੱਚ ਰਹਿੰਦੇ ਹੋਏ ਵੀ ਇੱਕ-ਦੂਜੇ ਤੋਂ ਦੂਰ ਰਹਿੰਦੇ ਹਨ ਅਤੇ ਉਹਨਾਂ ਦੇ ਆਪਸੀ ਸਬੰਧ ਟੁੱਟ ਜਾਂਦੇ ਹਨ।

ਸੇਜ ਏਕ ਪੈ ਮਿਲਨੁ ਦੁਹੇਰਾ॥

(ਗੁ.ਗ੍ਰੰ.ਸਾ. ਪੰਨਾ : 483)

ਇਹ ਆਤਮਾਵਾਂ ਦੀਆਂ ਵਿਚਾਰਧਾਰਾਵਾਂ ਹਉਮੈ ਕਰਕੇ ਟੁੱਟਦੀਆਂ ਹਨ। ਪਰ ਜਦੋਂ ਜੀਵਨ ਗੁਰਮਤਿ ਦੀ ਕਸਵੱਟੀ 'ਤੇ ਪੂਰਾ ਉਤਰਦਾ ਹੈ, ਗੁਰੂ ਦੀ ਅਗਵਾਈ ਵਿੱਚ ਆ ਜਾਂਦਾ ਹੈ, ਉਦੋਂ ਫਿਰ :


ਹਉਮੈ ਪੀਰ ਗਈ ਸੁਖੁ ਪਾਇਆ
ਆਰੋਗਤ ਭਏ ਸਰੀਰਾ॥

ਵਿਵਹਾਰਕ ਜੀਵਨ ਬਿਲਕੁਲ ਤਬਦੀਲ ਹੋ ਜਾਂਦਾ ਹੈ ਅਤੇ ਇਹ ਅਨੰਦ ਕਾਰਜ ਬਣ ਜਾਂਦਾ ਹੈ।

ਸੋ, ਗੁਰੂ ਹੀ ਸਾਡਾ ਕੁਟੰਬ ਹੈ, ਕੁੜਮ ਹੈ ਅਤੇ ਉਸਨੇ ਹੀ ਆਤਮਾ ਦਾ ਪਰਮਾਤਮਾ ਨਾਲ ਵਿਆਹ ਕਰਾਉਣਾ ਹੈ। ਜੇ ਉਹ ਦਰਮਿਆਨ ਵਿੱਚ ਨਾ ਹੋਵੇ ਤਾਂ ਆਤਮਾ ਪਰਮਾਤਮਾ ਨਾਲ ਨਹੀਂ ਵਿਆਹੀ ਜਾ ਸਕਦੀ। ਇਹ ਸਭ ਗੁਰੂ ਦੀ ਕਿਰਪਾ ਭਾਵ ਪਰਸਾਦ ਨਾਲ ਹੀ ਹੋਣਾ ਹੈ।

ਗੁਰ ਪਰਸਾਦੀ ਬ੍ਰਹਮੁ ਪਛਾਤਾ
ਨਾਨਕ ਗੁਣੀ ਗਹੀਰਾ॥

ਗੁਰੂ ਆਪਣੀ ਸੂਝ, ਆਪਣੇ ਤਜ਼ਰਬੇ ਨਾਲ ਮਿਲਾਪ ਦੇ ਫ਼ੈਸਲੇ ਕਰਦਾ ਹੈ। ਸਾਡੇ ਕੀਤੇ ਫ਼ੈਸਲੇ ਵਿੱਚ ਜੋਸ਼ ਹੋ ਸਕਦਾ ਹੈ, ਪਰ ਉਸਦੇ ਕੋਲ ਹੋਸ਼ ਹੈ। ਉਹ ਦਾਨਾ-ਬੀਨਾ ਹੈ। ਇਸ ਲਈ ਆਪਣੇ ਜੀਵਨ ਦੇ ਫ਼ੈਸਲੇ ਉਸ ਉੱਤੇ ਛੱਡ ਦਿਉ ਅਤੇ ਇਹ ਹੀ ਜੀਵਨ ਦੇ 'ਅਨੰਦ' ਦਾ ਰਾਜ਼ ਹੈ।



ਕੀਤਾ ਲੋੜੀਐ ਕੰਮੁ

ਪਉੜੀ।।

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।।
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।।
ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ।।
ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ।।
ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ।। ੨੦।।

(ਵਾਰ, ਸਿਰੀਰਾਗ, ਗੁਰੂ ਰਾਮ ਦਾਸ ਜੀ, ਪੰਨਾ 91)

ਕੀਤਾ ਲੋੜੀਐ ਕੰਮੁ

ਸਾਰੇ ਮਨੁੱਖਾਂ ਦੇ ਜੀਵਨ ਵਿੱਚ ਇਕੋ-ਇੱਕ ਐਸਾ ਲੇਖ ਹੈ ਜਿਹੜਾ ਸਾਂਝਾ ਹੈ, ਬਾਕੀ ਹਰ ਜੀਵ ਦੇ ਮੱਥੇ ਦੇ ਲੇਖ ਦੂਜੇ ਨਾਲੋਂ ਵੱਖਰੇ ਹਨ। ਭਾਵੇਂ ਇਕੋ ਮਾਂ-ਬਾਪ ਦੀਆਂ ਚਾਰ ਸੰਤਾਨਾਂ ਹੋਣ, ਪਰ ਉਹਨਾਂ ਦੇ ਲੇਖ ਵੱਖਰੇ ਹੁੰਦੇ ਹਨ। ਉਹਨਾਂ ਵਿੱਚੋਂ ਕੋਈ ਪੜ੍ਹ ਜਾਂਦਾ ਹੈ ਤੇ ਕੋਈ ਅਨਪੜ੍ਹ ਰਹਿ ਜਾਂਦਾ ਹੈ, ਕੋਈ ਅਮੀਰ ਬਣ ਜਾਂਦਾ ਹੈ ਤੇ ਕੋਈ ਗ਼ਰੀਬ ਰਹਿ ਜਾਂਦਾ ਹੈ। ਪਰ ਇਹਨਾਂ ਸਭ ਵਿੱਚ ਇਕੋ ਹੀ ਲੇਖ ਸਾਂਝਾ ਹੁੰਦਾ ਹੈ,

ਸਗਲਿਆ ਭਉ ਲਿਖਿਆ ਸਿਰਿ ਲੇਖੁ ॥

(ਗੁ.ਗ੍ਰੰ.ਸਾ. ਪੰਨਾ : 464)

ਉਹ ਲੇਖ ਹੈ 'ਭਉ'।

ਮਨੁੱਖ ਦਾ ਹਰ ਕਦਮ ਕਿਸੇ ਭਉ ਦੇ ਸਾਏ ਹੇਠ ਹੁੰਦਾ ਹੈ ਅਤੇ ਸਾਰੇ ਸੰਸਾਰ ਦੀ ਇਹ ਹੀ ਕਹਾਣੀ ਹੈ। ਮਨੁੱਖ ਸਾਰਾ ਜੀਵਨ ਭੈਅ ਰਹਿਤ ਹੋਣਾ ਚਾਹੁੰਦਾ ਹੈ ਅਤੇ ਆਪਣੇ ਡਰ ਨੂੰ ਮਿਟਾਉਣ ਵਿੱਚ ਹੀ ਲੱਗਾ ਰਹਿੰਦਾ ਹੈ। ਹਰ ਵਕਤ ਭੈਅ ਵਿੱਚ ਹੀ ਰਹਿੰਦਾ ਹੈ ਕਿ ਕਿਤੇ ਕੋਈ ਰੋਗ ਨਾ ਲੱਗ ਜਾਏ, ਇਸ ਕਰਕੇ ਖ਼ੁਰਾਕ ਠੀਕ ਖਾਵਾਂ, ਪਾਣੀ ਉਬਾਲ ਕੇ ਪੀਵਾਂ, ਸਰਦੀ ਵਿੱਚ ਗਰਮ ਕਪੜੇ ਪਾਵਾਂ, ਕਿਤੇ ਠੰਡ ਨਾ ਲੱਗ ਜਾਏ ਆਦਿ। ਜੀਵ ਦਾ ਸਾਰਾ ਜੀਵਨ ਕਿਸੇ ਨਾ ਕਿਸੇ ਭੈਅ ਨਾਲ ਗ੍ਰਸਿਆ ਹੋਇਆ ਹੈ।

ਜਨਮ ਤੋਂ ਲੈ ਕੇ ਅਖੀਰ ਤਕ ਇਹ ਆਪਣੇ ਜੀਵਨ ਨੂੰ ਲੁਕਾਉਂਦਾ ਫਿਰਦਾ ਹੈ, ਸੁਰੱਖਿਅਤ ਕਰਦਾ ਫਿਰਦਾ ਹੈ, ਸਾਂਭਦਾ ਫਿਰਦਾ ਹੈ। ਜੇ ਕਿਤੇ ਬਾਹਰ ਜਾਂਦਾ ਹੈ ਤਾਂ ਇਕੋ ਹੀ ਚਿੰਤਾ ਰਹਿੰਦੀ ਹੈ ਕਿ ਸਫ਼ਰ ਸੁਰੱਖਿਅਤ ਰਹੇ ਅਤੇ ਜੇ ਘਰ ਦੇ ਅੰਦਰ ਹੁੰਦਾ ਹੈ ਤਾਂ ਹਰ ਪਾਸੋਂ ਦਰਵਾਜ਼ੇ ਬੰਦ ਕਰਦਾ ਫਿਰਦਾ ਹੈ। ਹਰ ਵਕਤ ਕਿਸੇ ਨਾ ਕਿਸੇ ਰੂਪ ਵਿੱਚ ਭੈਅ ਇਸ ਦੇ ਦੁਆਲੇ ਰਹਿੰਦਾ ਹੈ। ਮਨੁੱਖ ਸਾਰੀ ਜ਼ਿੰਦਗੀ ਭੈਅ ਵਿੱਚ ਜੀਅ ਰਿਹਾ ਹੈ ਤੇ ਕੋਸ਼ਿਸ਼ ਕਰਦਾ ਰਹਿੰਦਾ ਹੈ ਕਿ ਭੈਅ ਰਹਿਤ ਹੋ ਜਾਵਾਂ। ਉਸ ਦੀ ਇਹੀ ਕੋਸ਼ਿਸ਼ ਰਹਿੰਦੀ ਹੈ ਕਿ ਉਹ ਨਿਰਭਉ ਹੋ ਜਾਏ।

ਸੰਸਾਰ ਦੇ ਅੰਦਰ ਦੋ ਹੀ ਵਾਤਾਵਰਣ ਹਨ - ਇੱਕ 'ਭਉ' ਤੇ ਦੂਜਾ 'ਨਿਰਭਉ'।

ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥

(ਗੁ.ਗ੍ਰੰ.ਸਾ. ਪੰਨਾ : 464)

ਇੱਕ ਪ੍ਰਭੂ ਹੀ ਹੈ ਜੋ ਨਿਰਭਉ ਹੈ। ਹੁਣ ਗੁਰੂ, ਸੰਸਾਰ ਨੂੰ ਨਿਰੰਕਾਰ ਨਾਲ ਪਿਉਂਦ ਕਰਦਾ ਹੈ, ਜੋੜਦਾ ਹੈ। ਗੁਰੂ ਚਾਹੁੰਦਾ ਹੈ ਕਿ ਜੇ ਉਹ ਨਿਰੰਕਾਰ ਨਿਰਭਉ ਹੈ, ਤਾਂ ਇਹ ਸੰਸਾਰ ਵੀ ਨਿਰਭਉ ਹੋ ਜਾਏ। ਜੇ ਉਹ ਪ੍ਰਭੂ ਅਬਿਨਾਸੀ ਹੈ, ਤਾਂ ਇਹ ਸੰਸਾਰ ਵੀ ਅਬਿਨਾਸੀ ਹੋ ਜਾਏ।

ਓਹੁ ਅਬਿਨਾਸੀ ਰਾਇਆ॥

ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ॥

(ਗੁ.ਗ੍ਰੰ.ਸਾ. ਪੰਨਾ : 206)

ਹੇ ਪ੍ਰਭੂ ! ਤੂੰ ਅਬਿਨਾਸੀ ਹੈ, ਤੂੰ ਨਿਰਭਉ ਹੈ, ਤੇ ਜਿਹੜੇ ਤੇਰੇ ਨਾਲ ਰਹਿੰਦੇ ਹਨ, ਉਹਨਾਂ ਦੇ ਨੇੜੇ ਡਰ ਵੀ ਨਹੀਂ ਆ ਸਕਦਾ। ਉਹ ਪ੍ਰਭੂ ਭੈਅ ਖ਼ਤਮ ਕਰਨ ਵਾਲਾ ਹੈ।

ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ॥

ਉਸ ਨਾਲ ਪਿਉਂਦ ਹੋ ਕੇ, ਜੁੜ ਕੇ ਮਨੁੱਖ ਦਾ ਡਰ ਖ਼ਤਮ ਹੋ ਜਾਂਦਾ ਹੈ।

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥

ਇਹ ਅਰਦਾਸ ਰੂਪ ਸ਼ਬਦ ਜ਼ਿਆਦਾਤਰ ਅਨੰਦ ਕਾਰਜ ਦੇ ਸਬੰਧ ਵਿੱਚ ਪੜ੍ਹਿਆ ਜਾਂਦਾ ਹੈ। ਇਹ ਅਨੰਦ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਅਰੰਭਤਾ ਲਈ ਇੱਕ ਅਰਦਾਸ ਹੈ, ਕਿਉਂਕਿ ਸਿੱਖ ਦਾ ਹਰੇਕ ਕਾਜ ਅਰਦਾਸ ਤੋਂ ਹੀ ਸ਼ੁਰੂ ਹੁੰਦਾ ਹੈ। ਨਾਲ ਹੀ ਅਰਦਾਸ ਕਰਨ ਤੋਂ ਬਾਅਦ ਉਸਦਾ ਸਾਰਾ ਭੈਅ, ਚਿੰਤਾ ਆਦਿ ਖ਼ਤਮ ਹੋ ਜਾਂਦਾ ਹੈ।

ਅਰਦਾਸ ਇੱਕ ਸਾਧਨ ਹੈ ਨਿਰਭਉ ਹੋਣ ਲਈ, ਜੋ ਹਰੇਕ ਸਿੱਖ ਦੇ ਕੋਲ ਹੈ। ਅਰਦਾਸ ਗੁਰੂ ਵੱਲੋਂ ਸਿੱਖ ਨੂੰ ਬਖ਼ਸ਼ੀ ਗਈ ਸਭ ਤੋਂ ਵੱਡੀ ਸ਼ਕਤੀ ਹੈ।

ਇਸ ਅਰਦਾਸ ਤੋਂ ਬਾਅਦ ਅਨੰਦ ਕਾਰਜ ਦੀ ਪ੍ਰਾਰੰਭਤਾ ਕਰਨ ਲਈ ਗੁਰੂ ਸਾਹਿਬ ਤੋਂ ਹੁਕਮ ਲੈਣਾ ਹੈ ਅਤੇ ਫਿਰ ਪੱਲਾ ਫੜਾਉਣ ਦੀ ਰਸਮ ਕਰਨੀ ਹੈ। ਇਹ ਸਭ ਅਨੰਦ ਕਾਰਜ ਸ਼ੁਰੂ ਹੋਣ ਤੋਂ ਪਹਿਲਾਂ ਹੋਣਾ ਹੈ। 'ਸਿੱਖ ਰਹਿਤ ਮਰਿਆਦਾ' ਮੁਤਾਬਿਕ ਅਨੰਦ ਕਾਰਜ ਵਿੱਚ ਕੇਵਲ ਚਾਰ ਲਾਵਾਂ ਹਨ। ਪਰ ਨਾਲ ਹੀ ਇਹ ਵੀ ਅੰਕਿਤ ਹੈ ਕਿ ਸਿੱਖ ਨੂੰ ਹਰੇਕ ਕਾਰਜ ਕਰਨ ਤੋਂ ਪਹਿਲਾਂ ਅਰਦਾਸ ਕਰਨੀ ਚਾਹੀਦੀ ਹੈ। ਫਿਰ ਉਹ ਸਮਰੱਥ ਗੁਰੂ ਉਸ ਉਤੇ ਕਿਰਪਾ ਕਰੇਗਾ।

ਸਮਰਥ ਗੁਰੂ ਸਿਰਿ ਹਥੁ ਧਰ੍ਉ॥

ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ

ਜਿਸੁ ਦੇਖਿ ਚਰੰਨ ਅਘੰਨ ਹਰ੍ਉ॥

(ਗੁ.ਗ੍ਰੰ.ਸਾ. ਪੰਨਾ : 1400)

ਗੁਰੂ ਅਰਦਾਸ ਦੇ ਰੂਪ ਵਿੱਚ ਇੱਕ ਸਾਧਨ ਦਿੰਦਾ ਹੈ ਕਿ ਉਸ ਨਿਰਭਉ ਨੂੰ ਜਪਣਾ ਸ਼ੁਰੂ ਕਰ ਦਿਉ ਅਤੇ ਉਸ ਨਾਲ ਜੁੜ ਜਾਉ। ਜਦੋਂ ਮਨੁੱਖ ਉਸ ਨਿਰਭਉ ਨਾਲ ਜੁੜੇਗਾ, ਤਾਂ ਉਸ ਕੋਲੋਂ ਮੌਤ ਵੀ ਡਰੇਗੀ।

ਨਿਸਿ ਬਾਸੁਰ ਏਕ ਸਮਾਨ ਧਿਆਨ

ਸੁ ਨਾਮ ਸੁਨੇ ਸੁਤੁ ਭਾਨ ਡਰ੍ਉ।।

(ਗੁ.ਗ੍ਰੰ.ਸਾ. ਪੰਨਾ : 1400)

ਸੂਰਜ ਨੂੰ ਭਾਨ ਆਖਿਆ ਜਾਂਦਾ ਹੈ। ਸ਼ਾਸਤਰਾਂ ਮੁਤਾਬਿਕ ਜੰਮ ਭਾਵ ਮੌਤ ਨੂੰ ਸੂਰਜ ਦਾ ਪੁੱਤਰ ਆਖਿਆ ਗਿਆ ਹੈ। ਭਲਾ ! ਉਸ ਮਨੁੱਖ ਨੂੰ ਸੂਰਜ ਦੇ ਪੁੱਤਰ ਭਾਵ ਜੰਮ ਦਾ ਕੀ ਡਰ, ਜੋ ਉਸ ਪ੍ਰਭੂ ਨਾਲ ਜੁੜਦਾ ਹੈ। ਫਿਰ ਜੀਵਨ ਦੇ ਇਸ ਵੇਗ ਵਿੱਚ ਕੋਈ ਉਸ ਦਾ ਕੁਝ ਨਹੀਂ ਵਿਗਾੜ ਸਕਦਾ, ਉਸ ਦੇ ਰਾਹ ਵਿੱਚ ਕੋਈ ਰੁਕਾਵਟ, ਗ੍ਰਹਿ ਆਦਿ ਨਹੀਂ ਆਉਂਦੇ।

ਇਹ ਗ੍ਰਹਿ ਆਖਰ ਕੀ ਹਨ ਤੇ ਇਹ ਕਿਵੇਂ ਬਦਲਦੇ ਹਨ ? ਇਹ ਗ੍ਰਹਿ ਸੂਰਜ ਦੀ ਚਾਲ ਕਰਕੇ ਬਦਲਦੇ ਰਹਿੰਦੇ ਹਨ। ਇਸ ਲਈ ਸ਼ਾਸਤਰਕਾਰ ਬ੍ਰਾਹਮਣਵਾਦੀ ਸੋਚ ਅਨੁਸਾਰ ਆਖਦਾ ਹੈ ਕਿ ਬਦਲੇ ਹੋਏ ਹਰੇਕ ਗ੍ਰਹਿ ਦਾ ਜੀਵਨ ਦੇ ਹਰ ਮੋੜ 'ਤੇ ਆਪਣਾ ਪ੍ਰਭਾਵ ਹੈ। ਉਸਦੇ ਮੁਤਾਬਿਕ ਕਈ ਗ੍ਰਹਿ ਬਹੁਤ ਮਾੜੇ ਹਨ ਤੇ ਜੇ ਉਹ ਕਿਸੇ ਦੇ ਜੀਵਨ ਰੂਪੀ ਘਰ ਵਿੱਚ ਪ੍ਰਵੇਸ਼ ਕਰ ਜਾਣ, ਤਾਂ ਉਸਦਾ ਸਮਾਂ ਗ੍ਰਹਿ ਰੂਪ ਵਿੱਚ ਬਦਲਦਾ ਰਹਿੰਦਾ ਹੈ ਅਤੇ ਉਸਦਾ ਕੋਈ ਕਾਜ ਪੂਰਾ ਨਹੀਂ ਹੁੰਦਾ। ਬ੍ਰਾਹਮਣ ਨੇ ਇੱਕ ਬਹੁਤ ਵੱਡੀ ਚਾਲਾਕੀ ਇਹ ਕੀਤੀ ਕਿ ਉਸਨੇ ਸਮਾਜ ਨੂੰ ਵਿੱਦਿਆ ਨਾ ਲੈਣ ਦਿੱਤੀ, ਵਿੱਦਿਆ ਦੇ ਕੇਂਦਰ ਆਪਣੇ ਕੋਲ ਰੱਖ ਲਏ ਅਤੇ ਲੋਕਾਈ ਵਿੱਚ ਡਰ-ਵਹਿਮ-ਭਰਮ ਆਦਿ ਪੈਦਾ ਕਰ ਦਿੱਤੇ। ਇਸ ਨਾਲ ਕੀ ਹੋਇਆ ਕਿ ਆਮ ਮਨੁੱਖ ਹਰੇਕ ਕਾਜ ਲਈ ਬ੍ਰਾਹਮਣ ਵੱਲ ਵੇਖਣ ਲੱਗ ਪਿਆ। ਕੋਈ ਵੀ ਕਾਜ ਕਰਨ ਤੋਂ ਪਹਿਲਾਂ ਉਹ ਬ੍ਰਾਹਮਣ ਕੋਲੋਂ ਸਮਾਂ ਪੁੱਛਣ ਜਾਂਦਾ। ਬ੍ਰਾਹਮਣ ਨੇ ਫਿਰ ਉਹ ਸਮਾਂ, ਗ੍ਰਹਿਆਂ ਦੇ ਮੁਤਾਬਿਕ, ਪਤਰੀ ਵਾਚ ਕੇ, ਚੰਗੀ ਤਰ੍ਹਾਂ ਪੜ੍ਹ ਕੇ ਦੱਸਣਾ ਕਿ ਤੁਹਾਡੇ ਜੀਵਨ ਦੇ ਘਰ ਵਿੱਚ ਇਹ ਗ੍ਰਹਿ ਆ ਗਿਆ ਹੈ। ਨਾਲ ਹੀ ਇਹ ਵੀ ਦੱਸਣਾ ਕਿ ਇਹ ਗ੍ਰਹਿ ਤੁਹਾਡੇ ਜੀਵਨ ਦੇ ਅੰਦਰ ਵੱਡੀ ਰੁਕਾਵਟ ਖੜ੍ਹੀ ਕਰ ਸਕਦਾ ਹੈ। ਇਸ ਲਈ ਇਸ ਗ੍ਰਹਿ ਦੇ ਨਿਕਲ ਜਾਣ ਦੀ ਉਡੀਕ ਕਰੋ, ਨਹੀਂ ਤਾਂ ਇਸ ਗ੍ਰਹਿ ਦੀ ਨਵਿਰਤੀ ਲਈ, ਇਸ ਗ੍ਰਹਿ ਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਉਸ ਕੋਲੋਂ ਕੋਈ ਜਪ-ਤਪ ਆਦਿਕ ਕਰਾ ਲਿਆ ਜਾਵੇ।

ਇਸ ਤਰ੍ਹਾਂ ਮਨੁੱਖ ਭਰਮ ਵਿੱਚ ਫੱਸ ਗਿਆ ਤੇ ਗ੍ਰਿਹਾਂ ਕੋਲੋਂ ਡਰਨ ਲੱਗ ਪਿਆ। ਪਰ ਗੁਰਬਾਣੀ ਵਿੱਚ ਇੱਕ ਖ਼ਿਆਲ ਦੇ ਦਿੱਤਾ ਗਿਆ :

ਗਰਹ ਨਿਵਾਰੇ ਸਤਿਗੁਰੂ ਦੇ ਆਪਣਾ ਨਾਉ।।

(ਗੁ.ਗ੍ਰੰ.ਸਾ. ਪੰਨਾ : 400)

ਅਤੇ

ਨਿਰਭਉ ਜਪੈ ਸਗਲ ਭਉ ਮਿਟੈ।।

(ਗੁ.ਗ੍ਰੰ.ਸਾ. ਪੰਨਾ : 293)

ਸਗਲ ਦਾ ਅਰਥ ਹੈ ਸਾਰੇ। ਸੰਸਾਰ ਵਿੱਚ ਵਿਆਪਕ ਜਿੰਨੇ ਵੀ ਡਰ ਹਨ, ਭਾਵੇਂ ਕਿਸੇ ਗ੍ਰਹਿ ਜਾਂ ਮੌਤ ਦੇ, ਉਹ ਉਸ ਨਿਰਭਉ ਨਾਲ ਜੁੜ ਕੇ ਮਿੱਟ ਜਾਂਦੇ ਹਨ।

ਪਰ ਸਿੱਖ ਵੀ ਇੱਕ ਪਾਸੇ ਤਾਂ ਅਨੰਦ ਕਾਰਜ ਤੋਂ ਪਹਿਲਾਂ ਅਰਦਾਸ ਕਰੀ ਜਾਂਦਾ ਹੈ :

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।।

ਅਤੇ ਜੇ ਉਹ ਵੀ ਪੰਡਿਤ ਜਾਂ ਬ੍ਰਾਹਮਣ ਕੋਲ ਲਗਨ ਗਿਣਾਉਣ ਤੇ ਗ੍ਰਹਿ ਪੁੱਛਣ ਲਈ ਤੁਰ ਪਵੇ, ਤਾਂ ਇਸਦਾ ਮਤਲਬ ਇਹ ਹੈ ਕਿ ਉਸਨੂੰ ਆਪਣੇ ਗੁਰੂ 'ਤੇ ਵਿਸ਼ਵਾਸ ਨਹੀਂ। ਉਹ ਗੁਰੂ ਨਾਲ ਨਹੀਂ ਜੁੜਿਆ ਹੋਇਆ। ਉਸਦੇ ਵਿੱਚ :

ਅੰਤਰਿ ਅਗਿਆਨੁ ਭਈ ਮਤਿ ਮਧਿਮ
ਸਤਿਗੁਰ ਕੀ ਪਰਤੀਤਿ ਨਾਹੀ।।

(ਗੁ.ਗ੍ਰੰ.ਸਾ. ਪੰਨਾ : 652)

'ਮਧਿਮ' ਕਹਿੰਦੇ ਹਨ ਦਰਮਿਆਨ ਨੂੰ। ਇਹ ਮੱਧਮ ਮਤ ਹੈ, ਨਾ ਉੱਚੀ ਤੇ ਨਾ ਨੀਵੀਂ। ਜੇ ਕਿਸੇ ਦਾ ਗੁਰੂ ਨਾ ਹੋਵੇ, ਉਸਦੀ ਗੁਰੂ ਨਾਲ ਕੋਈ ਸਾਂਝ ਹੀ ਨਾ ਹੋਵੇ, ਉਹ ਨਿਗੁਰਾ ਹੈ। ਉਹ ਕਦੇ ਗੁਰਦੁਆਰੇ ਹੀ ਨਾ ਗਇਆ ਹੋਵੇ, ਉਸਨੇ ਗੁਰੂ ਦੀ ਮਤ ਨਾ ਲਈ ਹੋਵੇ, ਤਾਂ ਇਹ ਮੰਨਿਆ ਜਾ ਸਕਦਾ ਹੈ ਕਿ ਉਹ ਨੀਚ ਮਤ ਦਾ ਹੈ। ਦੂਜੇ ਪਾਸੇ ਕੋਈ ਮਨੁੱਖ ਉੱਤਮ ਮਤ ਦਾ ਹੋਵੇ, ਉਹ ਗੁਰੂ ਦੀ ਗੱਲ ਸੁਣੇ ਵੀ, ਉਸਨੂੰ ਸਮਝੇ ਵੀ ਤੇ ਉਸ ਅਨੁਸਾਰ ਆਪਣਾ ਜੀਵਨ ਵੀ ਢਾਲ ਲਏ। ਪਰ ਇਥੇ ਗੁਰੂ ਸਾਹਿਬ ਆਖਦੇ ਹਨ ਕਿ ਇਹ ਦਰਮਿਆਨ ਵਿੱਚ ਖਲੋਤਾ ਹੋਇਆ ਹੈ। ਗੁਰੂ ਨੂੰ ਮੱਥੇ ਵੀ ਟੇਕਦਾ ਹੈ, ਗੁਰੂ ਵਾਲਾ ਵੀ ਬਣਦਾ ਹੈ, ਸਿੱਖ ਵੀ ਅਖਵਾਉਂਦਾ ਹੈ, ਅਰਦਾਸ ਵੀ ਕਰਦਾ ਹੈ ਪਰ ਉਸ ਉੱਤੇ ਵਿਸ਼ਵਾਸ ਨਹੀਂ ਕਰਦਾ। ਇਸਨੂੰ ਕਹਿੰਦੇ ਹਨ ਮੱਧਮ ਮਤ।

ਜੇ ਸਿੱਖ ਵੀ ਕਿਸੇ ਥਾਂ 'ਤੇ ਗ੍ਰਹਿ ਜਾਂ ਲਗਨ ਕਢਾਉਣ ਜਾਂਦਾ ਹੈ, ਪੰਡਿਤ ਕੋਲੋਂ ਸਮਾਂ ਵਿਚਾਰਨ ਜਾਂਦਾ ਹੈ, ਤਾਂ ਉਹ ਗੁਰੂ ਵਾਲਾ ਨਹੀਂ, ਬਲਕਿ ਉਸ ਮੱਧਮ ਮਤ ਦੇ ਘੇਰੇ ਵਿੱਚ ਖਲੋਤਾ ਹੈ। ਐਸੇ ਅਖੌਤੀ ਸਿੱਖ ਕਈ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਲੱਗਿਆ ਵੀ ਇਹੀ ਸੋਚਦੇ ਹਨ ਕਿ ਪਤਾ ਨਹੀਂ ਕਿਸੇ ਕੋਈ ਗ੍ਰਹਿ ਦਾ ਪ੍ਰਭਾਵ ਨਾ ਪੈ ਜਾਏ, ਇਸ ਲਈ ਆਖਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੂੰਹ ਇਸ ਪਾਸੇ ਨਹੀਂ, ਬਲਕਿ ਦੂਜੇ ਪਾਸੇ ਕਰਨਾ ਹੈ। ਐਸੇ ਲੋਕਾਂ ਕੋਲ ਗੁਰੂ ਹੈ, ਪਰ ਪਰਤੀਤ ਨਹੀਂ। ਉਹ ਅਜੇ ਵੀ ਲਗਨ, ਗ੍ਰਹਿ ਆਦਿ ਪੰਡਿਤ ਕੋਲੋਂ ਪੁੱਛ ਕੇ ਹੀ ਕਰਦੇ ਹਨ। ਗੁਰੂ ਸਾਹਿਬ ਨੇ ਸੂਹੀ ਰਾਗ ਵਿੱਚ ਲਾਵਾਂ ਦੇ ਸ਼ਬਦ ਤੋਂ ਪਹਿਲਾਂ ਪੰਡਿਤ ਕੋਲੋਂ ਲਗਨ ਤੇ ਪਤਰੀ ਵਾਚਣ ਦੀ ਵੀ ਗੱਲ ਕੀਤੀ ਹੈ :

ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ।।
ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ।।

(ਗੁ.ਗ੍ਰੰ.ਸਾ. ਪੰਨਾ : 773)

ਪਰ ਇਥੇ ਕਿਸ ਪੰਡਿਤ ਦੀ ਲੋੜ ਦੱਸੀ ਗਈ ਹੈ ? ਗੁਰੂ ਸਾਹਿਬ ਦੱਸਦੇ ਹਨ ਕਿ ਕੋਈ ਕਿਸੇ ਬ੍ਰਾਹਮਣ ਦੇ ਘਰ ਜਨਮ ਲੈਣ ਨਾਲ ਹੀ ਪੰਡਿਤ ਨਹੀਂ ਹੋ ਜਾਂਦਾ, ਬਲਕਿ ਉਸ ਪੰਡਿਤ ਦੀ ਗੱਲ ਕਰਦੇ ਹਨ ਜੋ ਕਿ ਹਰ ਸਿੱਖ ਬਣ ਸਕਦਾ ਹੈ।

ਸੋ ਪੰਡਿਤੁ ਜੋ ਮਨੁ ਪਰਬੋਧੈ।।
ਰਾਮ ਨਾਮੁ ਆਤਮ ਮਹਿ ਸੋਧੈ।।

(ਗੁ.ਗ੍ਰੰ.ਸਾ. ਪੰਨਾ : 274)

ਪੰਡਿਤ ਦਾ ਅਰਥ ਹੈ ਵਿਦਵਾਨ। ਪੰਡਿਤ ਇੱਕ ਡਿਗਰੀ ਹੈ ਜੋ ਉਸ ਸਮੇਂ ਵਿੱਦਿਆ ਲਈ ਦਿੱਤੀ ਜਾਂਦੀ ਸੀ। ਇਹੋ ਕਾਰਣ ਸੀ ਕਿ ਜਿਹੜੇ ਪੰਡਿਤਾਈ ਦੀ ਡਿਗਰੀ ਲੈ ਕੇ ਆਉਂਦੇ ਸਨ, ਉਹ ਸਿੱਖ ਵੀ ਆਪਣੇ ਆਪ ਨੂੰ ਪੰਡਿਤ ਅਖਵਾਉਂਦੇ ਸਨ, ਜਿਵੇਂ ਪੰਡਿਤ ਕਰਤਾਰ ਸਿੰਘ ਦਾਖਾ, ਪੰਡਿਤ ਤਾਰਾ ਸਿੰਘ ਨਰੋਤਮ ਆਦਿ।

ਇਸ ਤਰ੍ਹਾਂ ਇੱਕ ਸਿੱਖ ਜਦੋਂ ਸੱਚ ਦੀ, ਗੁਰਮਤਿ ਦੀ ਵਿੱਦਿਆ ਪ੍ਰਾਪਤ ਕਰ ਲੈਂਦਾ ਹੈ, ਉਹ ਵੀ ਪੰਡਿਤ ਹੋ ਜਾਂਦਾ ਹੈ। ਨਾਲ ਹੀ ਪਾਧਾ ਹੁੰਦਾ ਹੈ ਪੜ੍ਹਾਉਣ ਵਾਲਾ, ਸਿੱਖਿਆ ਦੇਣ ਵਾਲਾ ਭਾਵ ਗੁਰੂ :

ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ
ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ।।

(ਗੁ.ਗ੍ਰੰ.ਸਾ. ਪੰਨਾ : 168)

ਗੁਰੂ ਪਾਧਾ ਹੈ ਤੇ ਗੁਰੂ ਨੂੰ ਵਿਚਾਰਨ ਵਾਲਾ, ਬਾਣੀ ਨੂੰ ਸਮਝਣ ਵਾਲਾ ਪੰਡਿਤ ਹੈ।

ਇਸ ਲਈ ਇਹ ਫ਼ੈਸਲਾ ਗੁਰੂ ਕੋਲੋਂ ਲਈਏ ਕਿ ਕਦੋਂ ਵਿਆਹ ਕਰੀਏ, ਕਦੋਂ ਆਤਮਾ ਤੇ ਪਰਮਾਤਮਾ ਦਾ ਮਿਲਾਪ ਹੋਵੇ। ਫਿਰ ਗੁਰੂ ਬੜਾ ਖ਼ੂਬਸੂਰਤ ਫ਼ੈਸਲਾ ਦੇਵੇਗਾ ਕਿ ਕਿਸੇ ਸਮੇਂ ਜਾਂ ਗ੍ਰਹਿ ਦੀ ਚਾਲ ਨੇ ਕੋਈ ਅਸਰ ਨਹੀਂ ਕਰਨਾ। ਜਦੋਂ ਇਹ ਸੁਆਲ ਹੋਵੇਗਾ ਕਿ :

ਸਾ ਵੇਲਾ ਕਹੁ ਕਉਣੁ ਹੈ ਜਿਤੁ ਪ੍ਰਭ ਕਉ ਪਾਈ।।

(ਗੁ.ਗ੍ਰੰ.ਸਾ. ਪੰਨਾ : 709)

ਫਿਰ ਜੁਆਬ ਇਹ ਮਿਲੇਗਾ :

ਸੋ ਮੂਰਤੁ ਭਲਾ ਸੰਜੋਗੁ ਹੈ ਜਿਤੁ ਮਿਲੈ ਗੁਸਾਈ।।

(ਗੁ.ਗ੍ਰੰ.ਸਾ. ਪੰਨਾ : 709)

ਜਿਸ ਪਲ ਮਿਲਾਪ ਹੋ ਜਾਏ, ਉਹ ਸਭ ਤੋਂ ਪਵਿੱਤਰ ਸਮਾਂ ਹੈ ਅਤੇ ਜਿਸ ਪਲ ਵਿੱਚ ਵਿੱਛੜ

ਜਾਏ, ਉਹ ਭਾਵੇਂ ਜਿੰਨਾ ਮਰਜ਼ੀ ਚੰਗਾ ਗ੍ਰਹਿ ਜਾਂ ਮਹੂਰਤ ਹੋਵੇ, ਉਹ ਕਿਸੇ ਕੰਮ ਦਾ ਨਹੀਂ। ਮਿਲਾਪ ਨੇ ਸਮੇਂ ਨੂੰ ਪਵਿੱਤਰ ਕਰਨਾ ਹੈ। ਇਸ ਲਈ ਕਿਸੇ ਅਖੌਤੀ ਪੰਡਿਤ-ਪਾਧੇ ਦੀ ਲੋੜ ਨਹੀਂ, ਕਿਸੇ ਨੂੰ ਉਡੀਕਣ ਦੀ ਲੋੜ ਨਹੀਂ ਅਤੇ ਕਿਸੇ ਗ੍ਰਹਿ ਦਾ ਕੋਈ ਡਰ ਨਹੀਂ ਹੋਣਾ ਚਾਹੀਦਾ। ਜਦੋਂ ਕਾਰਜ ਸ਼ੁਰੂ ਕਰਨਾ ਹੋਵੇ, ਕਿਸੇ ਨੂੰ ਪੁੱਛਣ ਦੀ ਲੋੜ ਨਹੀਂ, ਬਸ :

ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ॥

(ਗੁ.ਗ੍ਰੰ.ਸਾ. ਪੰਨਾ : 773)

ਪਰ ਅੱਜ ਕਈ ਥਾਈਂ ਹਾਲਾਤ ਹੋਰ ਬਣੇ ਹੋਏ ਹਨ। ਇੱਕ ਪਾਸੇ ਅਰਦਾਸ ਵੀ ਕਰੀ ਜਾ ਰਹੇ ਹਨ ਤੇ ਦੂਜੇ ਪਾਸੇ ਗ੍ਰਹਿ ਆਦਿ ਦੇ ਚੱਕਰਾਂ ਵਿੱਚ ਵੀ ਪਏ ਹੋਏ ਹਨ। ਇਹ ਹੀ ਸਾਡਾ ਦੁਖਾਂਤ ਹੈ। ਜਦੋਂ ਸਿੱਖ ਪਰਿਵਾਰਾਂ ਵਿੱਚ ਇਹ ਮਨਮਤ ਦੀ ਗੱਲ ਆ ਜਾਂਦੀ ਹੈ, ਤਾਂ ਅਸੀਂ ਗੁਰੂ ਨਾਲ ਮਾਨੋ ਮਜ਼ਾਕ ਕਰ ਰਹੇ ਹੁੰਦੇ ਹਾਂ।

ਇਸੇ ਤਰ੍ਹਾਂ ਜੈ-ਮਾਲਾ ਵੀ ਆਪਣੇ ਢੰਗ ਵਿੱਚ ਇੱਕ ਵਿਆਹ ਹੈ। ਪੁਰਾਤਨ ਸਮੇਂ ਅੰਦਰ ਇਹ ਇੱਕ ਰਿਵਾਜ਼ ਸੀ। ਜਦੋਂ ਅਸੀਂ ਵਿਆਹ ਤੋਂ ਇੱਕ ਦਿਨ ਪਹਿਲਾਂ ਰਾਤ ਨੂੰ ਕਿਸੇ ਦੂਜੇ ਖ਼ਿਆਲ ਦੇ ਮੁਤਾਬਿਕ ਜੈ-ਮਾਲਾ ਕਰ ਲੈਂਦੇ ਹਾਂ, ਤਾਂ ਸਮਝੋ ਕਿ ਉਸ ਮਰਿਆਦਾ ਨਾਲ ਵਿਆਹ ਹੋ ਗਿਆ, ਤੇ ਫਿਰ ਸਵੇਰੇ ਗੁਰੂ ਸਾਹਿਬ ਕੋਲ ਕੀ ਕਰਨ ਜਾਣਾ ਹੈ ? ਇਹ ਤਾਂ ਮਾਨੋ ਗੁਰੂ ਸਾਹਿਬ ਨਾਲ ਮਜ਼ਾਕ ਹੋ ਗਿਆ। ਵਿਆਹ ਤਾਂ ਜੈ-ਮਾਲਾ ਨਾਲ ਹੋ ਗਿਆ, ਫਿਰ ਹੁਣ ਗੁਰੂ ਸਾਹਿਬ ਵੱਲੋਂ ਦਿੱਤਾ ਅਨੰਦ ਕਾਰਜ ਅਸੀਂ ਕਿਸ ਲਈ ਕਰਦੇ ਹਾਂ ?

ਗੁਰੂ ਦੇ ਹਰ ਬਚਨ, ਹਰ ਗੱਲ ਵਿੱਚ ਕੋਈ ਰਾਜ਼ ਹੈ, ਕੋਈ ਬਖ਼ਸ਼ਿਸ਼ ਹੈ ਅਤੇ ਉਸ ਬਖ਼ਸ਼ਿਸ਼ ਨੂੰ ਵਿਅਰਥ ਨਾ ਕੀਤਾ ਜਾਵੇ। ਇਥੇ ਇੱਕ ਉਦਾਹਰਣ ਦੇਣਾ ਚਾਹੁੰਦਾ ਹਾਂ।

ਮਹਾਨ ਵਿਦਵਾਨ ਪੰਡਿਤ ਨਿਹਚਲ ਸਿੰਘ ਜੀ ਇੱਕ ਵਾਰ ਕਹਿਣ ਲੱਗੇ ਕੋਈ ਕਵੀ ਕਿਸੇ ਫੁਲਵਾੜੀ ਵਿੱਚ ਗਿਆ ਤੇ ਉਸਨੇ ਵੇਖਿਆ ਕਿ ਭੰਵਰਾ ਆਇਆ, ਉਸਨੇ ਹਰ ਫੁੱਲ ਉੱਤੋਂ ਖ਼ੁਸ਼ਬੂ ਲਈ, ਆਪਣੀ ਨੇੜਤਾ ਪੈਦਾ ਕੀਤੀ। ਪਰ ਉਹ ਭੰਵਰਾ ਚੰਬੇ ਦੇ ਫੁੱਲ ਦੇ ਨੇੜੇ ਨਹੀਂ ਗਿਆ। ਕਵੀ ਨੇ ਸ਼ਾਮ ਤਕ ਉਡੀਕ ਕੀਤੀ, ਪਰ ਉਹ ਭੰਵਰਾ ਉਸ ਫੁੱਲ ਦੇ ਨੇੜੇ ਨਹੀਂ ਗਿਆ। ਫਿਰ ਕਵੀ ਨੇ ਫੁੱਲ ਨੂੰ ਸੰਬੋਧਨ ਕਰਦਿਆਂ ਪੁੱਛਿਆ, ਹੇ ਚੰਬਾ ! ਕੀ ਤੇਰੇ ਵਿੱਚ ਕੋਈ ਗੁਨਾਹ ਹੈ, ਤੇਰੇ ਕੋਲ ਵੀ ਬਾਕੀ ਫੁੱਲਾਂ ਵਾਂਗ ਤਿੰਨੋ ਗੁਣ - ਰੂਪ, ਰੰਗ ਤੇ ਬਾਸ ਹਨ। ਫਿਰ ਤੇਰੇ ਕੋਲ ਕੀ ਕਮੀ ਹੈ ਜੋ ਭੰਵਰਾ ਤੇਰੇ ਕੋਲ ਨਹੀਂ ਆਇਆ ?

ਚੰਪਾ ਤੁਝ ਮਹਿ ਤੀਨ ਗੁਣ ਰੂਪ ਰੰਗ ਅਰ ਬਾਸ।
ਵੋ ਅਵਗੁਣ ਤੁਝ ਮਹਿ ਕੌਨ ਹੈ ਜੋ ਭਵਰ ਨਾ ਬੈਠੇ ਪਾਸ।

ਅੱਗੋਂ ਜੁਆਬ ਆਇਆ, ਓਇ ਭਲਿਆ ! ਤੂੰ ਸਮਝ ਹੀ ਨਹੀਂ ਸਕਿਆ ਹੈ। ਅਸਲ ਵਿੱਚ

ਭੰਵਰਾ ਮੇਰੇ ਕੋਲ ਆਉਂਦਾ ਹੈ, ਬਹਿਣ ਦੀ ਕੋਸ਼ਿਸ਼ ਕਰਦਾ ਹੈ ਪਰ ਮੈਂ ਹੀ ਉਸਨੂੰ ਕੋਲ ਨਹੀਂ ਆਉਣ ਦਿੰਦਾ :

ਮੀਤਾ ਮੁਝ ਮਹਿ ਤੀਨ ਗੁਣ ਰੂਪ ਰੰਗ ਅਰ ਬਾਸ।
ਪਰ ਠਉਰ ਠਉਰ ਕੇ ਮੀਤ ਕੋ ਕਾਹੇ ਬਿਠਾਉ ਪਾਸ।

ਜਿਹੜਾ ਹੁਣ ਉਸ ਫੁੱਲ 'ਤੇ ਹੈ, ਕੁਝ ਚਿਰ ਬਾਅਦ ਦੂਜੇ ਫੁੱਲ 'ਤੇ, ਮੈਂ ਉਸਨੂੰ ਕੋਲ ਨਹੀਂ ਬਹਿਣ ਦਿੰਦਾ। ਇਸੇ ਤਰ੍ਹਾਂ ਜਿਹੜਾ ਕਦੇ ਕਬਰਾਂ ਦੀ ਪੂਜਾ ਕਰਦਾ ਹੈ, ਕਦੇ ਪੰਡਿਤਾਂ ਕੋਲੋਂ ਗ੍ਰਹਿ ਪਿਆ ਕਢਾਉਂਦਾ ਹੈ, ਕਦੇ ਅਨੰਦ ਕਾਰਜ ਤੋਂ ਪਹਿਲਾਂ ਜੈ-ਮਾਲਾ ਪਿਆ ਕਰਦਾ ਹੈ, ਗੁਰੂ ਸਾਹਿਬ ਕਹਿੰਦੇ ਹਨ ਕਿ ਐਸੇ ਠਉਰ-ਠਉਰ ਦੇ ਮੀਤ ਨੂੰ ਮੈਂ ਕੀ ਸੁੱਖ ਦੇਵਾਂ।

ਇਸ ਲਈ ਗੁਰੂ ਦੇ ਸਿੱਖ ਨੇ ਅਨੰਦ ਕਾਰਜ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ ਬਹਿ ਕੇ ਹੀ ਕਰਨਾ ਹੈ। ਸਿੱਖ ਨੇ ਜੈ-ਮਾਲਾ ਵਰਗੇ ਹੋਰ ਕਿਸੇ ਸੰਸਕਾਰ ਨਾਲ ਅਨੰਦ ਕਾਰਜ ਦੀ ਮਹਾਨ ਬਖ਼ਸ਼ਿਸ਼ 'ਤੇ ਸੁਆਲੀਆ ਨਿਸ਼ਾਨ ਨਹੀਂ ਲਗਾਉਣਾ।

ਗੁਰੂ ਦਾ ਸਿੱਖ ਇੱਕ ਅਕਾਲ ਪੁਰਖ ਦਾ ਪੁਜਾਰੀ ਹੈ। ਇਸ ਲਈ ਉਸ ਇੱਕ ਦੇ ਅੱਗੇ ਅਰਦਾਸ ਕਰਨ ਤੋਂ ਪਹਿਲਾਂ ਸੋਚਣਾ ਹੈ ਕਿ ਮੈਂ ਕਿਤੇ ਹੋਰ ਸਹਾਇਤਾ ਮੰਗਣ ਤਾਂ ਨਹੀਂ ਗਿਆ। ਕਿਤੇ ਇਸ ਤੋਂ ਪਹਿਲਾਂ ਪੰਡਿਤ ਕੋਲ ਜਾ ਕੇ ਆਖਦੇ ਹੋਈਏ ਕਿ ਮੈਨੂੰ ਇਸ ਗ੍ਰਹਿ ਤੋਂ ਬਚਾ ਲਓ ਅਤੇ ਇਥੇ ਖਲੋਅ ਕੇ ਅਰਦਾਸ ਕਰ ਰਹੇ ਹੋਈਏ :

ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ ।।


ਇੱਕ ਉੱਤੇ ਵਿਸ਼ਵਾਸ ਕਰੋ, ਇੱਕ ਦੀ ਪਰਤੀਤ ਕਰੋ। ਗੁਰੂ ਇਸ ਅਰਦਾਸ ਰਾਹੀਂ, ਵਿਸ਼ਵਾਸ ਦੀ ਮਹਾਨ ਸ਼ਕਤੀ ਨੂੰ ਸਾਡੇ ਵਿੱਚ ਪੈਦਾ ਕਰਨਾ ਚਾਹੁੰਦੇ ਹਨ, ਤਾਂ ਕਿ ਅਰਦਾਸ ਇੱਕ ਵਿਸ਼ਵਾਸ ਬਣ ਜਾਏ।

ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ ।।

ਗੁਰੂ ਸਾਹਿਬ ਆਖਦੇ ਹਨ ਕਿ ਹੇ ਮਾਲਕ ! ਤੇਰੀ ਰਹਿਮਤ ਨਾਲ ਉਸ 'ਅਲਖੁ' ਨੂੰ ਲਖਿਆ ਜਾ ਸਕਦਾ ਹੈ। ਤੇਰੇ ਨਾਲ ਜੁੜ ਕੇ, ਤੇਰੇ ਅੱਗੇ ਅਰਦਾਸ ਕਰਕੇ ਤੁਰ ਪਈਏ, ਤਾਂ ਇਸ ਸੰਸਾਰਕ ਕਾਰਜਾਂ ਦੇ ਅੰਦਰ ਕਿਸੇ ਵਿਘਨ ਦੀ ਨਿਵਰਤੀ ਤਾਂ ਬਹੁਤ ਛੋਟੀ ਜਿਹੀ ਗੱਲ ਹੈ। ਇਸ ਲਈ ਮੈਂ ਤੇਰੇ ਅੱਗੇ ਅਰਦਾਸ ਕਰਦਾ ਹਾਂ।

ਐਸਾ ਵਿਸ਼ਵਾਸ ਸਿੱਖ ਦੀ ਇਸ ਅਰਦਾਸ ਵਿੱਚ ਹੋਵੇ ਕਿ ਉਹ ਅਰਦਾਸ ਸ਼ਕਤੀ ਬਣ ਜਾਵੇ।

ਅਨੰਦ ਕਾਰਜ



ਪ੍ਰੋ. ਦਰਸ਼ਨ ਸਿੰਘ ਖ਼ਾਲਸਾ



ਤਉ ਪਲੈ ਤੈਡੈ ਲਾਗੀ

ਸਲੋਕ ਮਃ ੫।।

ਉਸਤਤਿ ਨਿੰਦਾ ਨਾਨਕ ਜੀ

ਮੈ ਹਭ ਵਞਾਈ ਛੋੜਿਆ ਹਭੁ ਕਿਛੁ ਤਿਆਗੀ।।

ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ।। ੧।।

(ਗੁ.ਗ੍ਰੰ.ਸਾ. ਪੰਨਾ : 963)

ਤਉ ਪਲੈ ਤੈਡੈ ਲਾਗੀ

ਹਭੇ ਸਾਕ ਕੂੜਾਵੇ ਡਿਠੇ
ਤਉ ਪਲੈ ਤੈਡੈ ਲਾਗੀ॥

ਇਸ ਸ਼ਬਦ ਵਿੱਚ ਇਹ "ਤਉ" ਲਫ਼ਜ਼ ਦਰਮਿਆਨ ਵਿੱਚ ਦੋ ਵੱਖ-ਵੱਖ ਵਿਸ਼ਿਆਂ ਦੀ ਕੜੀ ਬਣ ਗਿਆ ਹੈ। "**ਪਲੈ ਤੈਡੈ ਲਾਗੀ**" ਤਾਂ ਹੈ, ਜੇ "ਤਉ" ਭਾਵ ਪਹਿਲਾਂ ਇੱਕ ਗੱਲ ਦੀ ਸੋਝੀ ਆ ਗਈ ਹੈ। ਉਹ ਸੋਝੀ ਸੀ - "**ਹਭੇ ਸਾਕ ਕੂੜਾਵੇ ਡਿਠੇ**" - ਇਹ "ਡਿਠੇ" ਵਾਲੀ ਗੱਲ ਹੀ ਸਭ ਤੋਂ ਮੁਸ਼ਕਿਲ ਹੈ ਅਤੇ ਇਸ ਦੁਆਲੇ ਹੀ ਸਾਰੀ ਸੋਝੀ ਖੜੀ ਹੋਈ ਹੈ। ਕਿਉਂਕਿ ਜਦੋਂ ਮਨੁੱਖ ਵੇਖ ਲੈਂਦਾ ਹੈ, ਉਦੋਂ ਹੀ ਉਸਨੂੰ ਸਮਝ ਪੈਂਦੀ ਹੈ।

"ਸਾਕ" ਦਾ ਅਰਥ ਹੈ ਨੇਹੁ ਅਤੇ ਸਾਕ ਸ਼ਬਦ 'ਸ਼ਾਖ' ਤੋਂ ਹੀ ਬਣਿਆ ਹੈ, ਜਿਸ ਦਾ ਭਾਵ ਹੈ ਜੁੜਨਾ ਜਾਂ ਸਬੰਧ ਪੈਦਾ ਹੋਣਾ। ਸੋ, ਸਾਕ ਦਾ ਅਰਥ ਹੈ ਰਿਸ਼ਤਾ।

ਇਹ ਕੇਵਲ ਦੁਨਿਆਵੀ ਸਾਕ-ਸਬੰਧੀਆਂ, ਰਿਸ਼ਤੇਦਾਰਾਂ ਦਾ ਜ਼ਿਕਰ ਨਹੀਂ, ਬਲਕਿ ਜਿਸ ਨਾਲ ਵੀ ਨੇਹੁ ਲੱਗ ਜਾਏ, ਉਸ ਬਾਰੇ ਹੈ। ਜੀਵਨ ਦਾ ਨੇਹੁ ਕੇਵਲ ਵਿਅਕਤੀਆਂ ਨਾਲ ਨਹੀਂ, ਇਹ ਨੇਹੁ ਜਾਂ ਰਿਸ਼ਤਾ ਕਈ ਚੀਜ਼ਾਂ ਨਾਲ ਵੀ ਹੋ ਸਕਦਾ ਹੈ। ਵਸਤੂਆਂ ਵੀ ਰਿਸ਼ਤੇ ਦਾ ਸਬੰਧ ਜੋੜਦੀਆਂ ਹਨ।

ਹੁਣ ਇਥੇ ਆਤਮਾ ਤੇ ਪਰਮਾਤਮਾ ਦੇ ਮੇਲ ਦਾ ਮਸਲਾ ਹੈ। ਇਸ ਜੀਵਨ ਨੂੰ ਸਫਲ ਕਰਨ ਦਾ ਮਸਲਾ ਹੈ। ਇਸ ਲਈ ਹੇ ਪ੍ਰਭੂ ! ਰਹਿਮਤ ਕਰਕੇ ਦਰਮਿਆਨ ਵਿੱਚ ਪਈ ਇਸ ਭਰਮ ਦੀ ਰੇਖਾ ਨੂੰ ਖ਼ਤਮ ਕਰ ਦੇਵੋ, ਤਾਂ ਕਿ ਜੀਵਨ ਦਾ ਮਕਸਦ ਮਿਲ ਜਾਏ :

ਜੀਵਨੁ ਤਉ ਗਨੀਐ ਹਰਿ ਪੇਖਾ॥

(ਗੁ.ਗ੍ਰੰ.ਸਾ. ਪੰਨਾ : 1221

ਨਹੀਂ ਤਾਂ ਇਹ ਜੀਵਨ ਅਧੂਰਾ ਹੈ। ਇਸੇ ਹੀ ਜੀਵਨ ਵਿੱਚ ਅੱਗੇ ਫਿਰ ਦੋ ਚੀਜ਼ਾਂ ਦਾ ਮੇਲ ਆ ਗਿਆ ਅਤੇ ਉਹ ਹੈ ਕਾਇਆ ਤੇ ਜੀਵ ਦਾ ਮੇਲ। ਇਥੇ ਵੀ ਲਫ਼ਜ਼ ਉਹੀ ਹੀ ਵਰਤੇ ਗਏ ਹਨ।

ਜਦੋਂ ਪਰਮਾਤਮਾ ਤੇ ਜੀਵਾਤਮਾ ਦੇ ਸਬੰਧ ਵਿੱਚ ਲਫ਼ਜ਼ ਵਰਤੇ, ਉਦੋਂ ਵੀ ਸੰਗਿਆ ਪਤੀ-ਇਸਤਰੀ ਦੀ ਹੀ ਦਿੱਤੀ। ਹੁਣ ਵੀ ਜਦੋਂ ਕਾਇਆ ਤੇ ਜੀਅ ਦਾ ਸਬੰਧ ਜੋੜਨ ਦਾ ਮਸਲਾ ਆਇਆ, ਤਾਂ ਵੀ ਸ਼ਬਦਾਵਲੀ ਉਹੀ ਵਰਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਦਾਹਰਣ ਪਤੀ-ਇਸਤਰੀ ਦੀ ਹੀ ਦਿੱਤੀ। ਜਿਸਦੇ ਬਿਨਾ ਜੀਵਨ ਅਧੂਰਾ ਹੋਵੇ, ਜਿਥੇ ਵੀ ਅਧੂਰਾਪਨ ਹੈ, ਉਸਨੂੰ ਪੂਰਾ ਕਰਨ ਲਈ ਪਤੀ-ਇਸਤਰੀ ਦਾ ਸਬੰਧ ਕਾਇਮ ਕਰ ਦਿੱਤਾ।

ਇਥੇ ਸੰਸਾਰਕ ਪਤੀ-ਪਤਨੀ ਨੂੰ ਵੀ ਪਤਾ ਹੋਵੇ ਕਿ ਸਾਡੇ ਦਰਮਿਆਨ ਜੋ ਕੁਝ ਵੀ ਆਏਗਾ, ਉਹ ਸਾਨੂੰ ਅਧੂਰਾ ਕਰੇਗਾ। ਭਾਵੇਂ ਉਹ ਦੌਲਤ, ਖ਼ੂਬਸੂਰਤੀ, ਜੁਆਨੀ ਜਾਂ ਕੋਈ ਸਾਕ-ਸਬੰਧੀ ਹੋਣ, ਜੋ ਕੁਝ ਵੀ ਦਰਮਿਆਨ ਵਿੱਚ ਆਵੇਗਾ, ਜੀਵਾਤਮਾ ਤੇ ਮਾਲਿਕ ਨੂੰ ਦੂਰ ਕਰੇਗਾ, ਉਹ ਸਮਝੋ ਅਧੂਰਾ ਕਰ ਰਿਹਾ ਹੋਵੇਗਾ। ਤੇ ਜੀਵਨ ਨੂੰ ਪੂਰਾ ਕਰਨਾ ਹੀ ਮਨੁੱਖ ਦਾ ਮੁੱਖ ਮਕਸਦ ਹੈ।

ਧਨ ਕਹੈ ਤੂ ਵਸੁ ਮੈ ਨਾਲੇ॥
ਪ੍ਰਿਅ ਸੁਖਵਾਸੀ ਬਾਲ ਗੁਪਾਲੇ॥
ਤੁਝੈ ਬਿਨਾ ਹਉ ਕਿਤ ਹੀ ਨ ਲੇਖੈ
ਵਚਨੁ ਦੇਹਿ ਛੋਡਿ ਨ ਜਾਸਾ ਹੇ॥

(ਗੁ.ਗ੍ਰੰ.ਸਾ. ਪੰਨਾ : 1073)

ਪਰਮਾਤਮਾ ਦੇ ਮਿਲਾਪ ਤੋਂ ਬਿਨਾ ਆਤਮਾ ਕਿਸੇ ਲੇਖੇ ਨਹੀਂ।

ਜਿਚਰੁ ਵਸਿਆ ਕੰਤੁ ਘਰਿ
ਜੀਉ ਜੀਉ ਸਭਿ ਕਹਾਤਿ॥
ਜਾ ਉਠੀ ਚਲਸੀ ਕੰਤੜਾ
ਤਾ ਕੋਇ ਨ ਪੁਛੈ ਤੇਰੀ ਬਾਤ॥

(ਗੁ.ਗ੍ਰੰ.ਸਾ. ਪੰਨਾ : 50)

ਜਿੰਨੇ ਰਿਸ਼ਤੇਦਾਰ ਹਨ, ਸਭ ਉਸੇ ਕਰਕੇ ਹਨ। ਉਸ ਤੋਂ ਬਿਨਾ ਬਾਕੀ ਸਬੰਧ ਸਭ ਕੂੜ ਹਨ। ਜੇ ਉਹ ਕੋਲ ਨਹੀਂ, ਤਾਂ ਕੋਈ ਵੀ ਗੱਲ ਨਹੀਂ ਪੁੱਛਦਾ। ਫਿਰ ਰਿਸ਼ਤੇ ਕਿਸ ਨਾਲ ਹੋਣ, ਇਸ ਲਈ ਬਾਣੀ ਵਿੱਚ ਗੁਰੂ ਸਾਹਿਬ ਨੇ ਦੋ ਦ੍ਰਿਸ਼ ਰਚੇ - ਕੁਚੱਜੀ ਤੇ ਸੁਚੱਜੀ।

ਕੁਚਜੀ ਦੀ ਕੀ ਅਵੱਸਥਾ ਹੈ ?

ਸੁਇਨਾ ਰੁਪਾ ਰੰਗੁਲਾ ਮੋਤੀ ਤੇ ਮਾਣਿਕੁ ਜੀਉ॥
ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ॥

(ਗੁ.ਗ੍ਰੰ.ਸਾ. ਪੰਨਾ : 762)

ਇਹ ਸਾਰੀਆਂ ਵਸਤੂਆਂ ਉਸੇ ਨੇ ਦਿੱਤੀਆਂ, ਪਰ ਅਸੀਂ "ਦਾਤ ਪਿਆਰੀ ਵਿਸਰਿਆ ਦਾਤਾਰ"

ਕਰਕੇ ਇਹਨਾਂ ਵਸਤੂਆਂ ਨਾਲ ਹੀ ਚਿਤ ਲਾ ਲਿਆ।

ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥

ਹਉ ਏਨੀ ਟੋਲੀ ਭੁਲੀਅਸ ਕੰਤ ਨ ਬੈਠੀ ਪਾਸਿ ਜੀਉ॥

(ਗੁ.ਗ੍ਰੰ.ਸਾ. ਪੰਨਾ : 762)

ਜਿਹੜੇ ਸੁੱਖ ਪ੍ਰੀਤਮ ਦੇ ਮਿਲਾਪ ਵਿੱਚ ਮਿਲਣੇ ਸਨ, ਉਹਨਾਂ ਨੂੰ ਭੁੱਲ ਕੇ ਇਹਨਾਂ ਸੰਸਾਰਕ ਵਸਤੂਆਂ ਨਾਲ ਹੀ ਅਸੀਂ ਜੁੜ ਗਏ। ਇਹ ਗੱਲਾਂ ਰੋਜ਼ਾਨਾ ਜੀਵਨ ਵਿੱਚ ਵੀ ਵੇਖਣ ਨੂੰ ਮਿਲਦੀਆਂ ਹਨ।

ਜਿਹੜੀਆਂ ਪਤਨੀਆਂ ਹਰ ਵਕਤ ਸੁੱਖਾਂ-ਪਦਾਰਥਾਂ, ਸਮਾਜਿਕ ਘੇਰੇ ਆਦਿ ਲਈ ਘਰ ਵਿੱਚ ਕਲੇਸ਼ ਪਾਈ ਰੱਖਦੀਆਂ ਹਨ, ਉਹ ਪ੍ਰੀਤਮ ਦੇ ਮਿਲਾਪ ਤੇ ਉਸਦੀ ਖ਼ੁਸ਼ੀ ਹਾਸਿਲ ਕਰਨ ਦੀ ਬਜਾਏ ਛੋਟੀਆਂ-ਛੋਟੀਆਂ ਚੀਜ਼ਾਂ ਦੀਆਂ ਖ਼ਾਹਿਸ਼ਾਂ ਵਿੱਚ ਹੀ ਫਸੀਆਂ ਰਹਿੰਦੀਆਂ ਹਨ। ਉਹ ਚੰਗੇ ਕਪੜੇ, ਗਹਿਣੇ, ਮਕਾਨ ਆਦਿ ਦੇ ਚੱਕਰ ਵਿੱਚ ਹੀ ਫਸੀਆਂ ਰਹਿੰਦੀਆਂ ਹਨ।

ਗੁਰੂ ਨੇ ਰੱਬੀ ਪਿਆਰ ਵਿੱਚ ਵੀ ਇਹੋ ਗੱਲਾਂ ਆਖੀਆਂ ਹਨ। ਹਾਲਾਂਕਿ ਗੁਰੂ ਸਾਹਿਬ ਇਹ ਆਵਾਜ਼ ਦੇ ਰਹੇ ਹਨ :

ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ॥
ਤਿਸਹਿ ਧਿਆਇ ਸਦਾ ਮਨ ਅੰਦਰਿ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ॥
ਆਠ ਪਹਰ ਸਿਮਰਹੁ ਤਿਸੁ ਰਸਨਾ॥

(ਗੁ.ਗ੍ਰੰ.ਸਾ. ਪੰਨਾ : 269)

ਪਰ ਅਸਲ ਵਿੱਚ ਇਸ ਤੋਂ ਉਲਟ ਹੋ ਰਿਹਾ ਹੈ ਅਤੇ ਉਹ ਦੇਣਹਾਰ ਪ੍ਰਭੂ ਚੇਤੇ ਨਹੀਂ ਆ ਰਿਹਾ। ਦੂਜੇ ਪਾਸੇ ਸੁਚੱਜੀ ਇਸ ਤੋਂ ਬਿਲਕੁਲ ਉਲਟ ਸੋਚਦੀ ਹੈ। ਉਹ ਕਹਿੰਦੀ ਹੈ :

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬ ਮੇਰੀ ਰਾਸਿ ਜੀਉ॥

(ਗੁ.ਗ੍ਰੰ.ਸਾ. ਪੰਨਾ : 762)

ਹੇ ਮੇਰੇ ਮਾਲਕ ! ਜੇ ਤੂੰ ਮੇਰੇ ਕੋਲ ਹੈ, ਤਾਂ ਮੇਰੇ ਕੋਲ ਸਭ ਕੁਝ ਹੈ। ਮੇਰੀ ਅਸਲ ਪੂੰਜੀ, ਮੇਰੇ ਅਸਲ ਸੁੱਖ ਤੂੰ ਹੀ ਹੈਂ।

ਹੁਣ ਜਿਸ ਵਿਆਹ ਨੂੰ ਅਸੀਂ ਅਨੰਦ ਕਾਰਜ ਬਣਾਉਣਾ ਹੈ, ਉਥੇ ਵੀ ਇਹੋ ਨਿਯਮ ਲਾਗੂ ਹੋਣਾ ਹੈ।

ਰਾਜ ਨ ਭਾਗ ਨ ਹੁਕਮ ਨ ਸਾਦਨ॥
ਕਿਛੁ ਕਿਛੁ ਨ ਚਾਹੀ॥

(ਗੁ.ਗ੍ਰੰ.ਸਾ. ਪੰਨਾ : 406)

ਇਹ ਸਭ ਕੁਝ ਨਹੀਂ ਚਾਹੀਦਾ, ਬਲਕਿ :

ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ॥

(ਗੁ.ਗ੍ਰੰ.ਸਾ. ਪੰਨਾ : 1306)

ਭਾਵੇਂ ਰੁੱਖੀ ਰੋਟੀ ਮਿਲ ਜਾਏ, ਜ਼ਮੀਨ 'ਤੇ ਸੌਣਾ ਮਿਲ ਜਾਏ, ਪਰ ਪ੍ਰੀਤਮ ਦਾ ਮਿਲਾਪ ਹੋਵੇ। ਘਰ ਵਿੱਚ ਪਦਾਰਥ ਨਾ ਹੋਣ ਪਰ ਦੋਵੇਂ ਜੀਆਂ ਦਾ ਆਪਸੀ ਆਤਮਕ ਪਿਆਰ ਹੋਵੇ। ਫਿਰ ਉਹ ਘਰ ਵੀ ਸੁੱਖਾਂ ਵਾਲਾ ਬਣ ਜਾਂਦਾ ਹੈ।

ਜਦੋਂ ਬਾਣੀ ਵਿੱਚ ਸਤਿਗੁਰੂ ਜੀਵਨ ਦੇ ਸੰਵਾਰਨ ਦੀ ਗੱਲ ਕਰਦੇ ਹਨ :

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥

(ਗੁ.ਗ੍ਰੰ.ਸਾ. ਪੰਨਾ : 286)

ਇਸਦਾ ਮਤਲਬ ਇਹੀ ਹੈ ਕਿ ਸਿੱਖ ਕੋਲ ਪਦਾਰਥ ਵੀ ਹੋਣ, ਦੁਨਿਆਵੀ ਸੁੱਖ ਵੀ ਹੋਵੇ, ਉਹ ਸੰਸਾਰ ਵਿੱਚ ਪਰਵਿਰਤੀ ਮਾਰਗ ਵਿੱਚ ਵੀ ਹੋਵੇ ਤੇ ਨਾਲ ਹੀ ਧਰਮ ਵੀ ਦ੍ਰਿੜ੍ਹ ਰਹੇ। ਸਿੱਖ ਦੇ ਜੀਵਨ ਵਿੱਚ ਇਹ ਦੋਵੇਂ ਚੀਜ਼ਾਂ ਆ ਜਾਣ, ਤੇ ਤਾਂ ਹੀ ਆਤਮਾ ਤੇ ਪਰਮਾਤਮਾ ਦਾ ਮੇਲ ਹੋ ਸਕਦਾ ਹੈ।

ਕਾਇਆ ਤੇ ਜੀਵਾਤਮਾ ਦੇ ਮਿਲਾਪ ਦਾ ਵੀ ਇਹੋ ਦ੍ਰਿਸ਼ ਹੈ। ਜਿਸ ਦਿਨ ਕਾਇਆ ਵਿੱਚੋਂ ਜੀਵਾਤਮਾ ਚਲੀ ਜਾਂਦੀ ਹੈ, ਉਸ ਦਿਨ ਕਾਇਆ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ।

ਉਨ ਕੈ ਸੰਗਿ ਤੂ ਕਰਤੀ ਕੇਲ॥

ਉਨ ਕੈ ਸੰਗਿ ਹਮ ਤੁਮ ਸੰਗਿ ਮੇਲ॥

ਉਨ੍ ਕੈ ਸੰਗਿ ਤੁਮ ਸਭੁ ਕੋਊ ਲੋਰੈ॥

ਓਸੁ ਬਿਨਾ ਕੋਊ ਮੁਖੁ ਨਹੀ ਜੋਰੈ॥

(ਗੁ.ਗ੍ਰੰ.ਸਾ. ਪੰਨਾ : 390)

ਜਿਸ ਦਿਨ ਉਹ ਵਿੱਚੋਂ ਚਲਾ ਗਿਆ, ਉਸ ਦਿਨ ਕਿਸੇ ਨੇ ਵੀ ਤੈਨੂੰ ਮੂੰਹ ਨਹੀਂ ਲਾਉਣਾ।

ਉਨ੍ ਕੈ ਸੰਗਿ ਤੂ ਗ੍ਰਿਹ ਮਹਿ ਮਾਹਰਿ॥

ਉਨ੍ ਕੈ ਸੰਗਿ ਤੂ ਹੋਈ ਹੈ ਜਾਹਰਿ॥

ਜਿੰਨੀ ਦੇਰ ਤੇਰਾ ਉਸ ਨਾਲ ਸਬੰਧ ਹੈ, ਓਨਾ ਚਿਰ ਹੀ ਤੂੰ ਸਿਆਣੀ ਮੰਨੀ ਜਾਂਦੀ ਹੈ।

ਉਨ੍ ਕੈ ਸੰਗਿ ਤੂ ਰਖੀ ਪਪੋਲਿ॥

ਓਸੁ ਬਿਨਾ ਤੂੰ ਛੁਟਕੀ ਰੋਲਿ॥

ਉਨੀ ਦੇਰ ਹੀ ਤੈਨੂੰ ਸਾਂਭ-ਸਾਂਭ ਕੇ ਰਖਿਆ ਜਾਂਦਾ ਹੈ ਤੇ ਉਸ ਤੋਂ ਬਾਅਦ ਤੂੰ ਰੁੱਲ ਜਾਂਦੀ ਹੈਂ।

ਉਨ੍ ਕੈ ਸੰਗਿ ਤੇਰਾ ਮਾਨੁ ਮਹਤੁ॥

ਉਨ੍ ਕੈ ਸੰਗਿ ਤੁਮ ਸਾਕੁ ਜਗਤੁ॥

ਉਨ੍ ਕੈ ਸੰਗਿ ਤੇਰੀ ਸਭ ਬਿਧਿ ਥਾਟੀ॥

ਓਸੁ ਬਿਨਾ ਤੂੰ ਹੋਈ ਹੈ ਮਾਟੀ॥

(ਗੁ.ਗ੍ਰੰ.ਸਾ. ਪੰਨਾ : 390)

ਜੀਉ ਦੇ ਵਿੱਚ ਬੈਠਣ ਕਰਕੇ ਤੇਰਾ ਮਾਨ-ਸਨਮਾਨ ਹੈ ਅਤੇ ਸਾਰੇ ਸਾਕ-ਰਿਸ਼ਤੇ ਵੀ ਉਤਨੀ ਹੀ ਦੇਰ ਹਨ।

ਆਤਮਾ ਤੇ ਪਰਮਾਤਮਾ ਦੇ ਮਿਲਾਪ ਦੇ ਵਿੱਚੋਂ ਸੁੱਖ ਜਨਮ ਲੈਂਦਾ ਹੈ। ਜੇ ਕਾਇਆ ਤੇ ਜੀਉ ਦਾ ਮਿਲਾਪ ਹੋ ਜਾਏ ਤਾਂ ਸਾਰੇ ਅਡੰਬਰ ਤੇ ਪਦਾਰਥ ਜਨਮ ਲੈਂਦੇ ਹਨ, ਸਾਰੀਆਂ ਖ਼ੁਸ਼ੀਆਂ ਜਨਮ ਲੈਂਦੀਆਂ ਹਨ ਅਤੇ ਜੀਵਨ ਸੰਪੂਰਨ ਹੁੰਦਾ ਹੈ। ਇਹ ਉਹੋ ਹੀ ਮਿਲਾਪ ਹੈ ਜੋ ਪਤੀ-ਪਤਨੀ ਦੇ ਵਿੱਚ ਬਣਿਆ ਰਹੇ ਤੇ ਦਰਮਿਆਨ ਵਿੱਚ ਹੋਰ ਕੋਈ ਸਾਕ ਨਾ ਆਵੇ; ਨਹੀਂ ਤਾਂ ਉਹੀ ਪਦਾਰਥ, ਉਹੀ ਸਾਕ ਦੋਖੀ ਹੋ ਜਾਂਦੇ ਹਨ।

ਮਿਤ੍ਰ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ

ਰੰਗਿ ਕਸੁੰਭੈ ਭੁਲੀ॥

ਤਉ ਸਜਣ ਕੀ ਮੈ ਕੀਮ ਨ ਪਉਦੀ

ਹਉ ਤੁਧੁ ਬਿਨੁ ਅਢੁ ਨ ਲਹਦੀ॥

(ਗੁ.ਗ੍ਰੰ.ਸਾ. ਪੰਨਾ : 963)

ਪਹਿਲਾਂ ਉਸਦੀ ਕੀਮਤ ਦਾ ਪਤਾ ਹੀ ਨਹੀਂ ਲੱਗਾ। ਜਦੋਂ ਵਿੱਛੜ ਕੇ ਦੁਖੀ ਹੋਈ, ਉਦੋਂ ਕੀਮਤ ਦਾ ਪਤਾ ਲੱਗਾ ਪਰ ਉਦੋਂ ਤਕ ਸਮਾਂ ਬੀਤ ਚੁੱਕਾ ਸੀ।

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥

ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥

(ਗੁ.ਗ੍ਰੰ.ਸਾ. ਪੰਨਾ : 319)

ਅੱਕ ਦੀਆਂ ਟਾਹਣੀਆਂ ਨਾਲ ਲੱਗੀਆਂ ਹੋਈਆਂ ਖਖੜੀਆਂ ਅੰਬਾਂ ਦਾ ਭੁਲੇਖਾ ਪਾਉਂਦੀਆਂ ਹਨ। ਰੇਗਿਸਤਾਨ ਦੇ ਇਲਾਕੇ ਵਿੱਚ ਅੱਕ ਜ਼ਿਆਦਾ ਹੁੰਦਾ ਹੈ ਤੇ ਗਰਮੀਆਂ ਦੇ ਆਉਣ 'ਤੇ ਖਖੜੀਆਂ ਟਾਹਣੀਆਂ ਤੋਂ ਟੁੱਟ ਜਾਂਦੀਆਂ ਹਨ। ਟੁੱਟ ਕੇ ਉਹਨਾਂ ਦੇ ਦਰਮਿਆਨ ਦਾ ਸੀਨਾ ਫੱਟ ਜਾਂਦਾ ਹੈ ਤੇ ਉਸਦੇ ਵਿੱਚੋਂ ਰੂਈਂ ਵਰਗੇ ਛੋਟੇ-ਛੋਟੇ ਤੂੰਬੇ ਨਿਕਲਦੇ ਹਨ, ਜੋ ਐਨੇ ਹਲਕੇ ਹੁੰਦੇ ਹਨ ਕਿ ਹਵਾ ਦੇ ਬੁੱਲੇ ਨਾਲ ਹੀ ਉੱਡਦੇ ਫਿਰਦੇ ਹਨ ਅਤੇ ਉਹ ਵਿਚਾਰੇ ਨਿਥਾਵੇਂ ਹੋ ਜਾਂਦੇ ਹਨ।

ਇਹ ਕੋਈ ਸ਼ਿਕਵੇ ਜਾਂ ਉਲਾਂਭੇ ਨਹੀਂ ਹਨ, ਬਲਕਿ ਬਾਣੀ ਸਮੇਂ ਤੋਂ ਪਹਿਲਾਂ ਹੀ ਸਮਝਾਉਣਾ ਚਾਹੁੰਦੀ ਹੈ। ਉਹ ਛੁੱਟੇ ਜਾਣ ਦੀ ਹਾਲਤ ਦਾ ਬਖ਼ੂਬੀ ਬਿਆਨ ਕਰਦੀ ਹੈ :

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ।।
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ।।

(ਗੁ.ਗ੍ਰੰ.ਸਾ. ਪੰਨਾ : 463)

ਇਸੇ ਤਰ੍ਹਾਂ ਵਿਧਵਾ ਤੇ ਛੁੱਟੜ ਵਿੱਚ ਬਹੁਤ ਫ਼ਰਕ ਹੈ। ਵਿਧਵਾ ਉਹ ਹੈ ਜਿਸਦਾ ਪਤੀ ਮਰ ਜਾਏ। ਤੇ ਆਤਮਾ ਕਦੇ ਵਿਧਵਾ ਹੁੰਦੀ ਹੀ ਨਹੀਂ ਕਿਉਂਕਿ ਉਸਦਾ ਪਤੀ ਕਦੇ ਮਰਦਾ ਨਹੀਂ। ਆਤਮਾ ਤੇ ਪਰਮਾਤਮਾ ਦੇ ਸੁਮੇਲ ਵਿੱਚ ਆਤਮਾ ਕਦੇ ਵਿਧਵਾ ਨਹੀਂ ਹੁੰਦੀ। ਪਰ ਹਾਂ ! ਛੁੱਟੜ ਹੋ ਜਾਂਦੀ ਹੈ। ਇਸੇ ਲਈ ਉਲਾਂਭਾ ਆਤਮਾ ਨੂੰ ਵੀ ਜ਼ਿਆਦਾ ਉਦੋਂ ਹੈ ਜਦੋਂ ਉਹ ਪਰਮਾਤਮਾ ਨਾਲੋਂ ਟੁੱਟਦੀ ਹੈ। ਕਿਉਂਕਿ ਵਿਧਵਾ ਹੋਣਾ ਗੁਨਾਹ ਨਹੀਂ ਹੁੰਦਾ, ਇਹ ਕੋਈ ਉਹਨਾਂ ਦਾ ਆਪਣਾ ਦੋਸ਼ ਨਹੀਂ, ਇਹ ਤਾਂ ਮਜਬੂਰੀ ਹੈ। ਇਸੇ ਲਈ ਵਿਧਵਾ ਨਾਲ ਲੋਕ ਹਮਦਰਦੀ ਕਰਦੇ ਹਨ। ਪਰ ਛੁੱਟੜ ਨੂੰ ਉਲਾਂਭਾ ਵਾਧੂ ਹੁੰਦਾ ਹੈ ਤੇ ਲੋਕ ਉਸ ਤੋਂ ਨਫ਼ਰਤ ਕਰਦੇ ਹਨ। ਕਿਉਂਕਿ ਛੁੱਟੜ ਉਹ ਹੈ ਜਿਹੜੀ ਪਤੀ ਦੇ ਜਿਊਂਦਿਆਂ ਪਤੀ ਦਾ ਘਰ ਛੱਡ ਦੇਵੇ।

ਇਸੇ ਲਈ ਆਤਮਾ ਤੇ ਪਰਮਾਤਮਾ ਦੇ ਸੁਮੇਲ ਵਿੱਚ ਵਾਸਤਾ ਰੱਖਣ ਵਾਲੀ ਆਤਮਾ ਨੂੰ ਪਤਾ ਹੋਵੇ ਕਿ ਉਸਦਾ ਲਿਹਾਜ ਨਹੀਂ ਹੋਣਾ। ਕਿਉਂਕਿ ਪ੍ਰਭੂ ਕਦੇ ਮਰਦਾ ਨਹੀਂ, ਉਹ ਅਬਿਨਾਸੀ ਰਾਇਆ ਹੈ ਅਤੇ ਇਸ ਲਈ ਉਹ ਆਤਮਾ ਕਦੇ ਵਿਧਵਾ ਨਹੀਂ ਹੋ ਸਕਦੀ। ਪਰ ਜੇ ਉਹ ਆਪਣੇ ਪ੍ਰਭੂ ਪ੍ਰੀਤਮ ਨੂੰ ਭੁੱਲ ਗਈ, ਤਾਂ ਉਸ ਨਾਲ ਕਿਸੇ ਨੇ ਹਮਦਰਦੀ ਨਹੀਂ ਰੱਖਣੀ ਅਤੇ ਉਹ :

ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ ।।

(ਗੁ.ਗ੍ਰੰ.ਸਾ. ਪੰਨਾ : 645)

ਇਹ ਫ਼ੈਸਲਾ ਬਾਣੀ ਦਾ ਹੈ, ਇਹ ਸ਼ਬਦਾਵਲੀ ਗੁਰੂ ਸਾਹਿਬ ਵੱਲੋਂ ਵਰਤੀ ਗਈ ਹੈ। ਜਿਹੜੀ ਜਿਊਂਦੇ ਪਤੀ ਨੂੰ ਛੱਡ ਕੇ ਹੋਰਨਾਂ ਦਰਾਂ 'ਤੇ ਫਿਰਦੀ ਹੈ, ਉਸਨੂੰ ਬਦਚਾਰਨ, ਬਦਨਾਉ ਆਖਿਆ ਜਾਂਦਾ ਹੈ, ਉਸਨੂੰ ਛੁੱਟੜ ਆਖਿਆ ਜਾਂਦਾ ਹੈ।

ਇਸੇ ਤਰ੍ਹਾਂ ਜਿਹੜੇ ਇੱਕ ਪ੍ਰਭੂ ਦਾ ਦਰ ਛੱਡ ਕੇ ਥਾਂ-ਥਾਂ ਰੱਬ ਬਣਾਈ ਬੈਠੇ ਹਨ, ਇਹਨਾਂ ਨੂੰ ਅਸੀਂ ਕੀ ਆਖਾਂਗੇ ? ਉਹਨਾਂ ਦਾ ਹਾਲ ਵੀ ਛੁੱਟੜ ਵਾਂਗ ਹੀ ਹੈ।

ਇਸ ਲਈ ਕਦੇ ਜੀਵਨ ਵਿੱਚ ਐਸਾ ਸਮਾਂ ਨਾ ਆਵੇ ਕਿ ਆਤਮਾ ਤੇ ਪਰਮਾਤਮਾ ਦਾ ਮੇਲ ਛੁੱਟ ਜਾਏ। ਇਸੇ ਤਰ੍ਹਾਂ ਪਤੀ-ਪਤਨੀ ਦੇ ਸੁਮੇਲ ਦੇ ਵਿੱਚ ਕੋਈ ਐਸਾ ਸਾਕ, ਵਸਤੂ ਜਾਂ ਪਦਾਰਥ ਨਾ ਆ ਜਾਏ ਜਿਹੜਾ ਪਤੀ-ਪਤਨੀ ਵਿੱਚ ਆਪਸੀ ਦੂਰੀ ਪੈਦਾ ਕਰ ਦੇਵੇ। ਕੋਈ ਵੀ ਚੀਜ਼ ਇਹਨਾਂ ਦੋਵਾਂ ਦੇ ਦਰਮਿਆਨ ਵਿੱਚ ਨਾ ਆ ਜਾਵੇ। ਕਿਉਂਕਿ ਜਿਊਂਦੇ ਮੌਜੂਦ ਪਤੀ ਦੇ ਘਰ ਨੂੰ ਛੱਡ ਕੇ, ਆਪਸੀ ਮਿਲਾਪ ਨੂੰ ਤੋੜ ਕੇ ਵੱਖ ਹੋਣ ਨਾਲ ਲੋਕ ਛੁੱਟੜ ਆਖਣਗੇ ਅਤੇ ਇਹ ਸਭ ਤੋਂ ਵੱਡਾ ਉਲਾਂਭਾ ਹੋਵੇਗਾ। ਫਿਰ ਸਾਕ-ਸਬੰਧੀ ਇਹ ਨਹੀਂ ਕਹਿਣਗੇ ਕਿ ਇਥੋਂ ਹੀ

ਗਈ ਸੀ, ਬਲਕਿ ਆਖਣਗੇ ਕਿ ਹੁਣ ਪੇਕੇ ਘਰ ਬੈਠੀ ਹੋਈ ਹੈ। ਇਹ ਬਹੁਤ ਵੱਡਾ ਫਰਕ ਹੈ, ਜੋ ਕਿ ਵੇਖਣ ਵਾਲਾ ਹੈ।

ਇਹ ਸਾਰੀਆਂ ਚੀਜ਼ਾਂ ਆਪਸੀ ਜੀਵਨ ਦੀਆਂ ਹਨ ਅਤੇ ਜੀਵਨ ਅੰਦਰ ਹਲੂਣਾ ਦੇਣ ਵਾਲੀਆਂ ਹਨ। ਇਹ ਚੀਜ਼ਾਂ ਜੀਵਨ ਦੇ ਭਵਿੱਖ ਨੂੰ ਮਜ਼ਬੂਤ ਬਣਾਉਣ ਵਾਲੀਆਂ ਹਨ।

ਕੁਝ ਗੱਲਾਂ ਐਸੀਆਂ ਹਨ ਜਿਹੜੀਆਂ ਪੇਕੇ ਘਰ ਦੀਆਂ ਛੱਡ ਕੇ, ਸਹੁਰੇ ਘਰ ਦੀਆਂ ਗ੍ਰਹਿਣ ਕਰਨੀਆਂ ਹਨ ਅਤੇ ਉਹ ਮਨ ਮਿਲਾਪ ਦਾ ਸਾਧਨ ਬਣਦੀਆਂ ਹਨ।

ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ।।
ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ।।

(ਗੁ.ਗ੍ਰੰ.ਸਾ. ਪੰਨਾ : 1171)

ਇਥੋਂ ਕੁਚੱਜੀ ਪੈਦਾ ਹੋਵੇਗੀ। ਕਿਉਂਕਿ ਪੇਕੇ ਘਰ ਦੀਆਂ ਵਸਤੂਆਂ ਨੂੰ ਤਾਂ ਤੂੰ ਆਪਣੀ ਕਹਿ ਕੇ, ਆਪਣੀ ਹਉਂ ਨਾਲ ਜੋੜੀ ਹੋਈ ਹੈ। ਪਰ ਜਦੋਂ ਰੱਬ ਦੇ ਘਰ ਨਾਲ ਸਬੰਧ ਕਰਨਾ ਹੈ, ਤਾਂ ਉਥੇ ਮੈਂ-ਮੇਰੀ ਨੂੰ ਛੱਡਣਾ ਪਵੇਗਾ। ਇਸੇ ਤਰ੍ਹਾਂ ਹੀ ਜਦੋਂ ਸੰਸਾਰ ਅੰਦਰ ਸਹੁਰੇ ਘਰ ਵਿੱਚ ਪ੍ਰਵੇਸ਼ ਕਰਨਾ ਹੈ, ਉਥੇ ਵੀ ਇਹ ਮੇਰੀ-ਮੇਰੀ ਦਾ ਭਾਵ ਤਿਆਗਣਾ ਪਵੇਗਾ। ਇਹ ਜਿੰਨੇ ਵੀ ਘਰ ਦੇ ਕਲੇਸ਼ ਹਨ, ਇਹ ਸਭ ਮੈਂ-ਮੇਰੀ ਤੋਂ ਹੀ ਸ਼ੁਰੂ ਹੁੰਦੇ ਹਨ। ਇਹ ਮੈਂ-ਮੇਰੀ ਦਾ ਕਲੇਸ਼ ਹੀ ਮਿਲਣ ਨਹੀਂ ਦਿੰਦਾ। ਗੁਰੂ ਸਾਹਿਬ ਨੇ ਰੱਬ ਦੇ ਘਰ ਦੀ ਉਦਾਹਰਣ ਦਿੱਤੀ ਹੈ।

ਦੁਨੀਆ ਅੰਦਰ ਤਾਂ ਹਰ ਕਿਸੇ ਦਾ ਘਰ, ਕਾਰ ਆਦਿ ਵੱਖਰੇ ਹਨ ਅਤੇ ਜੀਵ ਸਹਿਜ-ਸੁਭਾ ਇਹ ਚੀਜ਼ ਸਹੁਰੇ ਘਰ ਵਿੱਚ ਵੀ ਲੈ ਆਉਂਦਾ ਹੈ। ਇਸੇ ਤਰ੍ਹਾਂ ਜੀਵ ਜਦੋਂ ਗੁਰਦੁਆਰੇ ਗਿਆ, ਉਦੋਂ ਉਥੇ ਵੀ ਆਖਿਆ ਕਿ ਇਹ ਸਾਡੀ ਮਰਿਆਦਾ ਹੈ, ਇਹ ਸਾਡੀ ਅਰਦਾਸ ਹੈ ਅਤੇ ਇਥੋਂ ਤਕ ਵੀ ਆਖ ਦਿੱਤਾ ਕਿ ਇਹ ਸਾਡਾ ਗੁਰਦੁਆਰਾ ਹੈ। ਰੱਬ ਦੇ ਘਰ ਵਿੱਚ ਵੀ ਹੁਣ ਇਹ ਸਾਰਾ ਕੁਝ ਆ ਰਿਹਾ ਹੈ।

ਪਰ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਹੁਰੇ ਘਰ ਅੰਦਰ, ਰੱਬ ਦੇ ਘਰ ਵਿੱਚ ਸਭ ਕੁਝ ਸਾਂਝਾ ਹੈ। ਉਸਨੇ ਹਵਾ ਪੈਦਾ ਕੀਤੀ ਅਤੇ ਉਸ ਵਿੱਚ ਇਹ ਨਹੀਂ ਲਿਖਿਆ ਕਿ ਇਸ ਪਵਨ ਵਿੱਚੋਂ ਕੇਵਲ ਹਿੰਦੂ ਜਾਂ ਸਿੱਖ ਹੀ ਸਾਹ ਲੈ ਸਕਦਾ ਹੈ ਅਤੇ ਮੁਸਲਮਾਨ ਨਹੀਂ। ਉਸਨੇ ਧਰਤੀ ਪੈਦਾ ਕੀਤੀ, ਪਾਣੀ ਬਣਾਇਆ ਪਰ ਇਹ ਕਿਸੇ ਵਿਸ਼ੇਸ਼ ਲਈ ਰਾਖਵੇਂ ਨਹੀਂ ਕੀਤੇ। ਇਹ ਜਿੰਨੇ ਵੀ ਦੇਸ਼ਾਂ ਦਰਮਿਆਨ ਦੂਰੀਆਂ ਪੈਦਾ ਹੋਈਆਂ ਹਨ, ਝੰਝਟ ਪੈਦਾ ਹੋਏ ਹਨ, ਇਹ ਸਭ ਕੁਝ ਮੈਂ-ਮੇਰੀ ਕਰਕੇ ਹੀ ਹੋਇਆ ਹੈ।

ਦੁਨਿਆਵੀ ਪਦਾਰਥਾਂ ਨਾਲ ਜੁੜ ਕੇ, ਰੱਬ ਨੂੰ ਭੁੱਲਣ ਵਾਲੀ ਆਤਮਾ ਦਾ ਮਿਲਾਪ ਖ਼ਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਘਰ ਦੇ ਪਦਾਰਥਾਂ ਨਾਲ ਜੁੜ ਕੇ, ਪਤੀ ਦੀ ਖ਼ੁਸ਼ੀ ਨੂੰ ਦੂਰ ਕਰ ਦੇਣ

ਨਾਲ ਘਰ ਦਾ ਸੁੱਖ ਖ਼ਤਮ ਹੋ ਜਾਂਦਾ ਹੈ। ਪਰ ਜੇ ਦੋਵਾਂ ਦਾ ਆਪਸੀ ਮਿਲਾਪ ਹੋਵੇ ਤਾਂ ਕੋਈ ਕੁਝ ਵਿਗਾੜ ਹੀ ਨਹੀਂ ਸਕਦਾ :

ਸਸੁ ਵਿਰਾਇਣਿ ਨਾਨਕ ਜੀਉ
ਸਸੁਰਾ ਵਾਦੀ ਜੇਠੋ ਪਉ ਪਉ ਲੂਹੈ॥
ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣੁ ਤੂਹੈ॥

(ਗੁ.ਗ੍ਰੰ.ਸਾ. ਪੰਨਾ : 963)

ਹੁਣ ਇਥੇ ਜੀਵ ਆਤਮਾ ਤੇ ਪਰਮਾਤਮਾ ਦੇ ਮੇਲ ਵਿੱਚ ਇਹ ਗੱਲ ਨਹੀਂ ਜੁੜਦੀ ਕਿਉਂਕਿ ਰੱਬ ਦਾ ਕੋਈ ਮਾਤਾ-ਪਿਤਾ ਨਹੀਂ ਅਤੇ ਸੱਸ-ਸਹੁਰਾ ਤਾਂ ਪਤੀ ਦੇ ਮਾਤਾ-ਪਿਤਾ ਹੁੰਦੇ ਹਨ। ਹੁਣ ਸੱਸ ਵੈਰੀ ਹੋ ਗਈ, ਸਹੁਰਾ ਵੀ ਦਿਨ-ਰਾਤ ਝਗੜਾ ਕਰਦਾ ਹੈ ਤੇ ਜੇਠ ਹਰ ਕਦਮ 'ਤੇ ਕਲੇਸ਼ ਖੜਾ ਕਰਦਾ ਹੈ। ਪਰ ਮੈਂ ਕਿਸੇ ਕੋਲੋਂ ਕੀ ਲੈਣਾ ? ਜੇ ਤੇਰਾ-ਮੇਰਾ ਸਬੰਧ ਜੁੜਿਆ ਰਹੇ ਤਾਂ ਮੇਰਾ ਕੋਈ ਕੁਝ ਨਹੀਂ ਵਿਗਾੜ ਸਕੇਗਾ, ਬਲਕਿ ਸਾਰੇ ਮੇਰਾ ਸਤਿਕਾਰ ਕਰਨਗੇ। ਇਸ ਲਈ ਮੈਨੂੰ ਜੀਵਨ ਅੰਦਰ ਤੈਨੂੰ ਹੀ ਆਪਣੇ ਜੀਵਨ ਦੀ ਰਾਸ ਸਮਝਣਾ ਚਾਹੀਦਾ ਹੈ :

ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥
ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥

(ਗੁ.ਗ੍ਰੰ.ਸਾ. ਪੰਨਾ : 1095)

ਜਿਸ ਦਿਨ ਮੈਨੂੰ ਇਹ ਗੱਲ ਸਮਝ ਆ ਗਈ, ਉਸੇ ਦਿਨ ਮੈਂ ਫ਼ੈਸਲਾ ਕੀਤਾ :

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ
ਛੋਡਿਆ ਹਭੁ ਕਿਝੁ ਤਿਆਗੀ॥
ਹਭੇ ਸਾਕ ਕੂੜਾਵੇ ਡਿਠੇ
ਤਉ ਪਲੈ ਤੈਡੈ ਲਾਗੀ॥

ਹੁਣ ਕੋਈ ਵੀ ਚੀਜ਼ ਮੇਰੇ ਦਰਮਿਆਨ ਵਿੱਚ ਨਹੀਂ ਅਤੇ ਕੇਵਲ ਤੂੰ ਤੇ ਮੈਂ ਇੱਕ ਹੋ ਜਾਈਏ। ਫਿਰ ਮੈਨੂੰ ਸੰਸਾਰ ਦੇ ਸਾਰੇ ਸੁੱਖ ਮਿਲ ਜਾਣਗੇ। ਜੇ ਤੇਰਾ-ਮੇਰਾ ਸਬੰਧ ਨਾ ਰਿਹਾ, ਤਾਂ ਮੈਨੂੰ ਘਰ ਦੇ ਕਿਸੇ ਜੀਅ ਨੇ ਵੀ ਮਾਨ-ਸਤਿਕਾਰ ਨਹੀਂ ਦੇਣਾ ਅਤੇ ਮੇਰੇ ਆਪਣੇ ਪਦਾਰਥ ਵੀ ਮੈਨੂੰ ਸੁੱਖ ਨਹੀਂ ਦੇ ਸਕਣਗੇ।

ਸੋ, ਇਥੇ ਗੁਰੂ ਸਾਹਿਬ ਮੇਲ ਕਰਨ ਦੀ ਤਰਕੀਬ ਦੱਸਦੇ ਹਨ। ਕਿਉਂਕਿ ਮੇਲ ਜੀਵਨ ਹੈ ਤੇ ਵਿੱਛੜਨਾ ਮੌਤ ਹੈ। ਜਦੋਂ ਪੰਜ ਤੱਤ ਜੁੜਦੇ ਹਨ ਤਾਂ ਜੀਵਨ ਬਣਦਾ ਹੈ ਅਤੇ ਜਦੋਂ ਇਹ ਪੰਜ ਤੱਤ ਟੁੱਟ ਜਾਂਦੇ ਹਨ ਤਾਂ ਉਦੋਂ ਅਸੀਂ ਮੌਤ ਆਖਦੇ ਹਾਂ।

ਪਵਨੈ ਮਹਿ ਪਵਨੁ ਸਮਾਇਆ॥
ਜੋਤੀ ਮਹਿ ਜੋਤਿ ਰਲਿ ਜਾਇਆ॥

ਮਾਟੀ ਮਾਟੀ ਹੋਈ ਏਕ॥

(ਗੁ.ਗ੍ਰੰ.ਸਾ. ਪੰਨਾ : 885)

ਗੁਰੂ ਜੀਵਨ ਵੰਡਦਾ ਹੈ, ਇਸ ਲਈ ਮਿਲਾਪ ਦੇ ਸਾਧਨ ਦੱਸਦਾ ਹੈ। ਜੇ ਸਿੱਖ ਗੁਰੂ ਕੋਲੋਂ ਇਹ ਸਿੱਖ ਲਏ ਅਤੇ ਜੀਵਨ ਦੇ ਹਰੇਕ ਮੋੜ ਉੱਤੇ ਗੁਰੂ ਕੋਲੋਂ ਅਗਵਾਈ ਲੈ ਲਵੇ, ਤਾਂ ਫਿਰ ਸਿੱਖ ਦਾ ਜੀਵਨ ਚਿਰ ਜੀਵ ਬਣ ਜਾਏ ਅਤੇ ਉਸਦੇ ਜੀਵਨ ਦਾ ਹਰ ਪਹਿਲੂ ਜਿਊਣ ਦਾ ਪ੍ਰਤੀਕ ਬਣ ਜਾਏ।

ਅਨੰਦ ਕਾਰਜ





ਪ੍ਰੋ. ਦਰਸ਼ਨ ਸਿੰਘ ਖ਼ਾਲਸਾ


ਹਰਿ ਪਹਿਲੜੀ ਲਾਵ

ਸੂਹੀ ਮਹਲਾ ੪ ।।

ਹਰਿ ਪਹਿਲੜੀ ਲਾਵ
ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ।।
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ
ਪਾਪ ਤਜਾਇਆ ਬਲਿ ਰਾਮ ਜੀਉ ।।
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ।।
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ।।
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ।।
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ।। ੧ ।।

(ਗੁ.ਗ੍ਰੰ.ਸਾ. ਪੰਨਾ : 773)

ਹਰਿ ਪਹਿਲੜੀ ਲਾਵ

ਹਰਿ ਪਹਿਲੜੀ ਲਾਵ

ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥

ਇਥੋਂ ਅਨੰਦ ਕਾਰਜ ਦਾ ਅਸਲ ਰੂਪ ਅਰੰਭ ਹੁੰਦਾ ਹੈ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਦੇ ਇਸ ਇੱਕ ਸ਼ਬਦ ਵਿੱਚ ਚਾਰ ਪਦ ਵਰਤ ਕੇ ਮਾਨੋ ਜੀਵਨ ਦੇ ਸਫ਼ਰ ਲਈ ਚਾਰ ਪੜਾਅ ਨਿਸ਼ਚਿਤ ਕਰ ਦਿੱਤੇ ਹਨ। ਕਿਉਂਕਿ ਪੜਾਅ ਮੁਤਾਬਿਕ ਸਫ਼ਰ ਕਰਨਾ ਆਸਾਨ ਹੋ ਜਾਂਦਾ ਹੈ।

ਇੱਕ ਪੜਾਅ 'ਤੇ ਰੁੱਕ ਕੇ, ਅਗਲੇ ਪੜਾਅ ਬਾਰੇ ਜਾਣਕਾਰੀ ਲੈ ਕੇ, ਤਾਜ਼ਾ ਦਮ ਹੋ ਕੇ ਅਗਲਾ ਸਫ਼ਰ ਸ਼ੁਰੂ ਕਰਨਾ ਅਤੇ ਅਗਲੇ ਪੜਾਅ 'ਤੇ ਫਿਰ ਰੁੱਕ ਜਾਣਾ ਤੇ ਸੋਚਣਾ ਕਿ ਪਿਛਲਾ ਸਫ਼ਰ ਕੈਸਾ ਰਿਹਾ ਹੈ। ਨਾਲ ਹੀ ਅਗਲੇ ਸਫ਼ਰ ਲਈ ਫਿਰ ਪੁੱਛ ਲੈਣਾ ਤੇ ਪੁੱਛ ਕੇ ਉਸ ਦੱਸੇ ਹੋਏ ਸਾਧਨ ਜੁਗਤ ਨਾਲ ਅਗਲਾ ਸਫ਼ਰ ਸ਼ੁਰੂ ਕਰਨਾ - ਇਉਂ ਹਨ ਇਹ ਜੀਵਨ ਦੇ ਚਾਰ ਪੜਾਅ। ਜਿਵੇਂ ਮਨੁੱਖ ਕਿਸੇ ਸਫ਼ਰ 'ਤੇ ਚਲਦਾ ਹੈ ਅਤੇ ਰਾਹ ਵਿੱਚ ਪੜਾਅ ਕਰਦਾ ਹੈ, ਇਸੇ ਤਰ੍ਹਾਂ ਸੁਰਤ ਜਾਂ ਅਵੱਸਥਾ ਵੀ ਚਲਦੀ ਹੈ। ਮਨੁੱਖ ਦੀ ਅਵੱਸਥਾ ਗੁਰੂ ਦੀ ਅਗਵਾਈ ਵਿੱਚ ਚਲਦੀ ਹੈ।

ਇਹ ਚਾਰ ਪਰਿਕਰਮਾ ਜਾਂ ਲਾਵਾਂ ਕੀ ਹਨ ? ਸਿੱਖ ਰਹਿਤ ਮਰਿਆਦਾ ਅਨੁਸਾਰ ਅਨੰਦ ਕਾਰਜ ਦੀ ਰਸਮ ਵਿੱਚ ਚਾਰ ਪਰਿਕਰਮਾ ਹਨ। ਇਹ ਜੀਵਨ ਦੀਆਂ ਚਾਰ ਅਵੱਸਥਾਵਾਂ ਮੰਨੀਆਂ ਗਈਆਂ ਹਨ ਅਤੇ ਗੁਰੂ ਸਾਹਿਬ ਨੇ ਚੌਥੀ ਅਵੱਸਥਾ ਨੂੰ ਪਰਮ-ਪਦ ਦੀ ਅਵੱਸਥਾ ਭਾਵ ਮੰਜ਼ਿਲ ਕਿਹਾ ਹੈ। ਨਾਲ ਹੀ ਇਹ ਵੀ ਦੱਸਿਆ ਹੈ ਕਿ ਸਹਿਜ ਅਵੱਸਥਾ ਪਰਮਪਦ ਦੀ ਪ੍ਰਾਪਤੀ ਹੈ। ਇਸੇ ਲਈ ਗੁਰੂ ਸਾਹਿਬ ਨੇ ਬਖ਼ਸ਼ਿਸ਼ ਕਰਕੇ ਚਾਰ ਲਾਵਾਂ ਦਾ ਸਿਧਾਂਤ ਦਿੱਤਾ ਹੈ।

ਜਿਵੇਂ ਹਿੰਦੂ ਮਤ ਦੀ ਮਰਿਆਦਾ ਮੁਤਾਬਿਕ ਸਤ ਲਾਵਾਂ ਜਾਂ ਫੇਰੇ ਹਨ ਅਤੇ ਉਹ ਸਤ ਦੀ ਬਜਾਏ ਛੇ ਜਾਂ ਅੱਠ ਫੇਰੇ ਨਹੀਂ ਲੈ ਸਕਦੇ, ਉਹਨਾਂ ਦਾ ਵਿਆਹ ਕਾਰਜ ਸਤ ਫੇਰਿਆਂ ਨਾਲ ਹੀ

ਪੂਰਾ ਹੁੰਦਾ ਹੈ। ਇਸੇ ਤਰ੍ਹਾਂ ਗੁਰਮਤਿ ਮਰਿਆਦਾ ਅਨੁਸਾਰ ਸਿੱਖ ਚਾਰ ਪਰਿਕਰਮਾ ਲੈਂਦਾ ਹੈ। ਇਹ ਘੱਟ ਜਾਂ ਵੱਧ ਨਹੀਂ ਹੋ ਸਕਦੀਆਂ, ਇਹ ਚਾਰ ਪਰਿਕਰਮਾ ਦਾ ਸਿਧਾਂਤ ਚਾਰ ਅਵੱਸਥਾਵਾਂ ਦੇ ਮੁਤਾਬਿਕ ਗੁਰੂ ਸਾਹਿਬ ਵੱਲੋਂ ਬਖ਼ਸ਼ਿਸ਼ ਕੀਤਾ ਗਿਆ ਹੈ। ਇਸ ਲਈ ਇਸ ਕਾਰਜ ਦਾ ਹਿੰਦੂ ਮਤ ਦੀਆਂ ਰਸਮਾਂ ਨਾਲ ਕੋਈ ਮੇਲ ਨਹੀਂ।

ਇਹ ਪਰਿਕਰਮਾ ਦਾ ਸਿਧਾਂਤ ਕੀ ਹੈ ? ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਰਮਿਆਨ ਵਿੱਚ ਰੱਖਣਾ ਤੇ ਉਹਨਾਂ ਦੇ ਦੁਆਲੇ ਪਰਿਕਰਮਾ ਕਰਨਾ ਇਸ ਗੱਲ ਦਾ ਪ੍ਰਤੀਕ ਹੈ ਕਿ ਹੇ ਮੇਰੇ ਸਤਿਗੁਰੂ ! ਤੇਰੀ ਮਤ, ਤੇਰੀ ਅਗਵਾਈ, ਤੇਰੇ ਫ਼ੈਸਲੇ ਅਤੇ ਤੂੰ ਮੇਰੇ ਜੀਵਨ ਦਾ ਕੇਂਦਰ ਹੈਂ। ਮੇਰੇ ਜੀਵਨ ਦੇ ਸਫ਼ਰ ਲਈ, ਮੇਰੀ ਮੰਜ਼ਿਲ ਲਈ, ਤੂੰ ਮੇਰੇ ਜੀਵਨ ਦਾ ਕੇਂਦਰ ਹੈਂ। ਇਸ ਲਈ ਜਿਹੜੇ ਵੀ ਸਫ਼ਰ ਅੰਦਰ ਮੈਂ ਕਦਮ ਚੁੱਕਾਂਗਾਂ, ਉਹ ਤੇਰੇ ਦੁਆਲੇ ਹੀ ਹੋਵੇਗਾ। ਇਹ ਇੱਕ ਸੰਕੇਤ ਹੈ ਉਹਨਾਂ ਚਾਰ ਪਰਿਕਰਮਾਂ ਦਾ।

ਇਥੇ ਇੱਕ ਸੁਆਲ ਖੜ੍ਹਾ ਹੋ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਜੇ ਪਾਸਿਓਂ ਪਰਿਕਰਮਾ ਕਰਨ ਦੀ ਮਰਿਆਦਾ ਕਿਉਂ ਪੰਥਕ ਤੌਰ ਉੱਤੇ ਬਣੀ ? ਕਿਉਂ ਅਸੀਂ ਖੱਬੇ ਪਾਸਿਓਂ ਪਰਿਕਰਮਾ ਕਰਦੇ ਹਾਂ ਅਤੇ ਗੁਰੂ ਸਾਹਿਬ ਸੰਪੂਰਨ ਪਰਿਕਰਮਾ ਵਿੱਚ ਹਮੇਸ਼ਾ ਸੱਜੇ ਪਾਸੇ ਹੀ ਰਹਿੰਦੇ ਹਨ ? ਕਿਉਂਕਿ ਸੱਜੇ ਹੱਥ ਨੂੰ ਸਤਿਕਾਰ ਯੋਗ ਤੇ ਸ਼ਕਤੀ-ਸ਼ਾਲੀ ਮੰਨਿਆ ਜਾਂਦਾ ਹੈ ਅਤੇ ਅਸੀਂ ਆਪਣੇ ਤੋਂ ਕਿਸੇ ਬਜ਼ੁਰਗ ਨੂੰ ਹਮੇਸ਼ਾ ਸੱਜੇ ਪਾਸੇ ਹੀ ਬਿਠਾਉਂਦੇ ਹਾਂ। ਇਹ ਸਤਿਕਾਰ ਦਾ ਪ੍ਰਤੀਕ ਹੈ। ਪਰਿਕਰਮਾ ਇਸ ਗੱਲ ਦੀਆਂ ਪ੍ਰਤੀਕ ਹਨ ਕਿ ਗੁਰੂ ਦਾ ਹੁਕਮ ਸਾਡੇ ਜੀਵਨ ਦੇ ਸਫ਼ਰ ਦਾ ਕੇਂਦਰ ਹੈ ਅਤੇ ਇਸਨੇ ਸਾਡਾ ਹਲਤ ਤੇ ਪਲਤ ਦੋਵੇਂ ਸੰਵਾਰਨੇ ਹਨ। ਇਸ ਲਈ ਅਸੀਂ ਇਸਦੇ ਦੁਆਲੇ ਕਦਮ ਚੁੱਕਾਂਗੇ।

ਨਾਲ ਹੀ ਕਈ ਵਾਰ ਆਪਸੀ ਤੌਰ 'ਤੇ ਇਹ ਮਤਭੇਦ ਹੋ ਜਾਂਦਾ ਹੈ ਕਿ ਅਨੰਦ ਕਾਰਜ ਦੇ ਸਮੇਂ ਬੱਚੇ-ਬੱਚੀ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਲਾਵਾਂ ਦਾ ਪਾਠ ਬੈਠ ਕੇ ਸੁਣਨਾ ਹੈ ਜਾਂ ਖੜ੍ਹੇ ਹੋ ਕੇ। ਮੈਂ ਇਹ ਸਮਝਦਾ ਹਾਂ ਕਿ ਸਾਨੂੰ 'ਸਿੱਖ ਰਹਿਤ ਮਰਿਆਦਾ' ਦੇ ਅਨੁਕੂਲ ਹੀ ਚਲਣਾ ਚਾਹੀਦਾ ਹੈ। ਉਸ ਸਮੇਂ ਦੇ ਵਿਦਵਾਨਾਂ ਨੇ ਜੋ ਫ਼ੈਸਲੇ ਲਏ, ਜੇ ਇਸ ਵਿੱਚ ਕੋਈ ਕਿੰਤੂ-ਪ੍ਰੰਤੂ ਹੈ ਤਾਂ ਉਹ ਪੰਥਕ ਤੌਰ 'ਤੇ ਮਿਲ-ਬੈਠ ਕੇ ਫਿਰ ਤੋਂ ਤਬਦੀਲ ਕੀਤੇ ਜਾ ਸਕਦੇ ਹਨ। ਪਰ ਮੌਜੂਦਾ ਜੋ 'ਸਿੱਖ ਰਹਿਤ ਮਰਿਆਦਾ' ਵਿੱਚ ਲਿਖਿਆ ਹੈ, ਉਸ ਅਨੁਸਾਰ ਇਹੋ ਹੈ ਕਿ ਬੱਚਾ-ਬੱਚੀ ਪਰਿਕਰਮਾ ਕਰਕੇ ਅਗਲੇ ਆਉਣ ਵਾਲੇ ਸਫ਼ਰ ਲਈ ਹੁਕਮ ਰੂਪ ਜਿਹੜੀਆਂ ਲਾਵਾਂ ਹਨ, ਉਹਨਾਂ ਨੂੰ ਖਲੋਅ ਕੇ ਹੀ ਸੁਣਨ। ਪਰਿਕਰਮਾ ਕਰਕੇ, ਆ ਕੇ ਨਮਸਕਾਰ ਕਰਕੇ, ਫਿਰ ਖੜ੍ਹੇ ਹੋ ਕੇ ਅਗਲੇ ਹੁਕਮ ਦੀ ਇੰਤਜ਼ਾਰ ਕਰਨ। ਕਿਉਂਕਿ ਜੀਵਨ ਦੇ ਸਫ਼ਰ ਲਈ ਅਗਲਾ ਹੁਕਮ ਸੁਣਨਾ ਹੈ, ਇੱਕ ਚੇਤੰਨਤਾ ਹੈ। ਹਾਂ, ਜੇ ਕਿਸੇ ਵਕਤ ਬੱਚੇ ਜਾਂ ਬੱਚੀ ਵਿੱਚ ਸਰੀਰਕ ਤੌਰ 'ਤੇ

ਕੋਈ ਪਰੇਸ਼ਾਨੀ ਹੈ ਤਾਂ ਬੈਠ ਕੇ ਹੁਕਮ ਸੁਣਨ ਵਿੱਚ ਕੋਈ ਭਰਮ ਨਹੀਂ ਕਰਨਾ।

ਹਰਿ ਪਹਿਲੜੀ ਲਾਵ

ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ।।

ਇਹ ਸ਼ਬਦ ਦਾ ਪਹਿਲਾ ਪਦਾ ਪਹਿਲਾ ਪੜਾਅ ਹੈ। ਇਥੋਂ ਮਾਲਿਕ ਦੇ ਨਾਲ ਮਿਲਾਪ ਲਈ ਜੀਵਨ ਦਾ ਸਫ਼ਰ ਸ਼ੁਰੂ ਹੋਣ ਲੱਗਾ ਹੈ, ਤਾਂ ਕਿ ਸਬੰਧ ਕਾਇਮ ਹੋ ਜਾਏ, ਰਿਸ਼ਤਾ ਪੱਕਾ ਹੋ ਜਾਏ ਅਤੇ ਅਭੇਦ ਹੋ ਜਾਏ। ਇਸ ਲਈ ਅਸੀਂ ਗੁਰੂ ਸਾਹਿਬ ਕੋਲੋਂ ਅਗਵਾਈ ਦੀ ਜਾਚਨਾ ਕਰਦੇ ਹਾਂ। ਫਿਰ ਗੁਰੂ ਸਾਹਿਬ ਆਖਦੇ ਹਨ ਕਿ ਪਹਿਲੀ ਲਾਵ ਵਿੱਚ ਇੱਕ ਗੱਲ ਦ੍ਰਿੜ ਕਰੋ ਕਿ ਦੁਨੀਆ ਦੀ ਕੋਈ ਵੀ ਪ੍ਰਾਪਤੀ ਕਰਮ ਤੋਂ ਬਿਨਾ ਨਹੀਂ ਹੋ ਸਕਦੀ। ਕਰਮ ਜੀਵਨ ਦਾ ਕੇਂਦਰ ਹੈ। ਮਨੁੱਖ ਨੇ ਜੋ ਕੁਝ ਵੀ ਬਣਨਾ ਹੈ, ਉਹ ਕਰਮ ਤੋਂ ਹੀ ਬਣਨਾ ਹੈ। ਇਸੇ ਨੂੰ ਹੀ ਕਰਮ ਧਰਤੀ ਆਖਦੇ ਹਨ।

ਨਾਲ ਹੀ ਰੱਬ ਨੇ ਜਨਮ ਤੇ ਮਰਨ ਸੁਤੰਤਰ ਨਹੀਂ ਕੀਤਾ। ਜਨਮ ਕਰਕੇ ਮਨੁੱਖ ਸੁਤੰਤਰ ਨਹੀਂ ਅਤੇ ਇਸ ਵਿੱਚ ਉਹ ਆਪਣੀ ਮਰਜ਼ੀ ਨਹੀਂ ਵਰਤ ਸਕਦਾ ਕਿ ਮੈਂ ਇਸ ਦੇ ਘਰ ਜਨਮ ਲੈਣਾ ਹੈ, ਇਸ ਦੇਸ਼ ਵਿੱਚ ਜਨਮ ਲੈਣਾ ਹੈ ਆਦਿ। ਇਸ ਲਈ ਆਖ ਦਿੱਤਾ "**ਜੰਮਣੁ ਮਰਣਾ ਹੁਕਮੁ ਹੈ**"। ਪਰ ਕਰਮ ਕਰਕੇ ਮਨੁੱਖ ਸੁਤੰਤਰ ਹੈ ਅਤੇ ਇਸ ਉੱਤੇ ਜਨਮ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਐਸਾ ਵੀ ਹੋ ਸਕਦਾ ਹੈ ਕਿ :

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ।।

(ਗੁ.ਗ੍ਰੰ.ਸਾ. ਪੰਨਾ : 733)

ਮਨੁੱਖ ਦੇ ਜੀਵਨ ਅੰਦਰ ਜੋ ਵੀ ਬਦਲਾਵ ਆਉਣਾ ਹੈ, ਉਹ ਕਰਮ ਕਰਕੇ ਆਉਣਾ ਹੈ। ਜਨਮ ਲੈਣ ਤੋਂ ਬਾਅਦ ਉਹ ਕਰਮ ਕਰਕੇ ਮਹਾਨ ਭਗਤ ਵੀ ਹੋ ਸਕਦਾ ਹੈ ਅਤੇ ਡਾਕੂ ਵੀ ਹੋ ਸਕਦਾ ਹੈ। ਕਰਮ ਕਰਕੇ ਹੀ ਜੀਵ ਨੇ ਦੁਹਾਗਣ ਬਣਨਾ ਹੈ ਤੇ ਕਰਮ ਕਰਕੇ ਹੀ ਸੁਹਾਗਣ ਬਣਨਾ ਹੈ। ਬਲਕਿ ਕਰਮ ਇੱਕ ਐਸਾ ਸਾਧਨ ਹੈ ਜਿਸ ਦੇ ਨਾਲ ਮਨੁੱਖ ਰੱਬ ਦੇ ਨੇੜੇ ਵੀ ਹੋ ਸਕਦਾ ਹੈ ਤੇ ਰੱਬ ਤੋਂ ਦੂਰ ਵੀ :

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।।

(ਗੁ.ਗ੍ਰੰ.ਸਾ. ਪੰਨਾ : 8)

ਹੁਣ ਜੋ ਕੁਝ ਵੀ ਮਨੁੱਖ ਬਣਨਾ ਚਾਹੁੰਦਾ ਹੈ, ਜਿੱਥੇ ਵੀ ਪਹੁੰਚਣਾ ਚਾਹੁੰਦਾ ਹੈ, ਉਸਨੂੰ ਇਸ ਲਈ ਕਰਮ ਘਾਲਨਾ ਕਰਨੀ ਪਵੇਗੀ। ਬਿਨਾ ਕਰਮ ਦੇ ਪਦਾਰਥ ਦੀ ਪ੍ਰਾਪਤੀ ਵੀ ਨਹੀਂ ਹੋਣੀ ਤੇ ਨਾ ਹੀ ਪਰਮਾਰਥ ਦੀ। ਦੋਹਾਂ ਲਈ ਹੀ ਕਰਮ ਦੀ ਲੋੜ ਹੈ।

ਇਥੋਂ ਹੁਣ ਪਹਿਲੜੀ ਲਾਵ ਸਬੰਧੀ ਇੱਕ ਪ੍ਰਸ਼ਨ ਖੜ੍ਹਾ ਹੋ ਗਿਆ। ਗੁਰੂ ਸਾਹਿਬ ਪਹਿਲੜੀ ਲਾਵ ਨੂੰ ਪਰਵਿਰਤੀ ਕਰਮ ਨਾਲ ਅਰੰਭ ਕਰਾਉਣਾ ਚਾਹੁੰਦੇ ਹਨ, ਤਾਂ ਕਿ ਸਫ਼ਰ ਲਈ ਕੁਝ

ਕਰਨਾ ਪਵੇ। ਹੁਣ ਸੁਆਲ ਇਹ ਹੈ ਕਿ ਕਿਹੜੇ ਕਰਮ ਕਰਨੇ ਹਨ ਤੇ ਕਿਹੜੇ ਨਹੀਂ ? ਕਿਉਂਕਿ ਕਰਮ ਵਿਕਰਮ ਜਾਂ ਕੁਕਰਮ ਵੀ ਹੋ ਸਕਦੇ ਹਨ ਅਤੇ ਇਹ ਸੁਕਰਮ ਵੀ ਹੋ ਸਕਦੇ ਹਨ। ਸੋ, ਜੀਵ ਨੇ ਆਪਣੇ ਕੀਤੇ ਹੋਏ ਕਰਮਾਂ ਨੂੰ ਕੇਵਲ ਧਰਮ ਨਾਲ ਜੋੜ ਦੇਣਾ ਹੈ। ਤੇ ਇਹ ਧਰਮ ਜੀਵ ਨੂੰ ਗੁਰੂ ਹੀ ਦ੍ਰਿੜ ਕਰਾਏਗਾ।

ਅਖੀਰ ਕਰਮ ਤੇ ਧਰਮ ਦਾ ਸਬੰਧ ਕੀ ਹੈ ? ਕੇਵਲ ਕਰਮ ਨੂੰ ਇੱਕ ਸੇਧ ਜਾਂ ਤਰਤੀਬ ਦੇਣ ਦਾ ਨਾਮ ਧਰਮ ਹੈ। ਬੇਤਰਤੀਬੇ ਕਰਮ ਨੂੰ ਵਿਕਰਮ ਕਹਿੰਦੇ ਹਨ ਅਤੇ ਤਰਤੀਬ ਨਾਲ ਜੁੜੇ ਕਰਮ ਨੂੰ ਹੀ ਸੁਕਰਮ ਆਖਦੇ ਹਨ।

ਜੇ ਤੁਸੀਂ ਆਪਣਾ ਘਰ ਬਣਾਉਣਾ ਹੋਵੇ, ਤਾਂ ਰਾਜ-ਮਿਸਤਰੀ ਨੂੰ ਬੁਲਾਉਂਦੇ ਹੋ ਅਤੇ ਉਸਨੂੰ ਰੇਤ, ਇੱਟ, ਸੀਮੇਂਟ ਆਦਿ ਮੁਹੱਈਆ ਕਰਾਉਂਦੇ ਹੋ। ਪਰ ਉਹ ਮਿਸਤਰੀ ਦੋ ਚੀਜ਼ਾਂ ਆਪਣੇ ਨਾਲ ਲੈ ਕੇ ਆਉਂਦਾ ਹੈ - ਉਹ ਹਨ ਸੂਤ ਤੇ ਸਾਹਲ। ਉਹ ਮਿਸਤਰੀ ਜਦੋਂ ਵੀ ਰਦਾ ਸ਼ੁਰੂ ਕਰਦਾ ਹੈ, ਤਾਂ ਪਹਿਲਾਂ ਸੂਤ ਬੰਨ੍ਹ ਲੈਂਦਾ ਹੈ। ਉਹ ਸੂਤ ਇਸ ਲਈ ਬੰਨ੍ਹਿਆ ਜਾਂਦਾ ਹੈ ਤਾਂ ਕਿ ਇੱਟਾਂ ਬੇ-ਤਰਤੀਬੀਆਂ ਨਾ ਲੱਗ ਜਾਣ। ਸੂਤ ਦੀ ਜੁਗਤ ਵਿੱਚ, ਉਸਦੇ ਘੇਰੇ ਵਿੱਚ ਹੀ ਉਹ ਇੱਟਾਂ ਲਾਉਂਦਾ ਹੈ ਅਤੇ ਜੇ ਕੋਈ ਇੱਟ ਬਾਹਰ ਨਿਕਲ ਜਾਏ, ਤਾਂ ਉਸਨੂੰ ਮੁੜ ਠੋਕ ਕੇ ਬਰਾਬਰ ਕਰ ਦਿੰਦਾ ਹੈ। ਜਦੋਂ ਉਹ ਕੁਝ ਇੱਟਾਂ ਲਾ ਲੈਂਦਾ ਹੈ, ਤਾਂ ਉਹ ਫਿਰ ਸਾਲ ਲਾ ਕੇ ਵੇਖਦਾ ਹੈ ਕਿ ਦੀਵਾਰ ਕਿਤੇ ਟੇਢੀ ਤਾਂ ਨਹੀਂ। ਕਿਉਂਕਿ ਜੇ ਇੱਟਾਂ ਤਰਤੀਬ ਵਿੱਚ ਨਾ ਲੱਗੀਆਂ, ਤਾਂ ਦੀਵਾਰ ਡਿੱਗ ਸਕਦੀ ਹੈ ਅਤੇ ਉਸਦੀ ਖ਼ੂਬਸੂਰਤੀ ਵੀ ਖ਼ਤਮ ਹੋ ਜਾਂਦੀ ਹੈ। ਉਹ ਮਿਸਤਰੀ ਜਿਹੜਾ ਸੂਤ ਤੇ ਸਾਹਲ ਲੈ ਕੇ ਆਇਆ ਸੀ, ਉਹ ਕੰਮ ਪੂਰਾ ਹੋਣ ਦੇ ਬਾਅਦ ਉਹਨਾਂ ਨੂੰ ਵਾਪਸ ਲੈ ਜਾਂਦਾ ਹੈ। ਉਸਨੇ ਉਸ ਸੂਤ ਤੇ ਸਾਹਲ ਨਾਲ ਪਤਾ ਨਹੀਂ ਕਿੰਨੇ ਹੀ ਮਕਾਨ ਬਣਾਏ ਹੋਣੇ ਹਨ। ਪਰ ਹਰ ਘਰ ਬਣਾਉਣ ਵਿੱਚ ਉਸ ਸੂਤ ਤੇ ਸਾਹਲ ਦਾ ਗੁਣ - ਤਰਤੀਬ ਦੇਣ ਦਾ, ਉਹ ਉਥੇ ਹੀ ਰਹਿ ਜਾਂਦਾ ਹੈ। ਉਹ ਸੂਤ ਤੇ ਸਾਹਲ ਭਾਵ ਆਪਣੇ ਗੁਣ ਇੱਕ-ਇੱਕ ਇੱਟ ਵਿੱਚ ਛੱਡ ਜਾਂਦੇ ਹਨ ਅਤੇ ਜੇ ਐਸਾ ਨਾ ਹੁੰਦਾ ਤਾਂ ਉਹ ਸਾਰਾ ਸੀਮੇਂਟ, ਰੇਤ ਤੇ ਇੱਟਾਂ ਵਿਅਰਥ ਚਲੇ ਜਾਂਦੇ।

ਬਸ ! ਕਰਮ ਤੇ ਧਰਮ ਵਿੱਚ ਵੀ ਇਹੀ ਸਬੰਧ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਐਸਾ ਰਾਜ ਮਿਸਤਰੀ ਹੈ ਜਿਹੜਾ ਸਾਡੇ ਕਰਮਾਂ ਦੀਆਂ ਇੱਟਾਂ ਨੂੰ ਬੜੇ ਖ਼ੂਬਸੂਰਤ ਢੰਗ ਨਾਲ ਸੂਤ-ਸਾਹਲ ਦੇ ਕੇ ਇੱਕ ਤਰਤੀਬ ਪਿਆ ਦਿੰਦਾ ਹੈ, ਜਿਸਦਾ ਨਾਂ ਧਰਮ ਹੈ। ਜੀਵਨ ਦਾ ਹਰ ਕਰਮ ਇੱਕ ਇੱਟ ਹੈ। ਜੀਵਨ ਦੇ ਸਫ਼ਰ ਦਾ ਹਰੇਕ ਕਦਮ ਇੱਕ ਇੱਟ ਹੈ ਅਤੇ ਹਰੇਕ ਇੱਟ ਨੂੰ ਧਰਮ ਦੇ ਸੂਤ ਤੇ ਸਾਹਲ ਦੇ ਨਿਯਮ ਵਿੱਚ ਰੱਖਣਾ ਹੈ। ਫਿਰ ਉਹੋ ਇੱਟ ਖ਼ੂਬਸੂਰਤ ਬਣ ਜਾਏਗੀ।

ਕੇਵਲ ਉਸ ਰਾਜ ਮਿਸਤਰੀ ਦੇ ਸੂਤ ਤੇ ਸਾਹਲ ਦੇ ਨਿਯਮ ਨੂੰ ਪਛਾਨਣ ਦੀ ਲੋੜ ਹੈ। ਗੁਰੂ ਸਾਹਿਬ ਸਾਡੇ ਜੀਵਨ ਦੇ ਹਰੇਕ ਕਰਮ ਦੀ ਅਗਵਾਈ ਕਰਦੇ ਹਨ। ਉਹ ਸਰਵਣ, ਅੱਖਾਂ, ਪੈਰਾਂ,

ਰਸਨਾ - ਸਭ ਨੂੰ ਸਮਝਾਉਂਦੇ ਹਨ ਕਿ ਕੀ ਕਰਨਾ ਹੈ ਤੇ ਕੀ ਨਹੀਂ ਕਰਨਾ। ਜਿੰਨ੍ਹਾਂ ਨੂੰ ਗੁਰੂ ਦੀ ਅਗਵਾਈ ਨਹੀਂ ਮਿਲੀ, ਉਹਨਾਂ ਨੂੰ ਬੋਲਣਾ, ਚਲਣਾ, ਤੁਰਨਾ, ਫਿਰਨਾ, ਖਾਣਾ, ਪਹਿਨਣਾ - ਕੁਝ ਵੀ ਨਹੀਂ ਆਉਂਦਾ।

ਇਸ ਅਗਵਾਈ ਦੀ ਲੋੜ ਪਰਮਾਰਥ ਦੀ ਦੁਨੀਆ ਵਿੱਚ ਵੀ ਹੈ ਅਤੇ ਪਰਿਵਾਰਿਕ ਦੁਨੀਆ ਵਿੱਚ ਵੀ। ਜਿਸ ਬੱਚੀ ਨੂੰ ਪਰਿਵਾਰ ਵਿੱਚ ਬਜ਼ੁਰਗਾਂ ਨਾਲ ਬੋਲਣਾ, ਚੰਗੀ ਤਰ੍ਹਾਂ ਵਿਵਹਾਰ ਕਰਨਾ ਹੀ ਨਾ ਆਵੇ, ਤਾਂ ਇਸਦਾ ਮਤਲਬ ਹੈ ਕਿ ਉਸਦੇ ਕੋਲ ਕਰਮ ਹਨ ਪਰ ਜੁਗਤ ਨਹੀਂ। ਇੱਟਾਂ ਤਾਂ ਕੋਲ ਹਨ ਪਰ ਸੂਤ ਤੇ ਸਾਹਲ ਕੋਈ ਨਹੀਂ। ਜੇ ਹੁਣ ਇੱਟਾਂ ਛੱਡ ਦਿੱਤੀਆਂ ਜਾਣ, ਤਾਂ ਫਿਰ ਮਹਲ ਨਹੀਂ ਬਣਨਾ। ਇਸ ਲਈ ਲੋੜ ਹੈ ਕਿ ਸਿਰਫ਼ ਇਸਦੇ ਨਾਲ ਸੂਤ ਤੇ ਸਾਹਲ ਵਾਲੇ ਇੱਕ ਰਾਜ ਮਿਸਤਰੀ ਨੂੰ ਜੋੜ ਲੈਣ ਦੀ। ਇਸੇ ਤਰ੍ਹਾਂ ਪਰਮਾਰਥ ਦੀ ਦੁਨੀਆ ਵਿੱਚ ਵੀ ਜਿੰਨ੍ਹਾਂ ਕੋਲ ਇੱਟਾਂ ਹਨ ਭਾਵ ਕਰਮ ਹਨ ਪਰ ਗੁਰਮਤਿ ਦਾ ਸੂਤ-ਸਾਹਲ ਕੋਈ ਨਹੀਂ, ਉਹ ਵੀ :

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥

(ਗੁ.ਗ੍ਰੰ.ਸਾ. ਪੰਨਾ : 469)

ਐਸੇ ਅਣਗਿਣਤ ਲੋਕ ਕਰਮ ਕਰ ਰਹੇ ਹਨ ਪਰ ਉਹਨਾਂ ਕੋਲ ਜੁਗਤ ਕੋਈ ਨਹੀਂ। ਸੋ, ਕਰਮ ਨੂੰ ਤਿਆਗਣਾ ਨਹੀਂ ਹੈ, ਕਰਮ ਤੋਂ ਮੂੰਹ ਨਹੀਂ ਮੋੜਨਾ ਹੈ। ਲੋੜ ਹੈ ਕਿ ਕੇਵਲ ਇਸ ਦੇ ਨਾਲ ਘਾਲਨਾ ਦੀ ਸ਼ਕਤੀ ਵੀ ਹੋਵੇ ਅਤੇ ਹਰ ਕਰਮ ਦ੍ਰਿੜ੍ਹ ਕਰਨ ਲਈ ਗੁਰੂ ਕੋਲੋਂ ਸੇਧ ਲੈਣੀ ਹੈ।

ਜੀਵਨ ਦੇ ਸਫ਼ਰ ਦਾ ਪਹਿਲਾ ਪੜਾਅ ਪਰਵਿਰਤੀ ਕਰਮ ਤੋਂ ਸ਼ੁਰੂ ਹੋਣਾ ਹੈ। ਜਿਹੜਾ ਮਨੁੱਖ ਸੰਸਾਰ ਵਿੱਚ ਆਇਆ ਹੈ, ਉਸਨੇ ਕੋਈ ਆਹਰ ਜਾਂ ਪਰਵਿਰਤੀ ਕਰਮ ਕਰਨਾ ਹੀ ਹੈ। ਆਹਰ ਕੇਵਲ ਨੌਕਰੀ, ਦੁਕਾਨਦਾਰੀ ਜਾਂ ਕਿਰਸਾਨੀ ਹੀ ਨਹੀਂ ਬਲਕਿ :

ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ॥
ਹਰਿ ਕੀਰਤਨ ਕਾ ਆਹਰੋ ਦੇਹੁ ਨਾਨਕ ਕੇ ਮੀਤ॥

(ਗੁ.ਗ੍ਰੰ.ਸਾ. ਪੰਨਾ : 519)

ਇਹ ਵੀ ਪਰਵਿਰਤੀ ਕਰਮ ਵਿੱਚ ਆਉਂਦਾ ਹੈ। ਇਹ ਉਹ ਆਹਰ ਹੈ, ਉਹ ਪਰਵਿਰਤੀ ਕਰਮ ਹੈ ਜਿਸ ਦੇ ਨਾਲ ਧਰਮ ਵੀ ਦ੍ਰਿੜ੍ਹ ਕਰ ਲਿਆ ਗਿਆ ਹੈ। ਗੁਰੂ ਸਾਹਿਬ ਨੇ ਜੀਵਨ ਦੇ ਪਹਿਲੇ ਪੜਾਅ ਵਿੱਚ ਤੋਰਨ ਲਈ ਇਹ ਗੱਲ ਆਖ ਦਿੱਤੀ। ਪਰ ਹੁਣ ਮਸਲਾ ਖੜ੍ਹਾ ਹੋ ਗਿਆ ਕਿ ਧਰਮ ਨੂੰ ਦ੍ਰਿੜ੍ਹ ਕਿੱਥੋਂ ਕਰੀਏ ?

ਧਰਤੀ ਉੱਤੇ ਅਣਗਿਣਤ ਲੋਕ ਧਰਮੀ ਬਣਨਾ ਚਾਹੁੰਦੇ ਹਨ ਅਤੇ ਉਹਨਾਂ ਵਿੱਚੋਂ ਕਈ ਵੱਖ-ਵੱਖ ਭੇਖਧਾਰੀਆਂ ਦੇ ਦਰਵਾਜ਼ੇ 'ਤੇ ਪਏ ਫਿਰਦੇ ਹਨ। ਪਰਮਾਰਥ ਦੀ ਦੁਨੀਆ ਵਿੱਚ ਕਈ ਲੋਕ ਜੀਵਨ ਜਿਊਂਦੇ ਚਲੇ ਜਾਂਦੇ ਹਨ, ਪਰ ਸਫ਼ਲ ਨਹੀਂ ਹੁੰਦੇ। ਕਿਉਂਕਿ ਉਹਨਾਂ ਨੂੰ ਪਤਾ

ਨਹੀਂ ਹੁੰਦਾ ਕਿ ਧਰਮ ਮਿਲਨਾ ਕਿੱਥੋਂ ਹੈ ? ਜੰਡਾਂ ਥੱਲੇ ਦੀਵੇ ਜਗਾਉਣ ਨਾਲ, ਪਿੱਪਲ ਨੂੰ ਗਾਨੇ ਬੰਨ੍ਹਣ ਨਾਲ ਜਾਂ ਪਾਵਿਆਂ ਨੂੰ ਮੁੱਠੀ ਭਰਨ ਨਾਲ ਧਰਮ ਨਹੀਂ ਮਿਲ ਜਾਂਦਾ। ਜੇ ਆਪਣੇ ਕਰਮ ਨੂੰ ਧਰਮ ਦੀ ਤਰਤੀਬ ਦੇਣਾ ਚਾਹੁੰਦੇ ਹੋ, ਆਪਣੇ ਕਰਮ ਸਫ਼ਲ ਕਰਨਾ ਚਾਹੁੰਦੇ ਹੋ, ਤਾਂ ਉਸ ਲਈ ਇਕੋ ਇੱਕ ਤਰੀਕਾ ਹੈ :

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ
ਪਾਪ ਤਜਾਇਆ ਬਲਿ ਰਾਮ ਜੀਉ ॥

ਭਾਵੇਂ ਕਿਸੇ ਲਈ ਬ੍ਰਹਮਾ ਦਾ ਵੇਦ ਹੋਵੇਗਾ, ਪਰ ਸਾਡੇ ਲਈ ਤਾਂ ਬਾਣੀ ਹੀ ਬ੍ਰਹਮ ਵੇਦ ਹੈ। ਅਸੀਂ ਇਥੋਂ ਆ ਕੇ ਹੀ ਧਰਮ ਬਾਰੇ ਪੁੱਛਣਾ ਹੈ। ਜਿਸ ਦਿਨ ਬਾਣੀ ਤੋਂ ਧਰਮ ਸਿੱਖ ਕੇ ਕਰਮਾਂ ਦੇ ਨਾਲ ਰੂਪ ਦੇ ਦੇਵਾਂਗੇ, ਉਸ ਦਿਨ ਸਾਡੇ ਕਰਮਾਂ ਵਿੱਚੋਂ ਪਾਪ ਨੱਸ ਜਾਣਗੇ।

ਆਖਰ ਇਹ ਪਾਪ ਤੇ ਪੁੰਨ ਕੀ ਹਨ ? ਰੱਬ ਨੇ ਜੀਵ ਨੂੰ ਭੇਜਣ ਲੱਗਿਆਂ ਦੋ ਬੈਲ ਦੇ ਦਿੱਤੇ :

ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ ॥

(ਗੁ.ਗ੍ਰੰ.ਸਾ. ਪੰਨਾ : 333)

ਪਾਪ ਤੇ ਪੁੰਨ ਦੋ ਬੈਲ ਦੇ ਦਿੱਤੇ ਅਤੇ ਨਾਲ ਹੀ ਸੁਆਸਾਂ ਦੀ ਪੂੰਜੀ ਦੇ ਦਿੱਤੀ ਕਿ ਜਾ ਕੇ ਗੱਡੀ ਚਲਾਓ। ਸੰਸਾਰ ਦੇ ਲੋਕਾਂ ਵਿਚੋਂ ਕਿਸੇ ਨੇ ਪਾਪ ਦਾ ਬੈਲ ਨਾਲ ਜੋੜ ਲਿਆ ਤੇ ਕਿਸੇ ਨੇ ਪੁੰਨ ਦਾ ਬੈਲ ਜੋੜ ਲਿਆ ਅਤੇ ਜੀਵਨ ਦੀ ਗੱਡੀ ਤੋਰੀ ਗਿਆ। ਪਰ ਕਈ ਲੋਕ ਐਸੇ ਵੀ ਸਨ ਜਿਨ੍ਹਾਂ ਨੇ ਪਾਪ ਤੇ ਪੁੰਨ ਦੇ ਦੋਨੋਂ ਹੀ ਬੈਲ ਜੋੜ ਲਏ। ਸਵੇਰੇ ਉੱਠ ਕੇ ਬਾਣੀ ਦਾ ਪਾਠ ਵੀ ਕਰੀ ਜਾਣਾ ਤੇ ਸਾਰਾ ਦਿਨ ਝੂਠ ਵੀ ਬੋਲੀ ਜਾਣਾ। ਉਹਨਾਂ ਨੇ ਦੋਵੇਂ ਹੀ ਬੈਲ ਜੋੜ ਲਏ, ਭਾਵੇਂ ਜਿਸਨੂੰ ਮਰਜ਼ੀ ਚਲਾਈ ਜਾਣ। ਪਾਪਾਂ ਦੀ ਕਮਾਈ ਇਕੱਠੀ ਕਰਨੀ, ਕਿਸੇ ਦਾ ਹੱਕ ਮਾਰ ਕੇ ਝੂਠ-ਫ਼ਰੇਬ ਦੀ ਕਮਾਈ ਵੀ ਇਕੱਠੀ ਕਰਨੀ ਅਤੇ ਨਾਲ ਹੀ ਅਖੰਡ ਪਾਠਾਂ ਦੀ ਲੜੀ ਵੀ ਚਲਾਈ ਜਾਣੀ। ਪਰ ਬਾਬਾ ਕਬੀਰ ਜੀ ਨੇ ਇਸ ਸ਼ਬਦ ਦੀ ਅਖੀਰਲੀ ਪੰਗਤੀ ਵਿੱਚ ਬੜੀ ਖ਼ੂਬਸੂਰਤ ਗੱਲ ਆਖ ਦਿੱਤੀ :

ਕਹਤ ਕਬੀਰ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ ॥
ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ ॥

(ਗੁ.ਗ੍ਰੰ.ਸਾ. ਪੰਨਾ : 333)

ਜਦੋਂ ਉਥੋਂ ਮੁੜਨ ਲੱਗਾ ਤਾਂ ਉਦੋਂ ਇੱਕ ਬੈਲ ਨੇ ਜੁਆਬ ਦੇ ਦਿੱਤਾ ਕਿ ਮੈਂ ਇਧਰ ਨਹੀਂ ਜਾ ਸਕਦਾ। ਰਾਮ ਦੀ ਘਾਟੀ ਵਿੱਚ ਪਾਪ ਦਾ ਬੈਲ ਜਾਂਦਾ ਹੀ ਨਹੀਂ। ਇਸ ਲਈ ਪਾਪ ਤੇ ਪੁੰਨ ਦੀ ਪਛਾਣ ਕਰਨ ਦੀ ਲੋੜ ਹੈ।

ਪਰ ਇਸ ਪਾਪ ਤੇ ਪੁੰਨ ਦੀ ਪਛਾਣ ਗੁਰਮਤਿ ਵਿੱਚੋਂ ਹੋਣੀ ਹੈ। ਇਸ ਲਈ ਬਾਣੀ ਹੀ ਸਾਡੇ ਲਈ ਬ੍ਰਹਮ ਵੇਦ ਹੈ। ਬਾਣੀ ਤੋਂ ਅਗਵਾਈ ਲੈਣ ਨਾਲ ਜੀਵਨ ਦੇ ਕਰਮ ਵਿੱਚੋਂ ਪਾਪ ਨੱਸ

ਜਾਣਗੇ ਅਤੇ ਕਰਮ ਸੁਕਿਰਤ ਬਣ ਜਾਣਗੇ।

ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ

ਸਿਮ੍ਰਿਤਿ ਨਾਮੁ ਦ੍ਰਿੜਾਇਆ।।

ਬਾਣੀ ਨੇ ਦੋ ਚੀਜ਼ਾਂ ਇਕੱਠੀਆਂ ਕਰ ਦਿੱਤੀਆਂ - '**ਧਰਮੁ ਦ੍ਰਿੜਹੁ**' ਤੇ '**ਹਰਿ ਨਾਮੁ ਧਿਆਵਹੁ**'। ਧਰਮ ਦ੍ਰਿੜ ਕਰਨ ਦਾ ਮਤਲਬ ਹੈ ਕਰਮਾਂ ਨੂੰ ਸੁਕਿਰਤ ਵਿੱਚ ਲਿਆਉਣਾ। ਧਰਮ ਦਾ ਕੰਮ ਹੈ ਕਰਮਾਂ ਨੂੰ ਗਿਆਨ ਖੰਡ ਵਿੱਚ ਲੈ ਕੇ ਜਾਣਾ।

ਧਰਮ ਖੰਡ ਕਾ ਏਹੋ ਧਰਮੁ।।

ਗਿਆਨ ਖੰਡ ਕਾ ਆਖਹੁ ਕਰਮੁ।।

(ਗੁ.ਗ੍ਰੰ.ਸਾ. ਪੰਨਾ : 7)

ਇਥੇ ਕਰਮ ਨੇ ਧਰਮ ਦੇ ਅਧੀਨ ਹੋ ਜਾਣਾ ਹੈ। ਗੁਰੂ ਕਰਮ ਨਾਲ ਧਰਮ ਜੋੜ ਦਿੰਦਾ ਹੈ ਅਤੇ ਜੀਵ ਦਾ ਹਰ ਕਰਮ - ਬੋਲਣਾ, ਚਲਣਾ, ਸੌਣਾ ਸਭ ਕੁਝ ਗੁਰੂ ਦੇ ਹੁਕਮ ਵਿੱਚ ਹੋ ਜਾਂਦਾ ਹੈ। ਹੁਣ ਸਿੱਖ ਜੋ ਕੁਝ ਵੀ ਕਰਦਾ ਹੈ, ਉਹ ਧਰਮ ਬਣ ਜਾਂਦਾ ਹੈ। ਉਸਦਾ ਕਰਮ ਧਰਮ ਬਣ ਜਾਂਦਾ ਹੈ ਤੇ ਉਸਦੇ ਵਿੱਚੋਂ ਪਾਪ ਨੱਸ ਜਾਂਦੇ ਹਨ। ਜਦੋਂ ਕਰਮ ਨਾਲ ਗੁਰੂ ਦਾ ਬਖ਼ਸ਼ਿਆ ਹੋਇਆ ਧਰਮ ਜੁੜੇਗਾ, ਤਾਂ ਉਹ ਕਰਮ 'ਨਿਰਮਲ' ਹੋ ਜਾਵੇਗਾ ਤੇ ਜਦੋਂ ਸਿਮਰਨ ਕਰੇਗਾ ਤਾਂ :

ਸਰਬ ਧਰਮ ਮਹਿ ਸ੍ਰੇਸਟ ਧਰਮੁ।।

ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।।

(ਗੁ.ਗ੍ਰੰ.ਸਾ. ਪੰਨਾ : 266)

ਇਹੀ ਗੱਲ ਗੁਰੂ ਸਾਹਿਬ ਨੇ ਇਥੇ ਵੀ ਆਖ ਦਿੱਤੀ ਅਤੇ ਦੋਵਾਂ ਨੂੰ ਇਕੱਠਿਆਂ ਕਰ ਦਿੱਤਾ। ਕਰਮ ਦੇ ਨਾਲ-ਨਾਲ ਗੁਰੂ ਸਾਹਿਬ ਨੇ ਨਾਮ ਦਾ ਸਿਮਰਨ ਵੀ ਦ੍ਰਿੜ ਕਰਾ ਦਿੱਤਾ।

ਸਤਿਗੁਰੁ ਗੁਰੁ ਪੂਰਾ ਆਰਾਧਹੁ

ਸਭਿ ਕਿਲਵਿਖ ਪਾਪ ਗਵਾਇਆ।।

ਪੂਰੇ ਗੁਰੂ ਦੀ ਅਰਾਧਨਾ ਕਰੀਏ, ਉਸਨੂੰ ਚਿੱਤ ਵਿੱਚ ਵਸਾ ਕੇ ਰੱਖੀਏ। ਆਪਣੇ ਜੀਵਨ ਦਾ ਕੋਈ ਕਦਮ ਉਸਦੇ ਦੁਆਲੇ ਤੋਂ ਦੂਰ ਨਾ ਜਾਣ ਦੇਈਏ। ਇਸੇ ਦਾ ਨਾਂ ਪਰਿਕਰਮਾ ਹੈ। ਕਿਉਂਕਿ ਉਸਦੀ ਰਹਿਮਤ ਨਾਲ ਹੀ ਤਾਂ ਸਾਰੇ ਪਾਪ ਨਾਸ ਹੋਏ ਹਨ ਤੇ ਅੰਦਰ ਦੇ ਸਾਰੇ ਕਲੇਸ਼ ਖ਼ਤਮ ਹੋਏ ਹਨ। ਭਾਵੇਂ ਉਹ ਰੱਬ ਦੇ ਰਾਹ 'ਤੇ ਤੁਰਨ ਵਾਲਾ ਹੋਵੇ ਜਾਂ ਪਰਿਵਾਰਿਕ ਤੌਰ 'ਤੇ ਬੱਚੀ ਹੋਵੇ; ਜਿਸ ਦੇ ਸਾਰੇ ਕਲੇਸ਼ ਖ਼ਤਮ ਹੋ ਜਾਣ, ਉਸਦਾ ਜੀਵਨ ਸਫ਼ਲ ਹੋ ਜਾਂਦਾ ਹੈ।

ਸਹਜ ਅਨੰਦੁ ਹੋਆ ਵਡਭਾਗੀ

ਮਨਿ ਹਰਿ ਹਰਿ ਮੀਠਾ ਲਾਇਆ।।

ਸਹਜ, ਅਨੰਦ ਦੀ ਪਹਿਲੀ ਅਵੱਸਥਾ ਹੈ। ਇਹ ਪਹਿਲਾ ਪੜਾਅ ਹੈ ਤੇ ਇਹ ਵੱਡੇ ਭਾਗਾਂ ਨਾਲ

ਸੰਪੂਰਨ ਹੋਇਆ ਹੈ।

ਸਹਜ ਅਨੰਦ ਦੇ ਇਸ ਪੜਾਅ ਦੀ ਨਿਸ਼ਾਨੀ ਕੀ ਸੀ ? ਪਹਿਲੀ ਨਿਸ਼ਾਨੀ ਸੀ ਕਿ ਸਿੱਖ ਨੂੰ ਹਰੀ ਦਾ ਨਾਮ ਮਿੱਠਾ ਲੱਗਣ ਲੱਗ ਗਿਆ। ਜਦੋਂ ਕਰਮ ਗੁਰੂ ਦੇ ਹੁਕਮਾਂ ਵਿੱਚ ਹੋਣਗੇ, ਉਦੋਂ ਨਾਮ ਮਿੱਠਾ ਲੱਗਣ ਲੱਗ ਪੈਂਦਾ ਹੈ।


ਜਨੁ ਕਹੈ ਨਾਨਕੁ ਲਾਵ ਪਹਿਲੀ
ਆਰੰਭੁ ਕਾਜੁ ਰਚਾਇਆ ॥

ਗੁਰੂ ਸਾਹਿਬ ਕਹਿੰਦੇ ਹਨ, ਇਹ ਹੈ ਪਹਿਲੀ ਪਰਿਕਰਮਾ ਜਾਂ ਪਹਿਲਾ ਪੜਾਅ ਜੀਵਨ ਦੀ ਮੰਜ਼ਿਲ ਭਾਵ ਸਹਜ ਅਵੱਸਥਾ ਜਾਂ ਪਰਮਪਦ ਤਕ ਪਹੁੰਚਣ ਦਾ। ਹੁਣ ਮਾਨੋ ਇਸ ਕਾਰਜ ਦੇ ਸਫ਼ਰ ਦਾ ਅਰੰਭ ਹੋ ਗਿਆ ਹੈ।

ਗੁਰੂ ਸਾਹਿਬ ਨੇ ਇਸ ਪੜਾਅ ਨੂੰ ਕਰਮ ਤੋਂ ਸ਼ੁਰੂ ਕੀਤਾ ਹੈ ਤੇ ਲੈ ਕੇ ਜਾਣਾ ਹੈ ਸਹਜ ਵਿੱਚ। ਸਹਜ ਪਰਮਪਦ ਹੈ। ਇਸੇ ਲਈ ਚੌਥੀ ਲਾਵ ਵਿੱਚ ਅੰਕਿਤ ਹੈ :

ਹਰਿ ਚਉਥੜੀ ਲਾਵ
ਮਨਿ ਸਹਜੁ ਭਇਆ ਹਰਿ ਪਇਆ ਬਲਿ ਰਾਮ ਜੀਉ ॥

ਇਸ ਦੇ ਦਰਮਿਆਨ ਦਾ ਸਫ਼ਰ ਸਤਿਗੁਰੂ ਨੇ ਸਮਝਾਉਣਾ ਹੈ। ਇਸੇ ਸਫ਼ਰ ਦੇ ਗਿਆਨ ਨੇ ਸਾਨੂੰ ਪਰਮਾਰਥ ਦੇ ਪਰਮਪਦ ਤਕ ਵੀ ਪਹੁੰਚਾਉਣ ਦਾ ਰਾਹ ਦੱਸਣਾ ਹੈ ਤੇ ਨਾਲ ਹੀ ਪਰਿਵਾਰਿਕ ਤੌਰ 'ਤੇ ਸੁੱਖਾਂ ਦਾ ਸਾਮਾਨ ਵੀ ਦੇਣਾ ਹੈ। ਜੇ ਅਸੀਂ ਇਹਨਾਂ ਗੁਣਾਂ ਨੂੰ ਪਰਿਵਾਰਾਂ ਵਿੱਚ ਸ਼ਾਮਿਲ ਕਰ ਲਈਏ, ਤਾਂ ਪਰਿਵਾਰ ਅਨੰਦ ਕਾਰਜ ਹੋ ਜਾਣਗੇ। ਨਾਲ ਹੀ ਜੇ ਅਸੀਂ ਇਸੀ ਅਗਵਾਈ ਨੂੰ ਪਰਮਾਰਥ ਦੀ ਦੁਨੀਆ ਵਿੱਚ ਆਪਣੇ ਜੀਵਨ ਦਾ ਆਧਾਰ ਬਣਾ ਲਈਏ ਤਾਂ ਸਹਜ ਅਵੱਸਥਾ ਬਣ ਜਾਏਗੀ, ਜੋ ਕਿ ਮਿਲਾਪ ਦੀ ਅਵੱਸਥਾ ਹੈ।



ਹਰਿ ਦੂਜੜੀ ਲਾਵ

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ।।
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ।।
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ।।
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ।।
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ।।
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ।। ੨।।

(ਗੁ.ਗ੍ਰੰ.ਸਾ. ਪੰਨਾ : 774)

ਹਰਿ ਦੂਜੜੀ ਲਾਵ

ਪਹਿਲੀ ਲਾਵ ਵਿੱਚ ਆਇਆ ਸੀ ਕਿ ਜੀਵਨ ਦੀ ਸਫ਼ਲਤਾ ਜਾਂ ਅਸਫ਼ਲਤਾ ਕਰਮ ਖੇਤਰ ਵਿੱਚ ਖਲੋਤੀ ਹੈ। ਕਰਮ ਕਰਨਾ ਹੀ ਪੈਂਦਾ ਹੈ। ਪਰ ਕਰਮ ਖੇਤਰ ਵਿੱਚ ਮਨੁੱਖ ਅਕਸਰ ਅਸਫ਼ਲ ਕਿਉਂ ਹੋ ਜਾਂਦਾ ਹੈ ? ਕਿਉਂਕਿ ਉਸਦੇ ਕੋਲ ਜੁਗਤ ਨਹੀਂ ਹੁੰਦੀ। ਭਾਵੇਂ ਮਨੁੱਖ ਧਰਮ ਦੇ ਕਰਮ ਵੀ ਕਰੀ ਜਾਂਦਾ ਹੈ, ਪਰ ਜੁਗਤ ਵਿਹੂਣਾ ਹੋਣ ਕਰਕੇ ਅਖੀਰ ਵਿੱਚ ਉਸਦੇ ਪੱਲੇ ਪਛਤਾਵਾ ਹੀ ਪੈਂਦਾ ਹੈ।

ਧਰਮ, ਕਰਮ ਲਈ ਇੱਕ ਜੁਗਤ ਹੈ। ਕਰਮ ਨੂੰ ਜਦੋਂ ਕਿਸੇ ਜੁਗਤ ਵਿੱਚ ਪਾਉਣਾ ਹੋਵੇ ਜਾਂ ਦਿਸ਼ਾ ਦੇਣੀ ਹੋਵੇ, ਤਾਂ ਧਰਮ ਦੀ ਲੋੜ ਪੈਂਦੀ ਹੈ। ਉਹ ਧਰਮ ਗੁਰੂ ਦ੍ਰਿੜ੍ਹਾਉਂਦਾ ਹੈ, ਬਾਣੀ ਦ੍ਰਿੜ੍ਹਾਉਂਦੀ ਹੈ। ਬਾਣੀ ਹੀ ਬ੍ਰਹਮ ਵੇਦ ਹੈ। ਇਸਦੇ ਰਾਹੀਂ ਹੀ ਧਰਮ ਰੂਪੀ ਜੁਗਤ ਨੇ ਕਰਮ ਨੂੰ ਸੁਕਰਮ ਬਣਾਉਣਾ ਹੈ। ਇਸ ਲਈ ਗੁਰੂ ਦੀ ਲੋੜ ਹੈ ਜਿਹੜਾ ਗਿਆਨ ਕੁੰਡਾ ਬਣੇਗਾ ਅਤੇ ਇਸ ਕਰਮ ਦੇ ਸਫ਼ਰ ਨੂੰ ਨਿਯੰਤਰਣ ਵਿੱਚ ਰੱਖ ਕੇ ਮੰਜ਼ਿਲ ਤਕ ਲੈ ਕੇ ਜਾਵੇਗਾ।

ਹੁਣ ਇਥੋਂ ਦੂਜੀ ਲਾਵ ਨਾਲ ਅਗਲਾ ਸਫ਼ਰ ਸ਼ੁਰੂ ਹੋਇਆ। ਅਗਲੇ ਸਫ਼ਰ ਦੀਆਂ ਲੋੜਾਂ ਤੇ ਸਫ਼ਰ ਦਾ ਪ੍ਰਭਾਵ - ਦੋਵੇਂ ਚੀਜ਼ਾਂ ਗੁਰੂ ਸਾਹਿਬ ਨੇ ਇਥੇ ਸਮਝਾ ਦਿੱਤੀਆਂ ਹਨ।

ਜੀਵਨ ਵਿੱਚ ਸਫ਼ਰ ਖ਼ਤਮ ਨਹੀਂ ਹੋਇਆ, ਬਲਕਿ ਅੱਗੇ ਨਾਲੋਂ ਵੱਧਿਆ ਹੈ। ਕਿਉਂਕਿ ਸਾਧਨ ਵੱਧ ਗਏ ਹਨ ਅਤੇ ਮਨੁੱਖ ਨੇ ਆਪਣਾ ਫੈਲਾਓ ਵੀ ਵਧਾਇਆ ਹੈ। ਅੱਜ ਦੁਨੀਆ ਨੇੜੇ ਨਹੀਂ ਹੋ ਗਈ, ਬਲਕਿ ਸਫ਼ਰ ਦੇ ਸਾਧਨ ਬਦਲ ਗਏ ਹਨ।

ਜਦੋਂ ਜੀਵ ਰੱਬ ਕੋਲੋਂ ਆਉਣ ਲੱਗਾ, ਤਾਂ ਜੀਵ ਨੇ ਅਰਜ਼ ਕੀਤੀ ਕਿ ਹੇ ਪ੍ਰਭੂ ! ਮੈਂ ਤੇਰੇ ਤੋਂ ਬਹੁਤ ਦੂਰ ਜਾ ਰਿਹਾ ਹਾਂ, ਜੇ ਤੈਨੂੰ ਮਿਲਨਾ ਹੋਵੇ, ਤੇਰੇ ਲਈ ਤਾਂਘ ਪੈਦਾ ਹੋਵੇ ਤਾਂ ਕਿਵੇਂ ਮਿਲਿਆ ਜਾਵੇ ? ਫਿਰ ਰੱਬ ਨੇ ਆਖਿਆ, ਇਹ ਮਨ ਦਾ ਘੋੜਾ ਨਾਲ ਲੈ ਜਾ। ਇਸਦੀ ਗਤੀ ਬੜੀ ਤੇਜ਼ ਹੈ, ਇਹ ਪਲਾਂ ਵਿੱਚ ਹੀ ਤੈਨੂੰ ਮੇਰੇ ਕੋਲ ਪਹੁੰਚਾ ਸਕਦਾ ਹੈ। ਪਰ ਇੱਕ ਖ਼ਿਆਲ

ਕਰਨਾ ਪਵੇਗਾ ਕਿ ਕਿਧਰੇ ਇਸਦੀ ਦਿਸ਼ਾ ਗ਼ਲਤ ਨਾ ਹੋ ਜਾਏ। ਸੋ, ਮਨ ਦੀ ਜਿੰਨੀ ਤੇਜ਼ ਸਪੀਡ ਹੋਵੇ, ਉਹ ਉਨੀ ਛੇਤੀ ਜੀਵ ਨੂੰ ਰੱਬ ਦੇ ਨੇੜੇ ਲੈ ਆਉਂਦਾ ਹੈ। ਪਰ ਜੇ ਉਲਟ ਚਲ ਪਵੇ ਤਾਂ ਉਨੀ ਛੇਤੀ ਹੀ ਦੂਰ ਲੈ ਜਾਂਦਾ ਹੈ। ਇਸ ਲਈ ਮਨ ਦੇ ਘੋੜੇ 'ਤੇ ਨਿਯੰਤਰਣ ਰੱਖਣਾ ਹੈ ਤਾਂ ਕਿ ਉਸਦੀ ਦਿਸ਼ਾ ਠੀਕ ਬਣੀ ਰਹੇ।

ਮਨੁ ਕੁਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ॥

(ਗੁ.ਗ੍ਰੰ.ਸਾ. ਪੰਨਾ : 516)

ਇਸਨੂੰ ਕਾਬੂ ਵਿੱਚ ਰੱਖਣ ਨਾਲ ਇਹ ਰੱਬ ਦੇ ਨੇੜੇ ਪਹੁੰਚਾ ਦਿੰਦਾ ਹੈ ਤੇ ਮਿਲਣ ਦਾ ਮਸਲਾ ਹਲ ਕਰ ਦਿੰਦਾ ਹੈ। ਪਰ ਦੂਜੇ ਪਾਸੇ :

ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ॥

(ਗੁ.ਗ੍ਰੰ.ਸਾ. ਪੰਨਾ : 516)

ਜੇ ਇਹ ਕਾਬੂ ਵਿੱਚ ਨਾ ਰਹੇ ਤਾਂ ਫਿਰ ਇਸਦਾ ਕੋਈ ਟਿਕਾਣਾ ਨਹੀਂ ਰਹਿੰਦਾ। ਇਸ ਲਈ ਮਨ ਨੂੰ ਕਾਬੂ ਵਿੱਚ ਰੱਖਣ ਲਈ ਗਿਆਨ ਗੁਰੂ ਦੀ ਲੋੜ ਹੈ।

ਹਰਿ ਦੂਜੜੀ ਲਾਵ

ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥

ਹੁਣ ਪ੍ਰਭੂ ਦੇ ਮਿਲਾਪ ਲਈ ਕੰਮ ਸ਼ੁਰੂ ਹੋ ਗਿਆ। ਜਿੱਥੇ ਪ੍ਰਭੂ ਨੇ ਆਉਣਾ ਹੋਵੇ, ਉਥੇ ਉਹ ਪਹਿਲਾਂ ਗੁਰੂ ਨੂੰ ਭੇਜਦਾ ਹੈ ਤਾਂ ਕਿ ਉਹ ਘਰ ਉਸ ਪ੍ਰਭੂ ਦੇ ਵੱਸਣ ਲਈ ਅਨੁਕੂਲ ਹੋ ਜਾਵੇ।

ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ॥

(ਗੁ.ਗ੍ਰੰ.ਸਾ. ਪੰਨਾ : 451)

ਹਰੀ ਘਰ ਵਿੱਚ ਵੱਸੇ, ਇਸ ਲਈ ਪਹਿਲਾਂ ਗੁਰੂ ਘਰ ਵਿੱਚ ਆਵੇ। ਜਿਸ ਘਰ ਵਿੱਚ ਗੁਰੂ ਕਦੇ ਨਹੀਂ ਆਇਆ, ਉਥੇ ਰੱਬ ਵੀ ਨਹੀਂ ਆਉਂਦਾ, ਕਿਉਂਕਿ ਘਰ ਰੱਬ ਦੇ ਅਨੁਕੂਲ ਨਹੀਂ ਬਣਦਾ। ਗੁਰੂ ਨੇ ਆ ਕੇ ਵੇਖਣਾ ਹੈ ਕਿ ਇਸ ਘਰ ਵਿੱਚ ਕਿੰਨਾ ਕੂੜਾ-ਕਰਕਟ, ਪਾਪਾਂ ਦੀ ਮੈਲ, ਹਉਮੈ, ਈਰਖਾ, ਵਿਕਾਰ ਖਿਲਰਿਆ ਪਿਆ ਹੈ। ਇਸ ਸਾਰੇ ਨੂੰ ਗੁਰੂ ਨੇ ਗਿਆਨ ਦਾ ਝਾੜੂ ਹੱਥ ਵਿੱਚ ਲੈ ਕੇ ਬਾਹਰ ਕੱਢਣਾ ਹੈ ਅਤੇ ਘਰ ਦੀ ਸਫ਼ਾਈ ਕਰਨੀ ਹੈ। ਇਹ ਸਾਰਾ ਕੰਮ ਬਾਣੀ ਨੇ ਕਰਨਾ ਹੈ।

ਹਿਰਦੇ ਵਿੱਚ ਪਹਿਲਾਂ ਹੀ ਬਹੁਤ ਕੁਝ ਬੈਠਾ ਹੋਇਆ ਹੈ ਅਤੇ ਇਸ ਵਿੱਚ ਰੱਬ ਦੇ ਬੈਠਣ ਲਈ ਕੋਈ ਥਾਂ ਹੀ ਨਹੀਂ ਹੈ। ਇਸ ਲਈ ਪਹਿਲਾਂ ਬਾਣੀ ਹਿਰਦੇ ਵਿੱਚ ਆਵੇਗੀ। ਜਿਹੜਾ ਮਨੁੱਖ ਬਾਣੀ ਨਾਲ ਨਹੀਂ ਜੁੜਦਾ, ਜਿਹੜਾ ਗੁਰੂ ਸ਼ਬਦ ਦੇ ਪ੍ਰਭਾਵ ਨੂੰ ਨਹੀਂ ਕਬੂਲਦਾ, ਉਹ ਇਹ ਆਸ ਨਹੀਂ ਰੱਖ ਸਕਦਾ ਕਿ ਉਹ ਪ੍ਰਭੂ ਉਸਦੇ ਅੰਦਰ ਵੱਸੇਗਾ। ਜੇ ਪ੍ਰਭੂ ਅੰਦਰ ਹੋਵੇਗਾ ਵੀ, ਤਾਂ ਐਨੀ ਮੈਲ ਭਰੀ ਹੋਣ ਕਰਕੇ ਛਿੱਪਿਆ ਰਹੇਗਾ। ਹੁਣੇ ਅੰਦਰ ਹਉਂ ਬੈਠੀ ਹੈ ਅਤੇ ਜਿੱਥੇ

ਹਉਂ ਬੈਠੀ ਹੈ, ਉਥੇ ਹਰੀ ਨਹੀਂ ਆ ਸਕਦਾ। ਜੇ ਅੰਦਰ ਨਾਮ ਨੇ ਵੱਸਣਾ ਹੈ, ਤਾਂ ਪਹਿਲਾਂ ਇਸ ਹਉਂ ਰੂਪੀ ਮਲ ਨੂੰ ਅੰਦਰੋਂ ਕੱਢਣਾ ਪਵੇਗਾ। ਪਰ ਮਨੁੱਖ ਕੋਲੋਂ ਇਹ ਮਲ ਆਪਣੀ ਸਿਆਣਪਾਂ ਨਾਲ ਨਹੀਂ ਕੱਢੀ ਜਾਂਦੀ, ਕਿਉਂਕਿ ਇਹ ਇੱਕ ਦੀਰਘ ਰੋਗ ਹੈ। ਤੇ ਮਨੁੱਖ ਹਉਂ ਦੇ ਕਾਰਣ ਜਿੰਨੇ ਵੀ ਕਰਮ ਕਰ ਰਿਹਾ ਹੈ, ਉਸਦੇ ਨਾਲ ਪਾਪਾਂ ਦੀ ਮੈਲ ਜਮ੍ਹਾ ਹੋ ਰਹੀ ਹੈ, ਜਿਸ ਕਰਕੇ ਭਉ ਪੈਦਾ ਹੋ ਰਿਹਾ ਹੈ।

ਮਨੁੱਖ ਇਸ ਭਉ ਦੀ ਛਾਂ ਹੇਠ ਘਿਰਿਆ ਪਿਆ ਹੈ, ਹਰ ਪਾਸੇ ਡਰ ਹੀ ਡਰ ਹੈ :

ਸੋ ਡਰੇ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ।।

(ਗੁ.ਗ੍ਰੰ.ਸਾ. ਪੰਨਾ : 84)

ਜਿੰਨੇ ਪਾਪਾਂ ਦੀ ਕਮਾਈ ਕਰਨੀ ਹੈ, ਉਸਨੇ ਹੀ ਰਾਤ ਨੂੰ ਸਹਿਮ ਨਾਲ, ਡਰ ਕਰਕੇ ਉਨਿੰਦਰਾ ਰਹਿਣਾ ਹੈ ਕਿ ਪਤਾ ਨਹੀਂ ਕਿਸ ਵੇਲੇ ਛਾਪਾ ਪੈ ਜਾਏ। ਜਿਸਨੇ ਇਹ ਸਭ ਕੁਝ ਨਹੀਂ ਕਰਨਾ, ਉਸਨੂੰ ਕੋਈ ਫ਼ਿਕਰ ਨਹੀਂ। ਸੋ, ਪਾਪ ਵਿੱਚੋਂ ਡਰ ਪੈਦਾ ਹੁੰਦਾ ਹੈ। ਜਿੰਨਾ ਚਿਰ ਇਹ ਪਾਪ ਅੰਦਰ ਬੈਠੇ ਹਨ, ਉਨਾ ਚਿਰ ਰੱਬ ਕਿਵੇਂ ਇਥੇ ਆ ਕੇ ਵੱਸੇਗਾ।

ਜਿੰਨ੍ਹਾਂ ਦੇ ਮਨ ਵਿੱਚ ਤਾਂਘ ਪੈਦਾ ਹੋਈ ਹੈ, ਜਿੰਨ੍ਹਾਂ ਨੇ ਪਹਿਲੜੀ ਲਾਵ ਮੁਤਾਬਿਕ ਸੁਕਰਮ ਵਾਲੇ ਪਾਸੇ ਕਦਮ ਪੁੱਟਿਆ ਹੈ, ਉਹਨਾਂ ਦੀ ਮਦਦ ਕਰਨ ਲਈ ਪਹਿਲੇ ਗੁਰੂ ਪਹੁੰਚਦਾ ਹੈ। ਉਹ ਇਸਦੇ ਵਿੱਚੋਂ ਹਉਂ ਦੀ ਮੈਲ ਨੂੰ ਦੂਰ ਕਰਦਾ ਹੈ। ਹਉਂ ਦੀ ਮੈਲ ਦੂਰ ਹੋਣ ਨਾਲ ਪਾਪ ਦੂਰ ਹੋ ਜਾਣਗੇ ਤੇ ਜੀਵ ਨਿਰਭਉ ਹੋ ਜਾਵੇਗਾ।

ਨਿਰਭਉ ਭੈ ਮਨੁ ਹੋਇ
ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ।।

ਬਾਲ ਬੁੱਧ ਵਿੱਚ ਜੀਵ ਬੜਾ ਸੁਖੀ ਸੀ, ਜਦੋਂ ਉਸਦੀ ਆਪਣੀ ਹਉਂ ਨਹੀਂ ਸੀ। ਉਸ ਸਮੇਂ ਉਸਨੂੰ ਕੋਈ ਚਿੰਤਾ ਵੀ ਨਹੀਂ ਸੀ। ਤੇ ਜਦੋਂ ਦੀ ਹਉਂ ਪੈਦਾ ਹੋਈ ਹੈ, ਉਦੋਂ ਤੋਂ ਡਰ ਤੇ ਚਿੰਤਾ ਵੀ ਨਾਲ ਪੈਦਾ ਹੋ ਗਏ ਹਨ। ਗੁਰੂ ਸਾਹਿਬ ਨੇ ਬਾਣੀ ਅੰਦਰ ਬਹੁਤ ਖ਼ੂਬਸੂਰਤ ਗੱਲ ਆਖੀ ਕਿ ਮੈਂ ਡਰਦਾ ਕਿਉਂ ਨਹੀਂ ? ਉਹ ਇਸ ਲਈ ਕਿਉਂਕਿ ਮੈਂ ਕੁਝ ਕਰਦਾ ਹੀ ਨਹੀਂ। ਜਿੰਨੇ ਕਰਨਾ ਹੈ, ਉਸੀ ਨੇ ਡਰਨਾ ਹੈ। ਜੇ ਮੈਂ ਆਖਾਂ ਕਿ ਕਰਨ ਵਾਲਾ ਮੈਂ ਆਪ ਹਾਂ, ਤਾਂ ਫਿਰ ਮੈਨੂੰ ਕਿਸੇ ਦਾ ਡਰ ਵੀ ਹੋਵੇ।

ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ
ਸਭੁ ਕਰਤਾ ਆਪਣੀ ਕਲਾ ਵਧਾਏ ।।

(ਗੁ.ਗ੍ਰੰ.ਸਾ. ਪੰਨਾ : 308)

ਜੋ ਕੁਝ ਹੋ ਰਿਹਾ ਹੈ, ਉਸਦੀ ਮਰਜ਼ੀ ਅਨੁਸਾਰ ਹੋ ਰਿਹਾ ਹੈ। ਨਾ ਮੈਂ ਆਪ ਬੋਲ ਰਿਹਾ ਹਾਂ ਤੇ ਨਾ ਮੈਂ ਆਪ ਕੁਝ ਕਰ ਰਿਹਾ ਹਾਂ।

ਇਹ ਸਾਰਾ ਡਰ ਤਾਂ ਹੈ ਜੇ ਹਉਂ ਵਿੱਚ ਖਲੋਤੀ ਹੋਵੇ। ਜਦੋਂ ਅੰਦਰੋਂ ਹਉਂ ਦੀ ਮਲ ਖ਼ਤਮ ਹੋ ਗਈ, ਤਾਂ ਅੰਦਰੋਂ ਸਾਰੇ ਡਰ ਵੀ ਚਲੇ ਜਾਣੇ ਹਨ। ਸੋ, ਅੰਦਰ ਹਉਮੈ ਦੀ ਲੱਗੀ ਮੈਲ ਖ਼ਤਮ ਹੋ ਗਈ, ਗੁਰੂ ਨੇ ਗਿਆਨ ਦੀ ਬਡਨੀ ਨਾਲ, ਝਾੜੂ ਨਾਲ ਸਾਰਾ ਕੂੜਾ-ਕਰਕਟ ਇਕੱਠਾ ਕਰਕੇ ਬਾਹਰ ਸੁੱਟ ਦਿੱਤਾ ਅਤੇ ਅੰਦਰ ਕੋਈ ਭੈਅ ਨਹੀਂ ਰਿਹਾ।

ਹੁਣ ਇਥੇ ਇੱਕ ਹੋਰ ਮਸਲਾ ਆ ਗਿਆ ਕਿ ਭੈਅ ਮਾੜੀ ਚੀਜ਼ ਹੈ, ਇਹ ਨਹੀਂ ਹੋਣਾ ਚਾਹੀਦਾ। ਭੈਅ ਕਿਉਂਕਿ ਹਉਂ ਵਿੱਚੋਂ ਪੈਦਾ ਹੋਇਆ ਹੈ, ਇਸ ਲਈ ਇਹ ਹਉਮੈ ਦੀ ਮੈਲ ਹੈ - "**ਹਉਮੈ ਮੈਲੁ ਗਵਾਇਆ**" ਅਤੇ ਇਸ ਦੀ ਲੋੜ ਨਹੀਂ। ਪਰ ਇਸ 'ਮੈਲ' ਦੇ ਵਿਰੋਧੀ ਸ਼ਬਦ 'ਨਿਰਮਲ' ਦੀ ਲੋੜ ਹੈ। ਜਿੱਥੇ ਮੈਲ ਨਾ ਹੋਵੇ, ਉਸਨੂੰ ਨਿਰਮਲ ਕਹਿੰਦੇ ਹਨ ਅਤੇ ਜੀਵ ਨੂੰ 'ਨਿਰਮਲ ਭੈਅ' ਦੀ ਲੋੜ ਹੈ। ਹਉਂ ਦੀ ਮੈਲ ਨਾਲ ਲਿਬੜੇ ਹੋਏ ਮਨ ਦੀ ਉਹ ਮੈਲ ਤਾਂ ਕੱਢ ਦਿੱਤੀ, ਮਨ ਨਿਰਭਉ ਹੋ ਗਿਆ। ਪਰ ਹੁਣ ਜੀਵ ਨੂੰ ਨਿਰਮਲ ਭਉ ਚਾਹੀਦਾ ਹੈ।

ਗੁਰੂ ਨੇ ਹਉਂ ਦੀ ਮੈਲ ਵਾਲਾ ਭੈਅ ਅੰਦਰੋਂ ਕੱਢ ਦਿੱਤਾ, ਪਰ ਅੰਦਰ ਥਾਂ ਖਾਲੀ ਥੋੜਾ ਛੱਡਣੀ ਸੀ। ਗੁਰੂ ਨੇ ਅੰਦਰੋਂ ਕੁਝ ਕੱਢਣਾ ਹੈ ਤੇ ਕੁਝ ਪਾਉਣਾ ਵੀ ਹੈ :

ਪੰਚ ਮਨਾਏ ਪੰਚ ਰੁਸਾਏ

ਪੰਚ ਵਸਾਏ ਪੰਚ ਗਵਾਏ॥

(ਗੁ.ਗ੍ਰੰ.ਸਾ. ਪੰਨਾ : 430)

ਜੇ ਪੰਜਾਂ ਨਾਲ ਰੁੱਸਣਾ ਹੈ, ਤਾਂ ਪੰਜਾਂ ਨਾਲ ਮੇਲ ਵੀ ਕਰਾਉਣਾ ਹੈ। ਜੇ ਪੰਜਾਂ ਨੂੰ ਘਰੋਂ ਕੱਢਣਾ ਹੈ, ਤਾਂ ਪੰਜਾਂ ਨੂੰ ਲਿਆ ਕੇ ਵਸਾਉਣਾ ਵੀ ਹੈ। ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਨੂੰ ਕੱਢਣਾ ਹੈ, ਤਾਂ ਸਤ, ਸੰਤੋਖ, ਦਇਆ, ਧਰਮ ਤੇ ਧੀਰਜ ਨੂੰ ਅੰਦਰ ਲਿਆਉਣਾ ਵੀ ਹੈ। ਹਉਂ ਦੀ ਮੈਲ ਵਾਲਾ ਭਉ ਕੱਢਣਾ ਹੈ ਤਾਂ ਹਰੀ ਦੇ ਭਉ ਵਾਲਾ ਨਿਰਮਲ ਭਉ ਅੰਦਰ ਲਿਆਉਣਾ ਵੀ ਬਹੁਤ ਜ਼ਰੂਰੀ ਹੈ।

ਇਹ ਨਿਰਮਲ ਭਉ ਕੀ ਹੈ ? ਇੱਕ ਉਹ ਭਉ ਬਣਿਆ ਰਹੇ ਕਿ ਜੋ ਕੁਝ ਮੈਂ ਕਰ ਰਿਹਾ ਹਾਂ, ਮੈਨੂੰ ਕੋਈ ਵੇਖ ਰਿਹਾ ਹੈ। ਇਹ ਭਉ ਆਤਮ ਰਾਮ ਵਿੱਚ ਹੀ ਮਿਲ ਸਕਦਾ ਹੈ, ਜਦੋਂ ਇਹ ਵਿਸ਼ਵਾਸ ਹੋ ਜਾਏ ਕਿ ਉਹ ਮੇਰੇ ਨਾਲ ਹੈ।

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ

ਹਰਿ ਵੇਖੈ ਰਾਮੁ ਹਦੂਰੇ॥

ਜਿੰਨੀ ਦੇਰ ਜੀਵ ਉਸਨੂੰ ਸਾਹਮਣੇ ਨਾ ਦੇਖੇ, ਉਨੀ ਦੇਰ ਡਰਦਾ ਨਹੀਂ। ਜਿੰਨਾ ਚਿਰ ਮਨੁੱਖ ਆਪਣੇ ਗੁਨਾਹਾਂ ਨੂੰ ਛਿਪਾ ਸਕਦਾ ਹੈ, ਉਨਾ ਚਿਰ ਗੁਨਾਹਾਗਾਰ ਰਹਿੰਦਾ ਹੈ। ਉਹ ਸਮਝਦਾ ਹੈ ਕਿ ਮੈਨੂੰ ਕੋਈ ਵੇਖ ਨਹੀਂ ਰਿਹਾ। ਜਿੰਨੇ ਵੀ ਪਾਪ ਹਨ, ਉਹ ਪਰਦਾ ਚਾਹੁੰਦੇ ਹਨ, ਹਨੇਰੇ ਵਿੱਚ

ਰਹਿਣਾ ਚਾਹੁੰਦੇ ਹਨ।

ਹਨੇਰੇ ਤੋਂ ਸਾਰੀ ਦੁਨੀਆ ਨਫ਼ਰਤ ਕਰਦੀ ਹੈ, ਹਨੇਰੇ ਵਿੱਚ ਕੁਝ ਨਹੀਂ ਹੋ ਸਕਦਾ ਤੇ ਹਨੇਰਾ ਜੀਵਨ ਦੀ ਰੌਅ ਨੂੰ ਰੋਕ ਦਿੰਦਾ ਹੈ। ਮਨੁੱਖ ਨੇ ਰਾਤ ਸੌਣ ਲਈ ਨਿਸ਼ਚਿਤ ਕੀਤੀ ਹੈ ਕਿਉਂਕਿ ਉਹ ਰਾਤ ਦੇ ਹਨੇਰੇ ਨੂੰ ਵੇਖਣਾ ਨਹੀਂ ਚਾਹੁੰਦਾ। ਪਰ ਸਾਰੀ ਦੁਨੀਆ ਵਿੱਚ ਇੱਕ ਚੋਰ ਹੀ ਐਸਾ ਹੈ ਜਿਹੜਾ ਹਨੇਰੇ ਦੀ ਉਡੀਕ ਕਰਦਾ ਹੈ ਕਿਉਂਕਿ ਰਾਤ ਉਸਦੇ ਲਈ ਇੱਕ ਪਰਦਾ ਬਣੀ ਹੋਈ ਹੈ, ਉਸਨੂੰ ਕੋਈ ਹਨੇਰੇ ਵਿੱਚ ਪਛਾਣਦਾ ਨਹੀਂ। ਇਸ ਲਈ ਜਿੰਨੇ ਗ਼ੁਨਾਹ ਹਨ, ਉਹ ਪਰਦਾ ਲੋਚਦੇ ਹਨ ਤਾਂ ਕਿ ਕੋਈ ਨਾ ਵੇਖੇ।

ਪਾਪ ਜਾਂ ਗ਼ਲਤ ਕੰਮ ਹੁੰਦੇ ਹੀ ਉਨੀ ਦੇਰ ਹਨ, ਜਿੰਨੀ ਦੇਰ ਕੋਈ ਵੇਖਦਾ ਨਹੀਂ। ਉਦਾਹਰਣ ਵਜੋਂ, ਜੇ ਅਸੀਂ ਕਿਸੇ ਸੜਕ 'ਤੇ ਕਾਰ ਵਿੱਚ ਜਾ ਰਹੇ ਹੋ, ਤਾਂ ਕਿਨਾਰੇ 'ਤੇ ਬੋਰਡ ਲੱਗਿਆ ਹੁੰਦਾ ਹੈ 'ਗਤੀ ਸੀਮਾ 60', ਪਰ ਅਸੀਂ ਫਿਰ ਵੀ 80 ਜਾਂ 100 ਕਿਲੋਮੀਟਰ ਦੀ ਸਪੀਡ 'ਤੇ ਚਲੀ ਜਾਂਦੇ ਹੋ। ਜੇ ਅਚਾਨਕ ਸਾਹਮਣੇ ਟਰੈਫਿੱਕ ਪੁਲਿਸ ਦੀ ਗੱਡੀ ਨਜ਼ਰ ਆ ਜਾਏ, ਤਾਂ ਫੌਰਨ ਪੈਰ ਐਕਸੀਲਰੇਟਰ ਤੋਂ ਹੱਟ ਕੇ ਬਰੇਕਾਂ ਉੱਤੇ ਆ ਜਾਂਦਾ ਹੈ ਤੇ ਅਸੀਂ ਆਪਣੀ ਕਾਰ ਦੀ ਸਪੀਡ ਘੱਟ ਕਰ ਲੈਂਦੇ ਹੋ। ਭਾਵੇਂ ਇਹ ਗੱਲ ਸਾਨੂੰ ਸੜਕ ਕਿਨਾਰੇ ਲੱਗੇ ਬੋਰਡ ਨੇ ਵੀ ਸਮਝਾਈ ਸੀ, ਬੋਰਡ ਵੀ ਤਾਂ ਉਹਨਾਂ ਪੁਲਿਸ ਵਾਲਿਆਂ ਨੇ ਹੀ ਲਗਵਾਇਆ ਹੈ ਅਤੇ ਬੋਰਡ ਵੀ ਤਾਂ ਉਹੀ ਕਾਨੂੰਨ ਪਿਆ ਸਮਝਾਉਂਦਾ ਹੈ, ਪਰ ਉਦੋਂ ਅਸੀਂ ਇਹ ਗੱਲ ਨਹੀਂ ਸਮਝੇ। ਹੁਣ ਜਦੋਂ ਸਾਹਮਣੇ ਪੁਲਿਸ ਵਾਲਾ ਸਾਨੂੰ ਵੇਖ ਰਿਹਾ ਹੈ, ਤਾਂ ਸਾਨੂੰ ਸਮਝ ਪੈ ਗਈ। ਬਸ ! ਮਨੁੱਖ ਦਾ ਇਹ ਹੀ ਸੁਭਾਅ ਹੈ।

ਮਨੁੱਖ ਦੇ ਜਿੰਨੇ ਗ਼ੁਨਾਹ ਪਰਦੇ ਵਿੱਚ ਹਨ, ਉਹ ਸਮਝਦਾ ਹੈ ਕਿ ਮੈਨੂੰ ਕੋਈ ਵੇਖ ਨਹੀਂ ਰਿਹਾ। ਪਰਿਵਾਰਿਕ ਤੌਰ 'ਤੇ ਵੀ ਇਹ ਗੱਲ ਸਮਝ ਲੈਣੀ ਬਹੁਤ ਜ਼ਰੂਰੀ ਹੈ। ਕਈ ਵਾਰ ਆਦਮੀ ਰਾਤ ਦੇਰ ਨੂੰ ਨਾਈਟ ਕਲੱਬ ਤੋਂ ਆਉਂਦਾ ਹੈ ਤੇ ਘਰ ਆ ਕੇ ਕਹਿੰਦਾ ਹੈ ਕਿ ਮੀਟਿੰਗ ਵਿੱਚ ਦੇਰ ਹੋ ਗਈ ਕਿਉਂਕਿ ਉਸਨੂੰ ਘਰ ਦਾ ਕੋਈ ਜੀਅ ਉਥੇ ਵੇਖਦਾ ਨਹੀਂ ਹੈ। ਪਰ ਇੱਕ-ਦੂਜੇ ਵਿੱਚ ਆਤਮਿਕ ਨੇੜਤਾ ਹੋਣੀ ਚਾਹੀਦੀ ਹੈ, ਵਿਚਕਾਰ ਦੂਰੀ ਨਹੀਂ ਹੋਣੀ ਚਾਹੀਦੀ। ਇਥੇ ਹੀ "**ਏਕ ਜੋਤਿ ਦੁਇ ਮੂਰਤੀ**" ਦਾ ਸਿਧਾਂਤ ਕੰਮ ਕਰਦਾ ਹੈ। ਜਿਸ ਦਿਨ ਅਸੀਂ ਇੱਕ-ਦੂਜੇ ਦੇ ਸਾਹਮਣੇ ਆਪਣੇ ਆਪ ਨੂੰ ਛੁਪਾਉਣਾ ਬੰਦ ਕਰ ਦੇਵਾਂਗੇ, ਸਮਝ ਲਵੋ ਉਸ ਦਿਨ ਤੋਂ ਘਰ ਸਵਰਗ ਬਣ ਜਾਵੇਗਾ। ਗ਼ੁਨਾਹ ਉਤਨਾ ਚਿਰ ਘਰ ਵਿੱਚੋਂ ਨਹੀਂ ਜਾਂਦਾ, ਜਿੰਨਾ ਚਿਰ ਸਾਡੀ ਇੱਕ ਦੂਜੇ ਕੋਲੋਂ ਛਿਪਾਉਣ ਦੀ ਆਦਤ ਨਹੀਂ ਜਾਂਦੀ।

ਪਾਪਾਂ ਦੀ ਮੈਲ ਉਦੋਂ ਉਤਰਨੀ ਹੈ ਜਦੋਂ ਮਨ ਵਿੱਚ ਨਿਰਮਲ ਭਉ ਆਵੇਗਾ। ਉਹ ਭਉ ਇਹ ਹੋਵੇਗਾ ਕਿ ਰੱਬ ਮੇਰੇ ਨੇੜੇ ਹੈ ਤੇ ਉਹ ਮੈਨੂੰ ਪਿਆ ਵੇਖਦਾ ਹੈ। ਮੈਂ ਉਹ ਕੰਮ ਨਾ ਕਰਾਂ

ਜਿਹੜਾ ਮੇਰੇ ਰੱਬ ਨੂੰ ਚੰਗਾ ਨਾ ਲੱਗੇ।

ਮਨੁੱਖ ਸਮਝਦਾ ਹੈ ਕਿ ਮੇਰੇ ਰੱਬ ਨੂੰ, ਮੇਰੇ ਗੁਰੂ ਨੂੰ ਸ਼ਰਾਬ ਚੰਗੀ ਨਹੀਂ ਲੱਗਦੀ ਤੇ ਇਸੇ ਲਈ ਤਾਂ ਗੁਰਦੁਆਰੇ ਵਿੱਚ ਪੀ ਕੇ ਨਹੀਂ ਜਾਂਦਾ। ਨਾਲ ਹੀ ਮਨੁੱਖ ਸਮਝਦਾ ਹੈ ਕਿ ਗੁਰੂ ਉਥੇ ਹੀ ਰਹਿੰਦਾ ਹੈ, ਰੱਬ ਉਥੇ ਹੀ ਉਸਦੇ ਨਾਲ ਨੇੜੇ ਰਹਿੰਦਾ ਹੈ ਅਤੇ ਘਰ ਜਾਂ ਕਲੱਬ ਵਿੱਚ ਜਾ ਕੇ ਉਹ ਸ਼ਰਾਬ ਪੀ ਸਕਦਾ ਹੈ। ਪਰ ਜੇ ਇਹ ਵਿਸ਼ਵਾਸ ਆ ਜਾਏ ਕਿ :

ਹਰਿ ਆਤਮ ਰਾਮੁ ਪਸਾਰਿਆ ਸੁਆਮੀ
ਸਰਬ ਰਹਿਆ ਭਰਪੂਰੇ ।।

ਤਾਂ ਉਹ ਕੇਵਲ ਗੁਰਦੁਆਰੇ ਵਿੱਚ ਹੀ ਇਹ ਬੋਰਡ ਨਹੀਂ ਲਾਇਗਾ ਕਿ ਇਥੇ ਸ਼ਰਾਬ ਪੀ ਕੇ ਨਹੀਂ ਆ ਸਕਦੇ, ਬਲਕਿ ਆਪਣੇ ਘਰ ਦੇ ਦਰਵਾਜ਼ੇ ਸਾਹਮਣੇ ਵੀ ਇਹ ਬੋਰਡ ਲਗਾ ਦੇਵੇਗਾ। ਜਿਸ ਦਿਨ ਸਿੱਖ ਨੇ ਸ਼ਾਮ ਨੂੰ ਸ਼ਰਾਬ ਦੀ ਬੋਤਲ ਖੋਲ੍ਹਣ ਸਮੇਂ ਇਹ ਅਹਿਸਾਸ ਕਰ ਲਿਆ ਕਿ ਰੱਬ ਉਸਦੇ ਨਾਲ ਬੈਠਾ ਦੇਖ ਰਿਹਾ ਹੈ, ਤਾਂ ਫਿਰ ਉਹ ਬੋਤਲ ਨਹੀਂ ਖੋਲ੍ਹ ਸਕੇਗਾ। ਨਾਲ ਹੀ ਫਿਰ ਉਹ ਕਿਸੇ ਨਾਲ ਧੋਖਾ ਵੀ ਨਹੀਂ ਕਰ ਸਕੇਗਾ ਤੇ ਝੂਠ ਵੀ ਨਹੀਂ ਬੋਲ ਸਕੇਗਾ। ਉਸਦੇ ਸਾਰੇ ਗ਼ੁਨਾਹਾਂ ਦੇ ਕਰਮ ਉਸ ਦਿਨ ਮਿੱਟ ਜਾਣਗੇ, ਜਿਸ ਦਿਨ ਉਸਨੂੰ ਵਿਸ਼ਵਾਸ ਹੋ ਗਿਆ ਕਿ "**ਹਰਿ ਵੇਖੈ ਰਾਮੁ ਹਦੂਰੇ**"। ਇਹ ਹਰੀ ਕੋਲੋਂ ਡਰਣਾ, ਉਸਦੇ ਭੈਅ ਵਿੱਚ ਰਹਿਣਾ ਹੀ 'ਨਿਰਮਲ ਭਉ' ਹੈ।

ਜੀਵਨ ਦੇ ਸਫ਼ਰ ਵਿੱਚ ਗੁਰੂ ਇਸ ਲਈ ਹਿਰਦੇ ਵਿੱਚ ਆਇਆ ਹੈ ਤਾਂ ਕਿ ਅੰਦਰੋਂ ਪਾਪਾਂ ਦੀ ਮੈਲ ਕੱਢੀ ਜਾ ਸਕੇ, ਜੀਵਨ ਦੇ ਘਰ ਨੂੰ ਐਸਾ ਅਨੁਕੂਲ ਬਣਾਇਆ ਜਾ ਸਕੇ ਕਿ ਰੱਬ ਇਸ ਵਿੱਚ ਆ ਕੇ ਵੱਸ ਸਕੇ। ਫਿਰ ਇਸਦੇ ਅੰਦਰ ਇਹ ਨਿਰਮਲ ਭਉ ਟਿੱਕੇਗਾ ਤੇ ਉਸ ਨਿਰਮਲ ਭਉ ਦੀ ਨਿਸ਼ਾਨੀ ਹੋਵੇਗੀ ਕਿ ਉਸਨੂੰ ਰੱਬ ਹਰ ਥਾਵੇਂ ਦਿੱਸੇਗਾ ਅਤੇ ਉਹ ਕੋਈ ਗ਼ੁਨਾਹ ਨਹੀਂ ਕਰ ਸਕੇਗਾ, ਤੇ ਪਾਪਾਂ ਦੀ ਮੈਲ ਆਪੇ ਹੀ ਸਾਫ਼ ਹੋ ਜਾਵੇਗੀ।

ਇਸੇ ਲਈ ਸਾਰੇ ਗੁਣਾਂ ਨਾਲੋਂ ਉੱਤਮ ਗੁਣ ਹੈ ਰੱਬ ਨੂੰ ਨੇੜੇ ਸਮਝਣਾ :

ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ।।

(ਗੁ.ਗ੍ਰੰ.ਸਾ. ਪੰਨਾ : 400)


ਕਿੰਨੀ ਅਜੀਬ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹਰ ਥਾਵੇਂ ਇਹ ਸਮਝਾ ਰਹੀ ਹੈ ਕਿ "**ਗੁਰੂ ਮੇਰੈ ਸੰਗਿ ਸਦਾ ਹੈ ਨਾਲੇ**" - ਗੁਰੂ ਹਰ ਸਮੇਂ ਨਾਲ ਹੈ, ਰੱਬ ਸਾਡੇ ਹਮੇਸ਼ਾ ਨੇੜੇ ਹੈ। ਪਰ ਇਸ ਬਾਣੀ ਅੱਗੇ ਰੋਜ਼ ਮੱਥਾ ਟੇਕ ਕੇ ਇਸਨੂੰ ਗੁਰੂ ਆਖਣ ਵਾਲਾ ਸਿੱਖ, ਫਿਰ ਵੀ ਇਹ ਸੋਚ ਕੇ ਗ਼ੁਨਾਹ ਕਰੀ ਜਾ ਰਿਹਾ ਹੈ ਕਿ ਮੈਨੂੰ ਕੋਈ ਵੇਖ ਨਹੀਂ ਰਿਹਾ। ਜਿਸ ਦਿਨ ਸਿੱਖ ਦੇ ਮਨ ਵਿੱਚ ਇਹ ਭਉ ਆ ਗਿਆ ਕਿ ਮੈਂ ਪ੍ਰਭੂ ਦੀ ਮਰਜ਼ੀ ਵਿੱਚ ਜਿਊਣਾ ਹੈ, ਉਹ ਹਰ ਵਕਤ ਮੇਰੇ ਨਾਲ

ਹੈ, ਉਸ ਰੱਬ ਨੇ ਹਰ ਪਾਸੇ ਆਪਣਾ ਪਸਾਰਾ ਕੀਤਾ ਹੋਇਆ ਹੈ, ਹਰ ਥਾਵੇਂ ਉਹ ਆਪਣੀ ਕੁਦਰਤ ਸਾਜ ਕੇ ਆਪ ਹੀ ਵਿੱਚ ਬੈਠਾ ਹੋਇਆ ਹੈ, ਫਿਰ ਉਹ ਉਸ ਕੋਲੋਂ ਛਿਪ ਨਹੀਂ ਸਕੇਗਾ ਤੇ ਅੰਦਰ-ਬਾਹਰ ਹਰ ਪਾਸੇ ਉਸਨੂੰ ਹੀ ਜਾਣੇਗਾ।


ਅੰਤਰਿ ਬਾਹਰਿ ਹਰਿ ਪ੍ਰਭੁ ਏਕੋ
ਮਿਲਿ ਹਰਿ ਜਨ ਮੰਗਲ ਗਾਏ।।
ਜਨ ਨਾਨਕ ਦੂਜੀ ਲਾਵ ਚਲਾਈ
ਅਨਹਦ ਸਬਦ ਵਜਾਏ।।

ਦੂਜੀ ਪਰਿਕਰਮਾ, ਦੂਜੇ ਪੜਾਅ ਦਾ ਸਫ਼ਰ ਇਉਂ ਸਫ਼ਲ ਹੋਣਾ ਹੈ ਜੇ ਸਾਡੇ ਅੰਦਰ ਗੁਰੂ ਆ ਜਾਏ। ਸਾਡਾ ਸਬੰਧ ਬਾਣੀ ਨਾਲ ਜੁੜ ਜਾਏ, ਅੰਦਰੋਂ ਹਉਂ ਚਲੀ ਜਾਏ, ਅੰਦਰ ਨਿਰਮਲ ਭਉ ਆ ਜਾਏ ਤੇ ਉਸ ਨਿਰਮਲ ਭਉ ਦੇ ਆਧਾਰ 'ਤੇ ਅਸੀਂ ਹਰ ਥਾਵੇਂ ਇੱਕ ਪ੍ਰਭੂ ਦਾ ਪਸਾਰਾ ਵੇਖ ਸਕੀਏ ਅਤੇ ਇਹ ਜਾਣ ਜਾਈਏ ਕਿ ਉਸਦੇ ਕੋਲੋਂ ਕਿਸੇ ਥਾਵੇਂ ਵੀ ਛਿੱਪਿਆ ਨਹੀਂ ਜਾ ਸਕਦਾ।

ਅਨੰਦ ਕਾਰਜ



ਪ੍ਰੋ. ਦਰਸ਼ਨ ਸਿੰਘ ਖ਼ਾਲਸਾ



ਹਰਿ ਤੀਜੜੀ ਲਾਵ

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ।।
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ।।
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ।।
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ।।
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ।।
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ।। ੩।।

(ਗੁ.ਗ੍ਰੰ.ਸਾ. ਪੰਨਾ : 774)

ਹਰਿ ਤੀਜੜੀ ਲਾਵ

ਹਰਿ ਤੀਜੜੀ ਲਾਵ
ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ।।

ਗੁਰੂ ਸਾਹਿਬ ਨੇ ਇਸ ਤੀਜੀ ਲਾਂਵ ਵਿੱਚ 'ਬੈਰਾਗ' ਤੇ 'ਚਾਉ' - ਇਹ ਦੋ ਲਫ਼ਜ਼ ਇਕੱਠੇ ਕਰ ਦਿੱਤੇ ਹਨ। ਬੈਰਾਗ ਹੈ ਵਿਛੋੜੇ ਦਾ ਅਹਿਸਾਸ ਤੇ ਚਾਉ ਹੈ ਮਿਲਾਪ ਦਾ ਅਹਿਸਾਸ। ਜਿਸ ਹਿਰਦੇ ਵਿੱਚ ਵਿਛੋੜੇ ਤੇ ਮਿਲਾਪ ਦਾ ਅਹਿਸਾਸ ਖ਼ਤਮ ਹੋ ਜਾਏ, ਇਹ ਸਮਝਣਾ ਕਿ ਉਹ ਹਿਰਦਾ ਸੱਖਣਾ ਹੈ - ਉਥੇ ਕੁਝ ਵੀ ਨਹੀਂ।

ਜੇ ਬੈਰਾਗ ਹੀ ਨਾ ਹੁੰਦਾ ਤਾਂ ਇਹ ਸਫ਼ਰ ਸ਼ੁਰੂ ਹੀ ਕਿਵੇਂ ਹੁੰਦਾ। ਬੈਰਾਗ ਤੇ ਚਾਉ - ਦੋਵੇਂ ਇੱਕ ਖ਼ਿਆਲ 'ਤੇ ਨਿਰਭਰ ਹਨ। ਬੈਰਾਗ ਨੇ ਮਿਲਾਪ ਲਈ ਇੱਕ ਉੱਦਮ ਕੀਤਾ ਅਤੇ ਗੁਰੂ ਕੋਲੋਂ ਅਗਵਾਈ ਲਈ। ਗੁਰੂ ਦੇ ਮਿਲਾਪ ਸਦਕਾ ਉਸ ਪਰਵਿਰਤੀ ਕਰਮ, ਤਾਂਘ ਤੇ ਬੈਰਾਗ ਨਾਲ ਚਲਦੀ-ਚਲਦੀ ਜੀਵ-ਆਤਮਾ ਇੱਕ ਐਸੇ ਪੜਾਅ 'ਤੇ ਪੁੱਜੀ ਜਿੱਥੇ ਜਾ ਕੇ ਉਸਨੂੰ ਅੰਦਰ-ਬਾਹਰ ਹਰ ਪਾਸੇ ਪ੍ਰਭੂ ਦਿੱਸ ਪਿਆ। ਅਤੇ ਇਹ ਵਿਸ਼ਵਾਸ ਬੱਝ ਪਿਆ ਕਿ ਜਿਸਨੂੰ ਉਹ ਲੱਭ ਰਹੀ ਸੀ, ਉਹ ਤਾਂ ਨਾਲ ਹੀ ਹੈ। ਹੁਣ ਉਹ ਬੈਰਾਗ ਚਾਉ ਵਿੱਚ ਬਦਲ ਗਿਆ।

ਸਾਡੇ ਰੋਜ਼ਾਨਾ ਜੀਵਨ ਵਿੱਚ ਜੇ ਘਰ ਦਾ ਕੋਈ ਜੀਵ ਸਦਾ ਲਈ ਵਿਛੋੜਾ ਦੇ ਜਾਏ, ਤਾਂ ਘਰ ਦੇ ਬਾਕੀ ਜੀਅ ਵੈਰਾਗੀ ਹੋ ਜਾਂਦੇ ਹਨ। ਭਾਵੇਂ ਅਸਲ ਵਿੱਚ ਸਾਰੇ ਜੀਆਂ ਨੂੰ ਵੈਰਾਗ ਨਹੀਂ ਹੁੰਦਾ, ਕੁਝ ਤਾਂ ਰਸਮੋਂ-ਰਸਮੀਂ ਹੀ ਐਸਾ ਕਰਨ ਲਈ ਆਉਂਦੇ ਹਨ। ਬੈਰਾਗ ਉਹਨਾਂ ਨੂੰ ਆਉਂਦਾ ਹੈ ਜਿੰਨ੍ਹਾਂ ਨੂੰ ਉਸ ਵਿਛੋੜੇ ਦਾ ਅਹਿਸਾਸ ਹੁੰਦਾ ਹੈ। ਜਿੱਥੇ ਅਹਿਸਾਸ ਹੀ ਨਾ ਹੋਵੇ, ਉਥੇ ਬੈਰਾਗ ਨਹੀਂ ਆਉਂਦਾ। ਨਾਲ ਹੀ ਸੰਸਾਰ ਦੇ ਕਿਸੇ ਜੀਵ ਦੇ ਵਿੱਛੜਨ ਨਾਲ ਜੋ ਬੈਰਾਗ ਆਉਂਦਾ ਹੈ, ਉਹ ਬੈਰਾਗ ਕਦੇ ਚਾਉ ਵਿੱਚ ਨਹੀਂ ਬਦਲਦਾ - ਬਸ ! ਦੋਵਾਂ ਵਿੱਚ ਇਹ ਫ਼ਰਕ ਹੈ।

ਜੇ ਕਿਸੇ ਦਾ ਕੋਈ ਸਬੰਧੀ ਵਿੱਛੜ ਜਾਏ, ਤਾਂ ਉਸਨੂੰ ਉਸ ਵਿਛੋੜੇ ਦਾ ਅਹਿਸਾਸ ਹੁੰਦਾ ਹੈ ਪਰ ਉਸਦਾ ਵੈਰਾਗ ਕਦੇ ਚਾਉ ਵਿੱਚ ਇਸ ਲਈ ਨਹੀਂ ਬਦਲਦਾ ਕਿਉਂਕਿ ਉਸਨੂੰ ਪਤਾ ਹੈ ਕਿ ਜਿਹੜਾ ਵਿੱਛੜ ਗਿਆ ਹੈ, ਉਸਨੇ ਮੁੜ ਨਹੀਂ ਮਿਲਨਾ, ਭਾਵੇਂ ਜਿੰਨਾ ਮਰਜ਼ੀ ਬੈਰਾਗ ਕਰ ਲਵੋ। ਉਹ ਨਜ਼ਦੀਕੀ ਚਲਾ ਗਿਆ ਹੈ, ਉਹ ਐਸਾ ਵਿੱਛੜਿਆ ਹੈ ਜਿਸਦੇ ਮਿਲਨ ਦੀ ਮੁੜ ਕੋਈ ਆਸ ਨਹੀਂ ਹੈ। ਇਸ ਲਈ ਇਹ ਬੈਰਾਗ ਕੇਵਲ ਬੈਰਾਗ ਹੀ ਰਹਿ ਜਾਂਦਾ ਹੈ, ਚਾਉ ਨਹੀਂ ਬਣਦਾ।

ਲੇਕਿਨ ਦੂਜੇ ਪਾਸੇ ਪ੍ਰਭੂ ਦੇ ਵਿਛੋੜੇ ਦਾ ਅਹਿਸਾਸ ਕਰਨ ਨਾਲ ਜੋ ਬੈਰਾਗ ਹੁੰਦਾ ਹੈ, ਉਸ ਵਿੱਚ ਜੀਵ ਇੱਕ ਐਸਾ ਉੱਦਮ ਕਰਦਾ ਹੈ ਜਿਸ ਵਿੱਚ ਚਾਉ ਹੁੰਦਾ ਹੈ। ਕਿਉਂਕਿ ਉਸਦੇ ਵਿੱਚ ਮਿਲਨ ਦੇ ਮੌਕੇ ਦੀ ਇੱਕ ਆਸ ਬੱਝੀ ਹੁੰਦੀ ਹੈ। ਭਾਵੇਂ ਇਹ ਵੀ ਨਹੀਂ ਕਿ ਵਿੱਛੜਿਆਂ ਨੂੰ ਥੋੜ੍ਹਾ ਸਮਾਂ ਹੀ ਹੋਇਆ ਹੋਵੇ :

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ।।
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ।।

(ਗੁ.ਗ੍ਰੰ.ਸਾ. ਪੰਨਾ : 694)

ਪਰ ਉਹ ਆਸ ਚਾਅ ਵਿੱਚ ਬਦਲ ਗਈ ਹੈ। ਇਥੇ ਆਸ ਹੈ ਪਰ ਉਥੇ ਦੁਨਿਆਵੀ ਰਿਸ਼ਤੇ ਵਿੱਚ ਕੋਈ ਆਸ ਨਹੀਂ ਸੀ। ਇਸ ਲਈ ਉਸ ਬੈਰਾਗ ਨੇ ਬੈਰਾਗ ਹੀ ਰਹਿਣਾ ਹੈ ਅਤੇ ਇਸ ਬੈਰਾਗ ਨੇ ਚਾਉ ਵਿੱਚ ਬਦਲ ਜਾਣਾ ਹੈ। ਪਰ ਬਦਲਣਾ ਤਾਂ ਹੀ ਹੈ ਜੇ ਜੀਵ ਨੂੰ ਮਿਲਾਪ ਦਾ ਅਹਿਸਾਸ ਹੋ ਜਾਏ।

ਕੁਝ ਲੋਕ ਐਸੇ ਵੀ ਹਨ ਜੋ ਰੱਬ ਤੋਂ ਵਿੱਛੜਦੇ ਹਨ ਪਰ ਉਹਨਾਂ ਨੂੰ ਰੱਬ ਤੋਂ ਵਿਛੋੜੇ ਦਾ ਅਹਿਸਾਸ ਨਹੀਂ ਹੁੰਦਾ। ਉਹ ਰੱਬ ਨੂੰ ਵਿਸਰ ਜਾਂਦੇ ਹਨ। ਇਸ ਲਈ ਵਿਸਰਨ ਤੇ ਵਿੱਛੜਨ ਵਿੱਚ ਬੜਾ ਅੰਤਰ ਹੈ। ਮਨੁੱਖ ਕਈ ਵਾਰ ਨਾ ਚਾਹੁੰਦਿਆਂ ਹੋਇਆਂ ਵੀ ਮਜਬੂਰੀ ਵੱਸ ਵਿੱਛੜ ਜਾਂਦਾ ਹੈ। ਉਸ ਵਿਛੋੜੇ ਦਾ ਉਸਨੂੰ ਐਨਾ ਅਹਿਸਾਸ ਹੁੰਦਾ ਹੈ ਕਿ ਜਿਸਦੇ ਨਾਲੋਂ ਉਹ ਵਿੱਛੜਿਆ ਹੁੰਦਾ ਹੈ, ਉਹ ਉਸਨੂੰ ਕਦੇ ਵਿਸਰਦਾ ਹੀ ਨਹੀਂ।

ਆਤਮਾ ਨੂੰ ਵੀ ਪਰਮਾਤਮਾ ਨਾਲੋਂ ਕੋਈ ਵਿਛੋੜ ਦਿੰਦਾ ਹੈ :

ਪੰਚ ਦੂਤ ਮਿਲ ਪਿਰਹੁ ਵਿਛੋੜੀ।।
ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ।।

(ਗੁ.ਗ੍ਰੰ.ਸਾ. ਪੰਨਾ : 375)

ਪਰ ਇਸਨੂੰ ਇਸ ਵਿਛੋੜੇ ਦਾ ਅਹਿਸਾਸ ਹੈ, ਇਸ ਲਈ ਉਹ ਰੋ ਰਹੀ ਹੈ ਤੇ ਬੈਰਾਗ ਵਿੱਚ ਹੈ। ਜੇ ਇਸਨੂੰ ਵਿਛੋੜੇ ਦਾ ਅਹਿਸਾਸ ਹੀ ਨਾ ਹੋਵੇ, ਤਾਂ ਉਹ ਕਿਉਂ ਰੋਵੇ ?

ਬਲਕਿ ਕਈ ਵਾਰ ਮਨੁੱਖ ਨਹੀਂ ਵੀ ਚਾਹੁੰਦਾ ਤੇ ਉਸਨੂੰ ਕੋਈ ਵਿਛੋੜਾ ਦੇ ਜਾਂਦਾ ਹੈ। ਜੀਵਨ ਵਿੱਚ ਕਈ ਵਾਰ ਐਸਾ ਸਮਾਂ ਆਉਂਦਾ ਹੈ ਕਿ ਕੋਈ ਵਿੱਛੜ ਜਾਂਦਾ ਹੈ ਅਤੇ ਇਸ ਲਈ ਵਿੱਛੜ ਜਾਣਾ ਕੋਈ ਗ਼ੁਨਾਹ ਨਹੀਂ। ਉਦਾਹਰਣ ਵਜੋਂ ਸਾਡੇ ਸਾਹਮਣੇ ਹੀ ਪਾਕਿਸਤਾਨ ਬਣਿਆ ਤੇ ਸਾਡੇ ਬਹੁਤ ਸਾਰੇ ਗੁਰਧਾਮ ਸਾਡੇ ਤੋਂ ਵਿਛੋੜ ਦਿੱਤੇ ਗਏ। ਅਸੀਂ ਇਸੇ ਲਈ ਅਰਦਾਸ ਵਿੱਚ ਲਫ਼ਜ਼ ਵਿੱਛੜ ਗਏ ਨਹੀਂ ਪਾਇਆ, ਬਲਕਿ ਇਹ ਪਾਇਆ ਕਿ - ਜਿੰਨ੍ਹਾਂ ਤੋਂ ਪੰਥ ਨੂੰ ਵਿਛੋੜ ਦਿੱਤਾ ਗਿਆ। ਇਹ ਵਿਛੋੜਾ ਹਾਲਾਤਾਂ ਕਰਕੇ ਹੋਇਆ, ਇਹ ਵਿੱਛੜੇ ਨਹੀਂ ਤੇ ਨਾ ਹੀ ਵਿਸਰੇ ਹਨ। ਅੱਜ ਤਕਰੀਬਨ ਅੱਧੀ ਸਦੀ ਤੋਂ ਵੱਧ ਬੀਤਣ ਦੇ ਬਾਅਦ ਵੀ ਅਸੀਂ ਰੋਜ਼ਾਨਾ ਇਸਨੂੰ ਚੇਤੇ ਕਰਦੇ ਹਾਂ। ਜਿਹੜੀ ਚੀਜ਼ ਚਿੱਤ ਵਿੱਚ ਹੈ, ਉਹ ਵਿਸਾਰੀ ਨਹੀਂ ਜਾ ਸਕਦੀ। ਉਸਨੂੰ ਅਸੀਂ ਦਿਨ-ਰਾਤ ਚੇਤੇ ਕਰਦੇ ਰਹਿੰਦੇ ਹਾਂ, ਇਹ ਇੱਕ ਅਹਿਸਾਸ ਹੈ।

ਪਰ ਜਿੱਥੇ ਵਿਛੋੜੇ ਤੇ ਮਿਲਾਪ ਦਾ ਅਹਿਸਾਸ ਹੀ ਖ਼ਤਮ ਹੋ ਜਾਏ, ਉਹ ਹਿਰਦਾ ਸਮਝ ਲਵੋ ਕਿ ਸੱਖਣਾ ਹੈ।

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥

(ਗੁ.ਗ੍ਰੰ.ਸਾ. ਪੰਨਾ : 1379)

ਜਿੱਥੇ ਅਹਿਸਾਸ ਕੋਈ ਨਹੀਂ, ਉਸਨੂੰ ਮਸਾਨ ਭਾਵ ਮੁਰਦਾ ਹੀ ਸਮਝੋ। ਮਰਨ ਤੋਂ ਬਾਅਦ ਸਰੀਰ ਦੀ ਬਣਤਰ ਜਿਉਂ ਦੀ ਤਿਉਂ ਹੀ ਰਹਿੰਦੀ ਹੈ ਪਰ ਉਸ ਸਾਰੀ ਬਣਤਰ ਵਿੱਚੋਂ ਅਹਿਸਾਸ ਖ਼ਤਮ ਹੋ ਜਾਂਦਾ ਹੈ।

ਹਿਰਦੇ ਅੰਦਰ ਵੀ ਇੱਕ ਅਹਿਸਾਸ ਜਗਾਉਣ ਦੀ ਲੋੜ ਹੈ ਕਿਉਂਕਿ ਜਿੰਨਾ ਉੱਦਮ ਹੈ, ਉਹ ਬੈਰਾਗ ਦੇ ਅਹਿਸਾਸ ਤੋਂ ਨਿਕਲਦਾ ਹੈ। ਪਰ ਅੱਜ ਜੀਵ ਨੂੰ ਵਿਛੋੜੇ ਦਾ ਅਹਿਸਾਸ ਹੀ ਨਹੀਂ, ਮਨ ਵਿੱਚ ਇਹ ਖ਼ਿਆਲ ਹੀ ਨਹੀਂ ਕਿ ਮੈਂ ਅਜੇ ਤਕ ਅੰਮ੍ਰਿਤ ਨਹੀਂ ਛੱਕਿਆ, ਇਹ ਭੁੱਲ ਹੀ ਗਿਆ ਕਿ ਸਵੇਰੇ ਉੱਠ ਕੇ ਗੁਰਦੁਆਰੇ ਜਾਣਾ ਹੈ, ਨਿਤਨੇਮ ਕਰਨਾ ਹੈ - ਇਹ ਅਹਿਸਾਸ ਖ਼ਤਮ ਹੋ ਚੁੱਕਾ ਹੈ।

ਅਹਿਸਾਸ ਇੱਕ ਵੱਡੀ ਸ਼ਕਤੀ ਹੈ ਜੋ ਉੱਦਮ ਦਿੰਦਾ ਹੈ। ਲਾਵਾਂ ਦਾ ਇਹ ਸਫ਼ਰ ਵੀ ਅਹਿਸਾਸ ਤੋਂ ਹੀ ਸ਼ੁਰੂ ਹੋਇਆ ਹੈ। ਪਹਿਲੇ ਆਤਮਾ ਦੇ ਮਨ ਅੰਦਰ ਇੱਕ ਤਾਂਘ ਪੈਦਾ ਹੋਈ ਹੈ ਕਿ ਮੈਂ ਪਰਮਾਤਮਾ ਤੋਂ ਵਿੱਛੜੀ ਹੋਈ ਹਾਂ, ਉਸ ਤਕ ਮੁੜ ਕਿਵੇਂ ਪਹੁੰਚਾਂ ? ਜੋ ਅਸੀਂ ਆਰੰਭਕ ਤੌਰ 'ਤੇ ਮਿਲਾਪ ਦਾ ਸ਼ਬਦ ਪੜ੍ਹਦੇ ਹਾਂ -

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥

(ਗੁ.ਗ੍ਰੰ.ਸਾ. ਪੰਨਾ : 957)

ਇਸ ਵਿੱਚ ਲਫ਼ਜ਼ "ਵਿਛੁੜਿਆ ਮੇਲੇ" ਹੈ, ਕਿਉਂਕਿ ਵਿਛੋੜਾ ਤੇ ਮੇਲ ਦੋਵੇਂ ਇਕੋ ਸਿੱਕੇ ਦੇ ਦੋ ਪਾਸੇ ਹਨ, ਇਕੋ ਪਹਿਲੂ ਹਨ। ਜੋ ਕਦੇ ਵਿੱਛੜਿਆ ਹੀ ਨਹੀਂ, ਉਸਨੂੰ ਮਿਲਨ ਦੀ ਕੀ ਤਾਂਘ ਹੋਣੀ ਹੈ। ਜਿਹੜਾ ਕਦੇ ਮਿਲਿਆ ਹੀ ਨਹੀਂ, ਉਸਨੂੰ ਮਿਲਣ ਦਾ ਕੀ ਚਾਉ ਹੋਣਾ ਹੈ। ਉਸਨੂੰ ਪਤਾ ਹੀ ਨਹੀਂ ਲੱਗਣਾ ਕਿਉਂਕਿ ਉਸਦੇ ਅੰਦਰ ਅਹਿਸਾਸ ਹੀ ਖ਼ਤਮ ਹੋ ਚੁੱਕਾ ਹੋਣਾ ਹੈ।

ਇਸ ਲਈ ਇਹਨਾਂ ਦੋਹਾਂ ਚੀਜ਼ਾਂ ਦਾ ਅਹਿਸਾਸ ਜਗਾ ਕੇ ਰੱਖਣਾ ਹੈ। ਇਹ ਚੀਜ਼ਾਂ ਸਾਡੇ ਘਰਾਂ ਵਿੱਚ, ਸਾਡੇ ਰੋਜ਼ਾਨਾ ਦੇ ਜੀਵਨ ਵਿੱਚ ਵੀ ਸ਼ਾਮਿਲ ਹਨ। ਪਤਨੀ ਆਪਣੇ ਹੱਥੀਂ ਸਵੇਰੇ ਪਤੀ ਨੂੰ ਤਿਆਰ ਕਰਕੇ ਭੇਜਦੀ ਹੈ ਤੇ ਸਾਰੇ ਦਿਨ ਵਿੱਚ ਉਸਨੂੰ ਉਸਦੇ ਸਾਹਮਣੇ ਨਾ ਹੋਣ ਦਾ ਅਹਿਸਾਸ ਹੋ ਜਾਂਦਾ ਹੈ। ਇਸ ਲਈ ਉਹ ਸ਼ਾਮ ਨੂੰ ਦਰਵਾਜ਼ੇ 'ਤੇ ਖਲੋਤੀ ਉਡੀਕ ਪਈ ਕਰਦੀ ਹੈ। ਉਹ ਉਡੀਕ ਇਸ ਲਈ ਕਰਦੀ ਹੈ ਕਿਉਂਕਿ ਉਸਨੂੰ ਸਾਰਾ ਦਿਨ ਵਿਛੋੜੇ ਦਾ ਅਹਿਸਾਸ ਹੋ ਗਿਆ ਹੈ। ਤੇ ਜਿਸ ਪਤਨੀ ਨੇ ਸ਼ਾਮ ਨੂੰ ਦਰਵਾਜ਼ੇ 'ਤੇ ਖਲੋਅ ਕੇ ਪਤੀ ਦੀ ਉਡੀਕ ਨਹੀਂ ਕੀਤੀ, ਉਸਨੂੰ ਨਾ ਵਿਛੋੜੇ ਦਾ ਅਹਿਸਾਸ ਹੈ ਤੇ ਨਾ ਹੀ ਮਿਲਾਪ ਦਾ। ਜਿਸ ਪਤੀ ਨੇ ਘਰ ਆਉਣ ਲੱਗਿਆਂ ਇਹ ਨਹੀਂ ਸੋਚਿਆ ਕਿ ਘਰ ਵਿੱਚ ਮੇਰੀ ਕੋਈ ਉਡੀਕ ਕਰ ਰਿਹਾ ਹੈ, ਤਾਂ ਸਮਝ ਲਵੋ ਕਿ ਉਸਦੇ ਅੰਦਰ ਵੀ ਇਹ ਅਹਿਸਾਸ ਖ਼ਤਮ ਹੋ ਗਿਆ ਹੈ। ਇਹ ਚੀਜ਼ਾਂ ਸਾਡੇ ਰੋਜ਼ਾਨਾ ਜੀਵਨ ਨਾਲ ਸਬੰਧ ਰੱਖਦੀਆਂ ਹਨ। ਜੇ ਪਤੀ ਰਾਤ ਨੂੰ ਸ਼ਰਾਬ ਪੀ ਕੇ ਘਰ ਆਵੇ, ਤਾਂ ਉਸਦੇ ਅਹਿਸਾਸ ਖ਼ਤਮ ਹੋ ਚੁੱਕੇ ਹਨ ਤੇ ਉਸਨੂੰ ਨਹੀਂ ਪਤਾ ਕਿ ਉਸ ਦਾ ਘਰ ਵਿੱਚ ਕੋਈ ਉਡੀਕ ਕਰ ਰਿਹਾ ਹੈ। ਬੱਚੇ ਜਿਹੜੇ ਬਾਪੂ ਦੀ ਗੋਦ ਦਾ ਆਨੰਦ ਮਾਨਣ ਦੀ ਉਡੀਕ ਕਰ ਰਹੇ ਸਨ, ਉਹ ਉਸਨੂੰ ਐਸੀ ਹਾਲਤ ਵਿੱਚ ਦੇਖ ਕੇ ਸਹਿਮ ਜਾਂਦੇ ਹਨ ਤੇ ਨੇੜੇ ਹੀ ਨਹੀਂ ਜਾਂਦੇ। ਪਤਨੀ ਜੋ ਕਿ ਸਾਰੇ ਦਿਨ ਦੇ ਵਿਛੋੜੇ ਤੋਂ ਬਾਅਦ ਦੁੱਖ-ਸੁੱਖ ਸਾਂਝੇ ਕਰਨ ਲਈ ਉਡੀਕ ਰਹੀ ਹੁੰਦੀ ਹੈ, ਉਹ ਵੀ ਖ਼ਾਮੋਸ਼ ਹੋ ਜਾਂਦੀ ਹੈ। ਪਤੀ ਆਪਣਾ ਕੁਝ ਗੁਆਉਣ ਕਰਕੇ ਪੀ ਕੇ ਆਉਂਦਾ ਹੈ ਪਰ ਉਸਨੂੰ ਇਹ ਹੱਕ ਨਹੀਂ ਕਿ ਉਹ ਪਤਨੀ ਜਾਂ ਬੱਚਿਆਂ ਦੇ ਵੀ ਅਰਮਾਨ ਗੁਆ ਦੇਵੇ। ਇਸ ਲਈ ਗ੍ਰਹਿਸਤੀ ਦੇ ਘਰ ਵਿੱਚ ਸ਼ਰਾਬ ਤਾਂ ਹੋਣੀ ਹੀ ਨਹੀਂ ਚਾਹੀਦੀ ਕਿਉਂਕਿ ਇਹ ਅਹਿਸਾਸ ਨੂੰ ਖ਼ਤਮ ਕਰਦੀ ਹੈ।

ਇਹ ਨਸ਼ਾ ਆਖਰ ਕੀ ਹੈ ? ਇਹ ਅਹਿਸਾਸ ਨੂੰ ਖ਼ਤਮ ਕਰਦਾ ਹੈ, ਫ਼ਰਜ਼ ਭੁਲਾ ਦਿੰਦਾ ਹੈ। ਇਸਦੇ ਪੀਣ ਜਾਂ ਸੇਵਨ ਕਰਨ ਨਾਲ ਦੁੱਖ ਨਹੀਂ ਭੁੱਲਦੇ, ਬਲਕਿ ਦੁੱਖਾਂ ਦਾ ਅਹਿਸਾਸ ਭੁੱਲ ਜਾਂਦਾ ਹੈ। ਦੁੱਖ ਤਾਂ ਉਸੇ ਤਰ੍ਹਾਂ ਹੀ ਰਹਿੰਦੇ ਹਨ, ਕੇਵਲ ਉਹਨਾਂ ਦਾ ਅਹਿਸਾਸ ਭੁੱਲ ਜਾਂਦਾ ਹੈ। ਜੇ ਕਿਸੇ ਨੂੰ ਕੋਈ ਘਾਟਾ ਪੈ ਗਿਆ ਹੋਵੇ ਤੇ ਉਹ ਸ਼ਾਮ ਨੂੰ ਅੱਧੀ ਬੋਤਲ ਸ਼ਰਾਬ ਪੀ ਲਵੇ, ਤਾਂ ਕੀ ਉਹ ਘਾਟਾ ਪੂਰਾ ਹੋ ਜਾਂਦਾ ਹੈ ? - ਨਹੀਂ, ਨੁਕਸਾਨ ਤਾਂ ਪੂਰਾ ਨਹੀਂ ਹੁੰਦਾ, ਸਿਰਫ਼ ਉਸ ਨੁਕਸਾਨ ਦਾ ਅਹਿਸਾਸ ਥੋੜੇ ਚਿਰ ਲਈ ਭੁੱਲ ਜਾਂਦਾ ਹੈ। ਜਿਹੜੀ ਚੀਜ਼ ਅਹਿਸਾਸ ਖ਼ਤਮ

ਕਰਦੀ ਹੈ, ਉਹ ਸਮਝੋ ਜੀਵਨ ਦੀ ਸਾਰੀ ਪੂੰਜੀ ਖ਼ਤਮ ਕਰ ਦਿੰਦੀ ਹੈ, ਕਿਉਂਕਿ ਅਹਿਸਾਸ ਦਾ ਨਾਂ ਹੀ ਤਾਂ ਜੀਵਨ ਹੈ।

ਅਹਿਸਾਸ ਨੇ ਹੀ ਬੈਰਾਗ ਪੈਦਾ ਕੀਤਾ ਸੀ ਕਿਉਂਕਿ ਵਿਛੋੜੇ ਦਾ ਅਹਿਸਾਸ ਹੋ ਗਿਆ ਸੀ। ਹੁਣ ਹੋਇਆ ਮਿਲਾਪ ਤੇ ਮਿਲਾਪ ਦੇ ਅਹਿਸਾਸ ਨੇ ਅੰਦਰ ਪੈਦਾ ਕਰ ਦਿੱਤਾ ਹੈ ਚਾਉ।

ਹਰਿ ਤੀਜੜੀ ਲਾਵ

ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥

ਇਥੇ ਬੈਰਾਗ ਤੋਂ ਬਾਅਦ ਦਾ ਸਫ਼ਰ ਗੁਰੂ ਦੇ ਰਾਹੀਂ ਹੈ, ਨਿਰਾ ਬੈਰਾਗ ਨਹੀਂ ਹੈ। ਬੈਰਾਗ ਕੇਵਲ ਇੱਕ ਉੱਦਮ ਦੇਣ ਦਾ ਸਹਾਰਾ ਹੈ, ਚੇਤਨਾ ਦੇਣ ਦਾ ਵਸੀਲਾ ਹੈ। ਬੈਰਾਗ ਨੇ ਕੇਵਲ ਐਨਾ ਉੱਦਮ ਦੇਣਾ ਹੈ ਕਿ ਉਸ ਲਈ ਕੁਝ ਕਰਨਾ ਹੈ, ਜਿਸ ਕਰਕੇ ਕਿਉਂ ਵਿੱਛੜਿਆ ਹੋਇਆ ਹੈਂ ? ਪਹਿਲੀ ਲਾਂਵ ਨੇ ਕੇਵਲ ਇੱਕ ਗੱਲ ਦਾ ਅਹਿਸਾਸ ਜਗਾ ਕੇ ਤੋਰ ਦਿੱਤਾ ਸੀ ਕਿ ਕੁਝ ਕਰਨਾ ਹੈ ਤੇ ਗੁਰੂ ਨੇ ਰਹਿਮਤ ਕਰ ਕੇ ਆਖਿਆ ਸੀ ਕਿ ਨਿਰਾ ਕਰਮ ਨਾ ਹੋਵੇ, ਬਲਕਿ ਨਾਲ ਧਰਮ ਵੀ ਹੋਵੇ। ਇਹ ਤੀਜੀ ਲਾਂਵ ਇੱਕ ਐਸਾ ਮੋੜ ਹੈ, ਇੱਕ ਐਸਾ ਪੜਾਅ ਹੈ ਜਿੱਥੇ ਬੈਰਾਗੀਆਂ ਨੂੰ ਚਾਉ ਮਿਲਿਆ ਹੈ ਤੇ ਉਹ ਕਿਵੇਂ ਮਿਲਿਆ ਹੈ :

ਸੰਤ ਜਨਾ ਹਰਿ ਮੇਲੁ ਹਰਿ ਪਾਇਆ

ਵਡਭਾਗੀਆ ਬਲਿ ਰਾਮ ਜੀਉ ॥

ਉਸ ਮੇਲ ਦੀ ਸ਼ੁਰੂਆਤ ਅਹਿਸਾਸ ਤੋਂ ਹੀ ਹੋਣੀ ਹੈ।

ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ

ਮੁਖਿ ਬੋਲੀ ਹਰਿ ਬਾਣੀ ॥

ਪਿਛਲੀਆਂ ਸਾਰੀਆਂ ਗੱਲਾਂ ਜੋ ਪਹਿਲੀ ਤੇ ਦੂਜੀ ਲਾਂਵ ਵਿੱਚ ਕਹੀਆਂ ਗਈਆਂ ਹਨ, ਉਹਨਾਂ ਨੂੰ ਗੁਰੂ ਸਾਹਿਬ ਨਾਲ-ਨਾਲ ਸਬੰਧਿਤ ਕਰਦੇ ਚਲੇ ਆ ਰਹੇ ਹਨ ਕਿਉਂਕਿ ਇਹ ਸਾਰਾ ਸ਼ਬਦ ਤਾਂ ਇੱਕ ਹੀ ਹੈ, ਇਹ ਇਕੋ ਸ਼ਬਦ ਦੇ ਚਾਰ ਪਦੇ ਹਨ। ਜਿਹੜਾ ਭਉ ਹਉਮੈ ਦੀ ਮੈਲ ਵਿੱਚੋਂ ਨਿਕਲੇਗਾ, ਉਹ ਨਿਰਮਲ ਕਿਵੇਂ ਹੋਇਆ ? ਉਹ ਗੁਰੂ ਨੇ ਗੁਆ ਦਿੱਤਾ ਤੇ ਹੁਣ ਦੇ ਦਿੱਤਾ 'ਨਿਰਮਲ ਭਉ'। ਅਤੇ ਨਿਰਮਲ ਭਉ ਉਸਦਾ ਹੀ ਹੋ ਸਕਦਾ ਹੈ ਜਿਹੜਾ ਆਪ ਨਿਰਮਲ ਹੋਵੇ। ਇਸ ਲਈ ਹੁਣ ਇਥੇ ਹਰੀ ਨੂੰ ਨਿਰਮਲ ਆਖ ਰਹੇ ਹਨ। ਹੁਣ ਜਿਹੜਾ ਹਰੀ ਮਿਲਿਆ ਹੈ, ਉਹ ਨਿਰਮਲ ਹੈ। ਨਿਰਮਲ ਬਾਣੀ ਦਾ ਆਸਰਾ ਲੈ ਕਰ ਕੇ ਨਿਰਮਲ ਹਰੀ ਨੂੰ ਪ੍ਰਾਪਤ ਕੀਤਾ ਅਤੇ ਉਸ ਮਿਲਾਪ ਨੂੰ ਜਦੋਂ ਅਹਿਸਾਸ ਦੇ ਰੂਪ ਵਿੱਚ ਦੇਖਿਆ ਤਾਂ ਚਾਉ ਨਾਲ ਖੇੜਾ ਆ ਗਿਆ।

ਸੰਸਾਰਕ ਵਿਛੋੜੇ ਵਿੱਚ ਮੁੜ ਚਾਉ ਨਹੀਂ, ਕੇਵਲ ਬੈਰਾਗ ਹੈ। ਪਰ ਜਦੋਂ ਆਤਮਾ ਇਹ

ਅਹਿਸਾਸ ਕਰ ਲਵੇ ਕਿ ਮੈਂ ਪ੍ਰਭੂ ਨਾਲੋਂ ਵਿੱਛੜੀ ਹੋਈ ਹਾਂ ਤੇ ਮੈਂ ਮਿਲਨਾ ਹੈ, ਤਾਂ ਇਥੇ ਇਹ ਨਿਰਾਸਤਾ ਨਹੀਂ ਕਿ ਮਿਲਾਉਣ ਵਾਲਾ ਕੋਈ ਨਹੀਂ।

ਖੋਜਤ ਖੋਜਤ ਭਈ ਬੈਰਾਗਨਿ

ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ।।

(ਗੁ.ਗ੍ਰੰ.ਸਾ. ਪੰਨਾ : 204)

ਇਸ ਬੈਰਾਗ ਦਾ ਇਲਾਜ ਸਿਰਫ਼ ਐਨਾ ਹੈ ਕਿ ਇਸ ਬੈਰਾਗ ਦਾ ਅਹਿਸਾਸ ਜੀਵ ਵਿੱਚ ਜਾਗ ਪਵੇ, ਤੇ ਫਿਰ ਇਹ ਬੈਰਾਗ ਚਾਉ ਵਿੱਚ ਬਦਲਿਆ ਜਾਂਦਾ ਹੈ :

ਦੀਨ ਦਇਆਲ ਕਿਰਪਾਲ ਪ੍ਰਭ ਨਾਨਕ

ਸਾਧਸੰਗਿ ਮੇਰੀ ਜਲਨਿ ਬੁਝਾਈ।।

(ਗੁ.ਗ੍ਰੰ.ਸਾ. ਪੰਨਾ : 204)

ਇਹ ਸਾਰਾ ਉਪਰਾਲਾ ਉਸ ਪ੍ਰਭੂ ਦੇ ਮਿਲਾਪ ਲਈ ਸੀ ਤੇ ਉਹ ਪ੍ਰਭੂ ਸਾਧ-ਸੰਗਤ ਰਾਹੀਂ ਮਿਲਿਆ, ਜਿਸ ਦੀਆਂ ਗੱਲਾਂ ਨੂੰ ਲੋਕ ਅਕੱਥ ਆਖਦੇ ਹਨ। ਇਹ ਇਸ ਲਈ ਆਖਦੇ ਹਨ ਕਿਉਂਕਿ ਨੇੜੇ ਹੋ ਕੇ ਕਿਸੇ ਨੇ ਤੱਕਿਆ ਹੀ ਨਹੀਂ। ਫਿਰ ਅਕੱਥ ਆਪੇ ਹੋਇਆ, ਕਿਉਂਕਿ ਕੱਥਿਆ ਨਹੀਂ ਜਾ ਸਕਦਾ। ਫਿਰ ਉਸ ਅਕੱਥ ਦੀ ਕਹਾਣੀ ਕਿਵੇਂ ਕੀਤੀ ਜਾ ਸਕਦੀ ਹੈ ? ਜੇ ਉਸਦੀ ਕਹਾਣੀ ਅਸੀਂ ਕਰ ਲਈ ਤਾਂ ਫਿਰ ਉਹ ਅਕੱਥ ਕਿਵੇਂ ਰਹਿਆ ? ਇਹ ਉਸਦੇ ਲਈ ਅਕੱਥ ਹੈ ਜਿਸਨੇ ਇਸਨੂੰ ਚੱਖਿਆ ਨਹੀਂ। ਜਿਸਨੇ ਚੱਖ ਲਿਆ, ਉਸਨੇ ਇਸ ਕਹਾਣੀ ਨੂੰ ਸਮਝ ਲਿਆ ਹੈ। ਇਹ "**ਗੂੰਗੇ ਕੀ ਮਿਠਿਆਈ**" ਹੈ, ਇਹ ਉਸਦੇ ਲਈ ਅਕੱਥ ਨਹੀਂ ਰਹੀ।

ਸੰਤ ਜਨਾ ਵਡਭਾਗੀ ਪਾਇਆ

ਹਰਿ ਕਥੀਐ ਅਕਥ ਕਹਾਣੀ।।

ਜਿੰਨ੍ਹਾਂ ਲੋਕਾਂ ਨੇ ਰੱਬ ਨਾਲ ਸਬੰਧ ਨਹੀਂ ਪੈਦਾ ਕੀਤਾ, ਗੁਰੂ ਨਾਲ ਜੁੜ ਕੇ ਨਹੀਂ ਵੇਖਿਆ, ਬਾਣੀ ਦਾ ਰਸ ਨਹੀਂ ਮਾਣਿਆ, ਕੇਵਲ ਸੁਣਨ ਵਾਲੇ ਸ੍ਰੋਤੇ ਹੀ ਬਣ ਕੇ ਰਹਿ ਗਏ ਹਨ, ਉਹ ਇਸ ਅਕੱਥ ਕਹਾਣੀ ਨੂੰ ਨਹੀਂ ਸਮਝ ਸਕਦੇ। ਪਰ ਜਿਹੜੇ ਆਪਣੇ ਜੀਉ ਨੂੰ ਪ੍ਰਭੂ ਨਾਲ, ਗੁਰੂ ਨਾਲ ਜੋੜ ਲੈਂਦੇ ਹਨ, ਉਸ ਨਾਲ ਆਪਣੇ ਆਪ ਨੂੰ ਅਭੇਦ ਕਰ ਲੈਂਦੇ ਹਨ, ਉਹ ਇਸ ਅਕੱਥ ਕਹਾਣੀ ਨੂੰ ਸਮਝ ਸਕਦੇ ਹਨ ਕਿਉਂਕਿ ਉਹ ਆਪ ਇਸ ਦਾ ਅਨੰਦ ਮਾਣ ਲੈਂਦੇ ਹਨ।

ਇਹ ਗੱਲ ਵੱਖਰੀ ਹੈ ਕਿ ਕਈ ਵਾਰ ਉਹ ਆਪ ਵੀ ਅਸਮਰੱਥ ਹੋ ਜਾਂਦੇ ਹਨ ਕਿ ਐਨੇ ਵੱਡੇ ਪ੍ਰਭੂ ਨੂੰ ਮੈਂ ਆਪਣੇ ਲਫ਼ਜ਼ਾਂ ਦੀ ਤਰਤੀਬ ਵਿੱਚ ਕਿਵੇਂ ਲਿਆਵਾਂ। ਗੁਰੂ ਸਾਹਿਬ ਨੇ ਬਾਣੀ ਵਿੱਚ ਵੀ ਇਹ ਆਖ ਦਿੱਤਾ ਕਿ ਜਿੰਨਾ ਕੁਝ ਵੀ ਅਸੀਂ ਲਿਖ-ਪੜ੍ਹ ਰਹੇ ਹਾਂ, ਮੇਰਾ ਪ੍ਰਭੂ ਉਸ ਸਾਰੇ ਘੇਰੇ ਤੋਂ ਬਾਹਰ ਹੈ, ਉਹ ਇਸ ਘੇਰੇ ਵਿੱਚ ਨਹੀਂ ਆਉਂਦਾ।

ਅਖਰੀ ਲਿਖਣੁ ਬੋਲਣੁ ਬਾਣਿ।।

ਅਖਰਾ ਸਿਰਿ ਸੰਜੋਗੁ ਵਖਾਣਿ॥
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥

(ਗੁ.ਗ੍ਰੰ.ਸਾ. ਪੰਨਾ : 4)

ਇਸ ਲਈ ਜਿਹੜੇ ਇਸਨੂੰ ਚੱਖ ਲੈਂਦੇ ਹਨ, ਜਿਹੜੇ ਇਸਨੂੰ ਨੇੜਿਓਂ ਵੇਖ ਲੈਂਦੇ ਹਨ, ਕਈ ਵਾਰ ਉਹ ਵੀ ਇਸਨੂੰ ਕਥਨ ਤੋਂ ਅਸਮਰੱਥ ਹੋ ਜਾਂਦੇ ਹਨ ਕਿ ਕਿਵੇਂ ਆਖੀਏ ਤੇ ਕਿਸ ਹੱਦ ਤਕ ਆਖਾਂਗੇ ? ਕਈ ਵਾਰ ਵੇਖਣ ਵਾਲੇ ਦੀ ਸਮਰੱਥਾ ਅਧੂਰੀ ਮਹਿਸੂਸ ਹੁੰਦੀ ਹੈ ਤੇ ਉਹ ਕਹਿੰਦਾ ਹੈ ਕਿ ਤੇਰੇ ਗੁਣ ਅਪਾਰ ਹਨ, ਮੈਂ ਉਹਨਾਂ ਨੂੰ ਬਿਆਨ ਨਹੀਂ ਕਰ ਸਕਦਾ।

ਹਮਰੀ ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ॥

(ਗੁ.ਗ੍ਰੰ.ਸਾ. ਪੰਨਾ : 1314)

ਇਸ ਲਈ ਉਹ ਭਾਵੇਂ ਕਹਿ ਨਹੀਂ ਸਕਦਾ ਪਰ ਜਾਣ ਲੈਂਦਾ ਹੈ, ਉਸਨੂੰ ਮਾਣ ਲੈਂਦਾ ਹੈ। ਉਸ ਮਾਣਨ ਦੇ ਰਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਹੁਣ ਉਸਨੂੰ ਅੰਦਰ ਹਰੀ ਦੇ ਗੁਣ ਗਾਉਣ ਲਈ ਉਚੇਚ ਨਹੀਂ ਕਰਨੀ ਪੈਂਦੀ ਕਿ ਮੈਂ ਇਹ ਗੁਣ ਗਾਵਾਂ ਆਦਿ, ਬਲਕਿ ਉਸਦੇ ਅੰਦਰ ਇੱਕ ਧੁੰਨ ਪੈਦਾ ਹੋ ਜਾਂਦੀ ਹੈ।

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ
ਹਰਿ ਜਪੀਐ ਮਸਤਕਿ ਭਾਗੁ ਜੀਉ॥

ਧੁੰਨ ਉਸਨੂੰ ਕਹਿੰਦੇ ਹਨ ਜਿਹੜੀ ਅਟੁੱਟ ਹੋਵੇ, ਜਿਹੜੀ ਇੱਕ-ਰਸ ਚਲੇ, ਜਿਸਦੇ ਲਈ ਕੋਈ ਉਚੇਚ ਨਾ ਕਰਨੀ ਪਵੇ, ਕੋਈ ਉਪਰਾਲਾ ਨਾ ਕਰਨਾ ਪਵੇ। ਇਹ ਉਪਰਾਲਾ ਉਤਨੀ ਦੇਰ ਹੁੰਦਾ ਹੈ, ਜਿੰਨਾ ਚਿਰ :

ਗਿਆਨੈ ਕਾਰਨ ਕਰਮ ਅਭਿਆਸੁ॥

(ਗੁ.ਗ੍ਰੰ.ਸਾ. ਪੰਨਾ : 1167)

ਅਭਿਆਸ ਦਾ ਦੂਜਾ ਨਾਂ ਹੈ ਵਿਆਯਾਮ ਕਰਨਾ, ਉਪਰਾਲਾ ਕਰਨਾ, ਕੋਸ਼ਿਸ਼ ਕਰਨੀ। ਇਹ ਕੋਸ਼ਿਸ਼ ਜਾਂ ਉਪਰਾਲਾ ਆਪਣੇ ਆਪ ਵਿੱਚ ਇੱਕ ਹਉਮੈ ਦਾ ਪ੍ਰਤੀਕ ਵੀ ਹੁੰਦਾ ਹੈ। ਇਸ ਲਈ ਕੋਈ ਕੋਸ਼ਿਸ਼ ਨਾ ਹੋਵੇ ਬਲਕਿ ਜੀਵਨ ਹੀ ਉਸਦੇ ਗੁਣ-ਗਾਇਨ ਦਾ ਰੂਪ ਹੋ ਜਾਏ ਤੇ ਜੀਵ ਗਿਣਤੀਆਂ ਦੇ ਚੱਕਰ ਵਿੱਚ ਨਾ ਪਵੇ। ਜਿਵੇਂ ਸਾਹ ਲੈਂਦੇ ਹੋਏ ਕਦੇ ਗਿਣਤੀ ਨਹੀਂ ਕੀਤੀ ਜਾਂਦੀ ਕਿ ਕਿੰਨੇ ਸਾਹ ਲੈਣੇ ਹਨ, ਕਿਉਂਕਿ ਸੁਆਸ ਲੈਣਾ ਜੀਵਨ ਦਾ ਇੱਕ ਹਿੱਸਾ ਹੈ। ਤੇ ਜਿਹੜੀ ਚੀਜ਼ ਜੀਵਨ ਦਾ ਇੱਕ ਹਿੱਸਾ ਹੈ, ਉਹ ਆਪਣੇ ਆਪ ਚਲਦੀ ਹੈ, ਉਸ ਲਈ ਕੋਈ ਉਪਰਾਲਾ ਨਹੀਂ ਕਰਨਾ ਪੈਂਦਾ ਕਿ ਹੁਣ ਸੁਆਸ ਲਿਆ ਜਾਏ ਤੇ ਹੁਣ ਛੱਡ ਦਿੱਤਾ ਜਾਏ।

ਜਿਸ ਦਿਨ ਹਰੀ ਸਾਡੇ ਜੀਵਨ ਦਾ ਹਿੱਸਾ ਬਣ ਗਿਆ, ਅਸੀਂ ਬੈਰਾਗ ਵਿੱਚੋਂ ਨਿਕਲ ਕੇ ਚਾਉ ਦੀ ਮੰਜ਼ਿਲ 'ਤੇ ਪੁੱਜ ਕੇ ਮਿਲਾਪ ਦੇ ਰਸ ਨੂੰ ਚੱਖ ਲਿਆ, ਅਹਿਸਾਸ ਕਰ ਲਿਆ, ਤਾਂ

ਫਿਰ ਉਸ ਦਿਨ ਸਾਡੇ ਜੀਵਨ ਅੰਦਰ ਉਸਦੇ ਗੁਣ ਗਾਇਨ ਕਰਨ ਦੀ ਇੱਕ ਧੁੰਨ ਪੈਦਾ ਹੋ ਜਾਏਗੀ। ਇਹ ਧੁੰਨ ਸਾਨੂੰ ਉਸਦੇ ਨਾਲ ਨਿਰੰਤਰ ਰੂਪ ਵਿੱਚ ਜੋੜ ਦੇਵੇਗੀ ਤੇ ਫਿਰ ਕੋਈ ਪਲ ਐਸਾ ਨਹੀਂ ਹੋਵੇਗਾ ਜਦੋਂ ਅਸੀਂ ਉਸ ਨਾਲੋਂ ਵਿੱਛੜ ਜਾਈਏ। ਹੁਣ ਹਿਰਦੇ ਵਿੱਚ ਹਰੀ ਇੱਕ ਧੁੰਨ ਰੂਪ ਹੋ ਕੇ ਸਮਾ ਜਾਏਗਾ।

ਜਨੁ ਨਾਨਕੁ ਬੋਲੇ ਤੀਜੀ ਲਾਵੈ
ਹਰਿ ਉਪਜੈ ਮਨਿ ਬੈਰਾਗੁ ਜੀਉ ॥

ਇਹ ਸਾਰਾ ਕਰਿਸ਼ਮਾ ਅੰਦਰ ਉਪਜੇ ਬੈਰਾਗ ਦਾ ਹੈ ਜਿਸਦੇ ਅਹਿਸਾਸ ਨੇ ਸਾਨੂੰ ਇਥੇ ਆਉਣ ਲਈ ਪ੍ਰੇਰਣਾ ਦਿੱਤੀ ਹੈ ਅਤੇ ਜਿਹੜਾ ਬੈਰਾਗ ਚਾਉ ਵਿੱਚ ਬਦਲਿਆ ਹੈ, ਮਿਲਾਪ ਵਿੱਚ ਬਦਲਿਆ ਹੈ।

ਜਿੰਨੀ ਦੇਰ ਅਸੀਂ ਅੰਦਰ ਇਹ ਅਹਿਸਾਸ ਨਹੀਂ ਜਗਾਉਂਦੇ ਕਿ ਅਸੀਂ ਗੁਰੂ ਤੋਂ ਵਿੱਛੜੇ ਹੋਏ ਹਾਂ, ਅਸੀਂ ਪ੍ਰਭੂ ਤੋਂ ਵਿੱਛੜੇ ਹੋਏ ਹਾਂ, ਉਨੀ ਦੇਰ ਕਦਮ ਪਰਿਕਰਮਾ ਲਈ ਨਹੀਂ ਉੱਠਣਗੇ ਤੇ ਉਹ ਪਰਿਕਰਮਾ, ਉਹ ਸਫ਼ਰ ਸਾਨੂੰ ਗੁਰੂ ਦੀ ਅਗਵਾਈ ਵਿੱਚ ਮਿਲਾਪ ਤਕ ਪਹੁੰਚਾਉਂਦਾ ਹੈ। ਨਾਲ ਹੀ ਇਹ ਮਿਲਾਪ, ਉਸ ਬੈਰਾਗ ਨੂੰ ਚਾਉ ਵਿੱਚ ਬਦਲ ਦਿੰਦਾ ਹੈ। ਇਹ ਸਾਰਾ ਤੀਜੀ ਲਾਂਵ ਤਕ ਦਾ ਸਫ਼ਰ ਹੈ।



ਹਰਿ ਚਉਥੜੀ ਲਾਵ

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ
ਹਰਿ ਪਇਆ ਬਲਿ ਰਾਮ ਜੀਉ ।।
ਗੁਰਮੁਖਿ ਮਿਲਿਆ ਸੁਭਾਇ
ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ।।
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ
ਅਨਦਿਨੁ ਹਰਿ ਲਿਵ ਲਾਈ ।।
ਮਨ ਚਿੰਦਿਆ ਫਲੁ ਪਾਇਆ ਸੁਆਮੀ
ਹਰਿ ਨਾਮਿ ਵਜੀ ਵਾਧਾਈ ।।
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ
ਧਨ ਹਿਰਦੈ ਨਾਮਿ ਵਿਗਾਸੀ ।।
ਜਨੁ ਨਾਨਕੁ ਬੋਲੇ ਚਉਥੀ ਲਾਵੈ
ਹਰਿ ਪਾਇਆ ਪ੍ਰਭੁ ਅਵਿਨਾਸੀ ।। ੪ ।। ੨ ।।

(ਗੁ.ਗ੍ਰੰ.ਸਾ. ਪੰਨਾ : 774)

ਹਰਿ ਚਉਥੜੀ ਲਾਵ

ਸਫ਼ਰ ਦੀ ਸ਼ੁਰੂਆਤ ਕਦਮਾਂ ਦੀ ਰਵਾਨਗੀ ਨਾਲ ਹੈ। ਜੇ ਕਦਮ ਨਾ ਚਲਣ ਤਾਂ ਸਫ਼ਰ ਤੈਅ ਨਹੀਂ ਹੁੰਦਾ ਅਤੇ ਮੰਜ਼ਿਲ ਨਹੀਂ ਮਿਲਦੀ। ਪਰ ਜਦੋਂ ਉਹ ਮੰਜ਼ਿਲ ਮਿਲ ਜਾਏ, ਉਦੋਂ ਕਦਮਾਂ ਦੀ ਆਹਟ ਖ਼ਤਮ ਹੋ ਜਾਣੀ ਹੈ। ਉਥੇ ਜਾ ਕੇ ਕਦਮ ਰੁੱਕ ਜਾਣੇ ਹਨ ਅਤੇ ਜੇ ਨਹੀਂ ਰੁੱਕੇ ਤਾਂ ਇਸਦੇ ਦੋ ਹੀ ਕਾਰਣ ਹੋ ਸਕਦੇ ਹਨ। ਇੱਕ ਇਹ ਕਿ ਮੰਜ਼ਿਲ ਅਜੇ ਅਧੂਰੀ ਹੈ ਜਾਂ ਸਾਨੂੰ ਮੰਜ਼ਿਲ ਦੀ ਅਜੇ ਪਛਾਣ ਨਹੀਂ। ਮੰਜ਼ਿਲ ਦੀ ਪ੍ਰਾਪਤੀ ਦੀ ਨਿਸ਼ਾਨੀ ਇਹੋ ਹੈ ਕਿ ਕਦਮ ਰੁੱਕ ਜਾਣ ਅਤੇ ਉਸ ਤੋਂ ਬਾਅਦ ਨਾ ਚਲਣ। ਸੋ, ਕਦਮਾਂ ਦਾ ਚਲਣਾ ਮੰਜ਼ਿਲ ਵੱਲ ਰਵਾਨਗੀ ਹੈ ਤੇ ਕਦਮਾਂ ਦਾ ਰੁੱਕ ਜਾਣਾ ਮੰਜ਼ਿਲ ਦੀ ਪ੍ਰਾਪਤੀ ਹੈ। ਪਹਿਲੀ ਤੋਂ ਚਉਥੀ ਲਾਵਾਂ ਤਕ ਦੇ ਚਾਰ ਪੜਾਅ ਬਿਲਕੁਲ ਇਸੇ ਹੀ ਕਹਾਣੀ ਦੇ ਪ੍ਰਤੀਕ ਹਨ।

ਪਹਿਲੀ ਲਾਂਵ ਕਰਮ ਤੋਂ ਸ਼ੁਰੂ ਹੋਈ ਤੇ ਕਰਮ ਦਾ ਦੂਜਾ ਨਾਂ ਕਦਮ ਹੀ ਹੈ - ਜੀਵ ਕਿੰਨੇ ਕਰਮ ਕਰ ਚਲਿਆ ਹੈ। ਪਹਿਲੀ ਲਾਂਵ ਵਿੱਚ ਕਦਮ ਉੱਠੇ ਹਨ, ਕਰਮ ਘਾਲਣਾ ਸ਼ੁਰੂ ਹੋਈ ਹੈ, ਅਭਿਆਸ ਸ਼ੁਰੂ ਹੋਇਆ ਹੈ। ਇਹ ਗੱਲ ਵੱਖਰੀ ਹੈ ਕਿ ਕਰਮ ਨੂੰ ਚਲਣ ਦੀ ਦਿਸ਼ਾ ਗੁਰੂ ਨੇ ਦਿੱਤੀ ਹੈ। ਫਿਰ ਉਸ ਦਿਸ਼ਾ ਵਿੱਚੋਂ ਬੈਰਾਗ ਨਿਕਲਿਆ ਅਤੇ ਉਸਨੇ ਉਸ ਟਿਕਾਣੇ 'ਤੇ ਲਿਆਂਦਾ ਹੈ ਜਿਥੇ ਉਹ ਬੈਰਾਗ ਚਾਉ ਬਣ ਗਿਆ ਹੈ। ਇਸ ਦਾ ਮਤਲਬ ਕਿ ਮੰਜ਼ਿਲ ਮਿਲ ਗਈ ਹੈ ਅਤੇ ਜਦੋਂ ਮੰਜ਼ਿਲ ਮਿਲ ਜਾਣੀ ਹੈ, ਉਦੋਂ ਕਦਮ ਰੁੱਕ ਜਾਣੇ ਹਨ। ਫਿਰ ਸੰਘਰਸ਼ ਖ਼ਤਮ ਹੋ ਜਾਣਾ ਹੈ, ਅਭਿਆਸ ਨਹੀਂ ਰਹਿਣਾ ਅਤੇ ਉਹ ਅਭਿਆਸ ਸਹਜ ਵਿੱਚ ਬਦਲ ਜਾਣਾ ਹੈ। ਜਦੋਂ ਮਨੁੱਖ ਕਿਸੇ ਚੀਜ਼ ਦਾ ਅਭਿਆਸ ਕਰਦਾ ਹੈ, ਉਦੋਂ ਉਹ ਚਿੰਤਾ, ਫ਼ਿਕਰ ਜਾਂ ਭੈਅ ਵਿੱਚ ਹੁੰਦਾ ਹੈ ਪਰ ਜਦੋਂ ਉਹ ਅਭਿਆਸ ਖ਼ਤਮ ਹੋ ਜਾਂਦਾ ਹੈ, ਫਿਰ ਉਹ ਸਹਜ ਬਣ ਜਾਂਦਾ ਹੈ। ਹੁਣ ਇਹ ਨਹੀਂ ਕਿ ਕਰਮ ਛੱਡ ਦਿੱਤੇ ਜਾਂਦੇ ਹਨ, ਬਲਕਿ ਕਰਮ ਹੋ ਰਹੇ ਹਨ। ਅੱਗੇ ਕਰਮ ਕੀਤੇ ਜਾ ਰਹੇ ਸਨ, ਪਰ ਹੁਣ ਉਹ ਆਪੇ ਹੋ ਰਹੇ ਹਨ। ਪਹਿਲੇ ਨਾਮ ਜਪਿਆ ਜਾ ਰਿਹਾ ਸੀ, ਹੁਣ ਨਾਮ

ਚਲ ਰਿਹਾ ਹੈ - ਬਸ, ਇਹ ਫ਼ਰਕ ਹੈ ਅਭਿਆਸ ਤੇ ਸਹਜ ਵਿੱਚ।

ਹਰਿ ਚਉਥੜੀ ਲਾਵ

ਮਨਿ ਸਹਜੁ ਭਇਆ ਹਰਿ ਪਇਆ ਬਲਿ ਰਾਮ ਜੀਉ।।

ਸਹਜ ਇੱਕ ਬਹੁਤ ਸੂਖਮ ਵਿਸ਼ਾ ਹੈ ਅਤੇ ਇਸਨੂੰ ਬੜੀ ਚੇਤੰਨਤਾ ਨਾਲ ਵਿਚਾਰਨ ਦੀ ਲੋੜ ਹੈ। ਗੁਰੂ ਸਾਹਿਬ ਨੇ ਬਾਣੀ ਵਿੱਚ ਆਖਿਆ ਹੈ :

ਗੁਰ ਕਾ ਸਬਦੁ ਰਿਦ ਅੰਤਰਿ ਧਾਰੈ।।
ਪੰਚ ਜਨਾ ਸਿਉ ਸੰਗੁ ਨਿਵਾਰੈ।।
ਦਸ ਇੰਦ੍ਰੀ ਕਰਿ ਰਾਖੈ ਵਾਸਿ।।
ਤਾ ਕੈ ਆਤਮੈ ਹੋਇ ਪਰਗਾਸੁ।।

(ਗੁ.ਗ੍ਰੰ.ਸਾ. ਪੰਨਾ : 236)

ਜਦੋਂ ਆਤਮ ਪ੍ਰਗਾਸ ਹੋ ਜਾਏ ਤੇ ਫਿਰ ਬਣਦਾ ਹੈ :

ਜੇਤਾ ਸੁਨਣਾ ਤੇਤਾ ਨਾਮੁ।। ਜੇਤਾ ਪੇਖਨੁ ਤੇਤਾ ਧਿਆਨੁ।।

(ਗੁ.ਗ੍ਰੰ.ਸਾ. ਪੰਨਾ : 236)

ਹੁਣ ਧਿਆਨ ਲਾਉਣਾ ਨਹੀਂ ਪੈਂਦਾ, ਇਹ ਸੁਭਾਅ ਵਿੱਚ ਹੀ ਸ਼ਾਮਿਲ ਹੋ ਜਾਂਦਾ ਹੈ। ਹੁਣ ਜਦੋਂ ਉਹ ਭਰਾ ਨੂੰ ਵੀ ਵੇਖ ਰਿਹਾ ਹੈ, ਤਾਂ ਉਸਦੇ ਵਿੱਚ ਉਸਨੂੰ ਰੱਬ ਦਿੱਸ ਰਿਹਾ ਹੈ। ਧਿਆਨ ਇੱਕ ਅਹਿਸਾਸ ਦਿਲਾਉਣਾ ਹੈ। ਜਿੱਥੇ ਧਿਆਨ ਚਲਾ ਜਾਏ, ਉਥੇ ਉਹ ਹੀ ਦਿੱਸਦਾ ਹੈ। ਮਨੁੱਖ ਇਥੇ ਬੈਠਾ ਹੋਵੇ ਤੇ ਉਸਦਾ ਧਿਆਨ ਕਿਤੇ ਹੋਰ ਹੋਵੇ, ਦਰਵਾਜ਼ੇ ਅੱਗਿਓਂ ਕੋਈ ਲੰਘ ਜਾਵੇ ਤਾਂ ਦਿੱਸਦਾ ਹੀ ਨਹੀਂ। ਇਸੇ ਤਰ੍ਹਾਂ ਮਨੁੱਖ ਇਥੇ ਬੈਠਾ ਕੋਈ ਬੋਲ ਸੁਣ ਰਿਹਾ ਹੋਵੇ ਪਰ ਉਸਦਾ ਧਿਆਨ ਕਿਤੇ ਹੋਰ ਹੋਵੇ, ਤਾਂ ਉਹ ਮੁੜ ਪੁੱਛੇਗਾ ਕਿ ਕੀ ਗੱਲ ਕੀਤੀ ਸੀ, ਇੱਕ ਵਾਰ ਫਿਰ ਦੱਸੋ, ਮੇਰਾ ਧਿਆਨ ਕਿਤੇ ਹੋਰ ਚਲਾ ਗਿਆ ਸੀ।

ਹੁਣ ਜਦੋਂ ਮਨੁੱਖ ਨਾਮ ਸਹਜ ਵਿੱਚ ਚਲਾ ਗਿਆ ਤਾਂ ਫਿਰ ਭਾਵੇਂ ਕੋਈ ਕੁਝ ਵੀ ਗੱਲਾਂ ਕਰੀ ਜਾਏ, ਉਸਨੂੰ ਨਾਮ ਹੀ ਸੁਣੇਗਾ। ਹੁਣ ਉਹ ਕੁਝ ਸੁਣ ਨਹੀਂ ਰਿਹਾ, ਕੋਈ ਉਚੇਚ ਨਹੀਂ ਕਰ ਰਿਹਾ, ਸਹਜ ਵਿੱਚ ਚਲਾ ਗਿਆ ਹੈ।

ਸੰਸਾਰ ਵਿੱਚ ਜਿੰਨੀ ਵੀ ਉਚੇਚ ਹੈ, ਇਹ ਦੂਰੀ ਦੀ ਨਿਸ਼ਾਨੀ ਹੈ। ਜਿਉਂ-ਜਿਉਂ ਨੇੜ੍ਹਤਾ ਵੱਧਦੀ ਹੈ, ਤਿਉਂ-ਤਿਉਂ ਉਚੇਚ ਖ਼ਤਮ ਹੁੰਦੀ ਜਾਂਦੀ ਹੈ। ਇਹ ਉਚੇਚ ਇਸ ਲਈ ਖ਼ਤਮ ਹੁੰਦੀ ਜਾਂਦੀ ਹੈ ਕਿਉਂਕਿ ਉਚੇਚ ਕਰਨ ਲੱਗਿਆਂ ਪੁੱਛਣਾ ਪੈਣਾ ਸੀ, ਧਿਆਨ ਰੱਖਣਾ ਪੈਣਾ ਸੀ ਕਿ ਇਸਨੂੰ ਕੀ ਕੁਝ ਚੰਗਾ ਲੱਗਦਾ ਹੈ, ਉਹੋ ਕੁਝ ਕੀਤਾ ਜਾਏ। ਉਸਨੂੰ ਪੁੱਛਿਆ ਜਾਏ ਕਿ ਉਸਨੂੰ ਕੀ ਪਸੰਦ ਹੈ। ਇਸਦਾ ਮਤਲਬ ਅਜੇ ਉਸਦੀ ਪਸੰਦ ਬਾਰੇ ਪੁੱਛਣਾ ਪੈਂਦਾ ਹੈ ਪਰ ਜਦੋਂ ਉਸ ਦੀ ਪਛਾਣ ਹੋ ਜਾਂਦੀ ਹੈ ਤਾਂ ਇਹ ਉਚੇਚ ਖ਼ਤਮ ਹੋ ਜਾਂਦਾ ਹੈ ਅਤੇ ਫਿਰ ਸਹਿਜ ਆ ਜਾਂਦਾ ਹੈ।

ਸਹਜ ਵਿੱਚ ਉਚੇਚ ਚਲੀ ਜਾਂਦੀ ਹੈ ਅਤੇ ਸਾਰੇ ਕੰਮ ਸਹਿਜੇ ਹੀ ਹੁੰਦੇ ਜਾਂਦੇ ਹਨ।

ਇਸੇ ਤਰ੍ਹਾਂ ਜਦੋਂ ਜੀਵ ਨਾਮ ਨਾਲ, ਪ੍ਰਭੂ ਨਾਲ ਇੱਕ ਹੋ ਜਾਏਗਾ, ਉਦੋਂ ਸਹਜ ਅਵੱਸਥਾ ਬਣ ਜਾਏਗੀ ਅਤੇ ਫਿਰ ਉਚੇਚਾ ਨਾਮ ਨਹੀਂ ਸੁਣਨਾ ਪਵੇਗਾ। ਦੁਨੀਆ ਵਿੱਚ ਵਿਚਰਦੇ ਹੋਏ ਵੀ ਧਿਆਨ ਕੇਵਲ ਉਸ ਵਿੱਚ ਜੁੜਿਆ ਰਹੇਗਾ ਅਤੇ ਦੁਨੀਆ ਦੇ ਹਰ ਹਿੱਸੇ ਵਿੱਚ ਉਹ ਹੀ ਦਿੱਸੇਗਾ ਅਤੇ ਹਰੇਕ ਵਿੱਚ ਰੱਬ ਹੀ ਵੱਸਦਾ ਦਿੱਸੇਗਾ। ਜਦੋਂ ਜੀਵ ਨੂੰ ਮਾਤਾ-ਪਿਤਾ, ਪਤਨੀ ਵਿੱਚ ਵੀ ਰੱਬ ਹੀ ਪਿਆ ਦਿੱਸੇਗਾ, ਤਾਂ ਫਿਰ ਉਹ ਦੁਰ-ਵਿਵਹਾਰ ਕਿਸ ਨਾਲ ਕਰੇਗਾ। ਫਿਰ ਇਸ ਨਾਲ ਸਾਰੇ ਪਰਿਵਾਰਿਕ ਸਬੰਧ ਸੁਧਰ ਜਾਣਗੇ। ਸੋ, ਰੱਬ ਨਾਲ ਸਬੰਧ ਜੋੜਨ ਲਈ ਵੀ ਸਹਜ ਦੀ ਲੋੜ ਹੈ ਅਤੇ ਗ੍ਰਹਿਸਤ ਵਿੱਚ ਅਨੰਦ ਪੈਦਾ ਕਰਨ ਲਈ ਵੀ ਸਹਜ ਦੀ ਲੋੜ ਹੈ। ਜੇ ਸਹਜ ਹੋ ਜਾਵੇ ਤਾਂ ਫਿਰ ਸਾਰੇ ਵਿਵਹਾਰ ਠੀਕ ਹੋ ਜਾਣਗੇ ਅਤੇ ਕੋਈ ਵੀ ਪਰਿਵਾਰ ਬਿਖਰੇਗਾ ਨਹੀਂ। ਫਿਰ ਹੋਏਗਾ ਕੀ ?

ਸਹਜੇ ਜਾਗਣ ਸਹਜੇ ਸੋਇ॥
ਸਹਜੇ ਹੋਤਾ ਜਾਇ ਸੁ ਹੋਇ॥
ਸਹਜਿ ਬੈਰਾਗੁ ਸਹਜੇ ਹੀ ਹਸਨਾ॥
ਸਹਜੇ ਚੂਪ ਸਹਜੇ ਹੀ ਜਪਨਾ॥

(ਗੁ.ਗ੍ਰੰ.ਸਾ. ਪੰਨਾ : 236)

ਉਸਦਾ ਜਾਗਣਾ-ਸੌਣਾ, ਹੱਸਣਾ ਆਦਿ ਸਭ ਸਹਜ ਵਿੱਚ ਹੋ ਜਾਏਗਾ। ਪਰ ਅੱਜ ਅਸੀਂ ਜੀਵਨ ਵਿੱਚ ਇਹ ਚੀਜ਼ ਹੀ ਗੁਆਈ ਜਾ ਰਹੇ ਹਾਂ। ਸਰੀਰਕ ਤੌਰ 'ਤੇ ਵੀ ਨਾ ਸਾਨੂੰ ਸਹਿਜੇ ਨੀਂਦ ਆਉਂਦੀ ਹੈ ਤੇ ਨਾ ਹੀ ਸਹਿਜੇ ਨੀਂਦ ਖੁਲ੍ਹਦੀ ਹੈ। ਸਾਨੂੰ ਸੌਣ ਲਈ ਗੋਲੀਆਂ ਖਾਣੀਆਂ ਪੈਂਦੀਆਂ ਹਨ ਤੇ ਜਾਗਣ ਲਈ ਅਲਾਰਮ ਚਾਹੀਦਾ ਹੈ। ਸਾਡੇ ਰੋਜ਼ਾਨਾ ਜੀਵਨ ਵਿੱਚੋਂ ਵੀ ਸਹਜ ਚਲਾ ਗਿਆ ਹੈ।

ਜਿਸ ਤਰ੍ਹਾਂ ਸਾਡਾ ਇਹ ਸਰੀਰ ਰੋਗੀ ਹੈ, ਉਸੇ ਤਰ੍ਹਾਂ ਮਨ ਵੀ ਰੋਗੀ ਹੋ ਗਿਆ ਹੈ। ਮਨ ਦੀ ਨੀਂਦ ਤੇ ਜਾਗ ਵੀ ਉਚੇਚ ਦੇ ਮੁਥਾਜ ਹੋ ਗਈ ਹੈ। ਹੁਣ ਮਨ ਵੀ ਉਚੇਚਾ ਜਾਗਰਣ ਕਰਦਾ ਹੈ ਤੇ ਸਹਜ ਵਿੱਚ ਨਹੀਂ ਹੈ। ਜਿਸ ਦਾ ਬੈਰਾਗ, ਹੱਸਣਾ ਤੇ ਰੋਣਾ ਸਹਜ ਨਹੀਂ, ਉਸਨੂੰ ਕੋਈ ਵੀ ਰੁਆ ਜਾਂ ਹਸਾ ਸਕਦਾ ਹੈ। ਇਸਦਾ ਮਤਲਬ ਉਸਦਾ ਰੋਣਾ ਜਾਂ ਹੱਸਣਾ ਕਿਸੇ ਹੋਰ ਦੇ ਹੱਥ ਵਿੱਚ ਹੈ। ਜਦੋਂ ਕੁਝ ਮਿਲ ਜਾਂਦਾ ਹੈ ਤਾਂ ਉਹ ਹੱਸ ਪੈਂਦਾ ਹੈ ਅਤੇ ਕੋਈ ਵਿੱਛੜ ਜਾਂਦਾ ਹੈ ਤਾਂ ਰੋ ਪੈਂਦਾ ਹੈ। ਇਸਦੇ ਬਜਾਏ ਅਵੱਸਥਾ ਇਹ ਬਣਨੀ ਚਾਹੀਦੀ ਹੈ ਕਿ :

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥

(ਗੁ.ਗ੍ਰੰ.ਸਾ. ਪੰਨਾ : 757)

ਇਹ ਚੀਜ਼ਾਂ ਰੱਬ ਨਾਲ ਸਬੰਧ ਪੈਦਾ ਕਰਨ ਲਈ ਵੀ ਜ਼ਰੂਰੀ ਹਨ ਅਤੇ ਪਰਿਵਾਰਿਕ ਤੌਰ 'ਤੇ ਸੁਖੀ ਅਨੰਦਮਈ ਜੀਵਨ ਲਈ ਵੀ। ਜਿੱਥੇ ਸੁੱਖ-ਦੁੱਖ ਦਾ ਸਬੰਧ ਵਸਤੂਆਂ ਨਾਲ ਹੋਵੇ, ਉਥੇ ਬਹੁਤਾਤ ਪਰਿਵਾਰ ਵਿੱਛੜਦੇ ਵੇਖੇ ਗਏ ਹਨ।

ਸਹਜ ਦੀ ਇੱਕ ਨਿਸ਼ਾਨੀ ਹੈ - ਉਹ ਇਸ ਸੁਭਾਅ ਦੀ ਮੰਗ ਕਰਦਾ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ, ਉਸ ਵਿੱਚ ਪ੍ਰਸੰਨ ਰਹੀਏ। ਸਹਜ ਕਰਮ ਤਾਂ ਕਰਾਉਂਦਾ ਹੈ ਪਰ ਉਹ ਕਰਮ ਉਚੇਚ ਨਹੀਂ ਰਹਿੰਦਾ। ਹਰ ਚੀਜ਼ ਮਿਲਦੀ ਹੈ ਪਰ ਕਿਸੇ ਚੀਜ਼ ਦੀ ਭੁੱਖ ਨਹੀਂ ਰਹਿੰਦੀ। ਇਹ ਸਹਜ ਦੀ ਅਗਲੀ ਅਵੱਸਥਾ ਹੈ ਜਿਥੇ ਆਖਿਆ ਜਾਂਦਾ ਹੈ :

ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥

(ਗੁ.ਗ੍ਰੰ.ਸਾ. ਪੰਨਾ : 1420)

ਪਰ ਸਾਡੀ ਅਜੇ ਦਰਮਿਆਨ ਦੀ ਅਵੱਸਥਾ ਹੈ ਅਤੇ ਇਸ ਲਈ ਸਾਨੂੰ ਰੋਜ਼ ਅਰਦਾਸ ਕਰਨੀ ਪੈਂਦੀ ਹੈ। ਕਿਉਂਕਿ ਅਸੀਂ ਅਜੇ ਕਰਮ ਖੇਤਰ ਵਿੱਚ ਹਾਂ ਤੇ ਪਤਾ ਨਹੀਂ ਅਜੇ ਕਿੰਨੀ ਕੁ ਦੇਰ ਕਰਮ ਅਭਿਆਸ ਵਿੱਚ ਤੁਰਦੇ ਜਾਣਾ ਹੈ। ਪਤਾ ਨਹੀਂ ਕਦੋਂ ਮਿਲਾਪ ਦੀਆਂ ਪੌੜੀਆਂ ਆਉਣਗੀਆਂ ? ਅਜੇ ਅਸੀਂ ਸਾਰੇ ਕਰਮ ਅਭਿਆਸ ਵਿੱਚ ਹੀ ਖਲੋਤੇ ਹਾਂ। ਦੂਜੇ ਸ਼ਬਦਾਂ ਵਿੱਚ ਅਸੀਂ ਸਾਰੇ ਪਹਿਲੀ ਲਾਂਵ 'ਤੇ ਹੀ ਖਲੋਤੇ ਹਾਂ ਅਤੇ ਚਉਥੀ ਅਵੱਸਥਾ ਅਜੇ ਬਹੁਤ ਦੂਰ ਹੈ।

ਗੁਰੂ ਸਾਹਿਬ ਨੇ ਕਰਮ ਅਭਿਆਸ ਨੂੰ ਪਹਿਲੀ ਜਮਾਤ ਆਖਿਆ ਹੈ ਤੇ ਮਨੁੱਖ ਸਾਰੀ ਜ਼ਿੰਦਗੀ ਪਹਿਲੀ ਜਮਾਤ ਵਿੱਚ ਹੀ ਬੈਠਾ ਰਹਿੰਦਾ ਹੈ। ਫਿਰ ਉਸਨੇ ਡਿਗਰੀ ਕੀ ਲੈਣੀ ਹੈ ? ਇਹ ਠੀਕ ਹੈ ਕਿ ਪਹਿਲੀ ਜਮਾਤ ਵਿੱਚ ਪੜ੍ਹ ਕੇ ਹੀ ਅੱਗੇ ਜਾਣਾ ਹੈ ਪਰ ਇਥੇ ਰੁੱਕਿਆ ਨਹੀਂ ਰਹਿਣਾ। ਰੁੱਕਣਾ ਆਪਣੀ ਮੰਜ਼ਿਲ 'ਤੇ ਪਹੁੰਚ ਕੇ ਹੀ ਹੈ।

ਕਰਮ ਅਭਿਆਸ ਜ਼ਰੂਰੀ ਹੈ ਅਤੇ ਕਰਮ ਅਭਿਆਸ ਨੇ ਹੀ ਸੁਭਾਅ ਬਣਾਉਣਾ ਹੈ।

ਗੁਰਮੁਖਿ ਮਿਲਿਆ ਸੁਭਾਇ

ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥

ਸੁਭਾਅ ਵਿੱਚ ਉਹੋ ਚੀਜ਼ ਜਾਂਦੀ ਹੈ ਜਿਹੜੀ ਅਭਿਆਸ ਵਿੱਚ ਹੋਵੇਗੀ। ਸੁਭਾਅ ਦਾ ਮਤਲਬ ਹੈ ਆਦਤ। ਸੁਭਾਅ ਜਾਂ ਆਦਤ ਕਦੇ ਇੱਕ ਦਿਨ ਵਿੱਚ ਨਹੀਂ ਬਣਦੀ। ਜੇ ਕੋਈ ਆਦਤ ਪੈ ਜਾਏ, ਤਾਂ ਉਸਨੂੰ ਕੋਈ ਛੁਡਾ ਨਹੀਂ ਸਕਦਾ ਤੇ ਉਹ ਸਹਜ ਬਣ ਜਾਂਦੀ ਹੈ। ਫਿਰ ਇਸਨੂੰ ਛਡਾਇਆ ਨਹੀਂ ਜਾ ਸਕਦਾ, ਇਹ ਬਾਨ ਪੈ ਜਾਂਦੀ ਹੈ :

ਤੂ ਰਾਮ ਕਹਨ ਕੀ ਛੋਡਿ ਬਾਨਿ ॥

(ਗੁ.ਗ੍ਰੰ.ਸਾ. ਪੰਨਾ : 1194)

'ਬਾਨ' ਲਫ਼ਜ਼ ਦਾ ਅਰਥ ਵੀ ਆਦਤ ਹੈ। ਆਦਤ ਉਸਨੂੰ ਕਹਿੰਦੇ ਹਨ ਜਿਸਦੇ ਲਈ ਕੁਝ ਕਰਨਾ ਨਾ ਪਵੇ, ਆਪੇ ਹੀ ਹੋਈ ਜਾਵੇ। ਆਦਤਾਂ ਕਦੇ ਛੱਡੀਆਂ ਨਹੀਂ ਜਾਂਦੀਆਂ ਤੇ ਇਸੇ

ਲਈ ਹੀ ਕਹਾਵਤਾਂ ਬਣ ਗਈਆਂ ਹਨ ਕਿ 'ਆਦੜੀਆਂ ਸੁਆਦੜੀਆਂ ਨਿਬਨ ਸਿਰਾਂ ਦੇ ਨਾਲ'। ਭਗਤ ਪ੍ਰਹਿਲਾਦ ਨੂੰ ਵੀ ਜਦੋਂ ਇਹ ਰਾਮ ਦੀ ਬਾਨ ਭਾਵ ਆਦਤ ਛੱਡਣ ਲਈ ਕਿਹਾ ਗਿਆ, ਤਾਂ ਉਸਨੇ ਇਹੋ ਗੱਲ ਆਖੀ :

ਇਕੁ ਰਾਮੁ ਨ ਛੋਡਉ ਗੁਰਹਿ ਗਾਰਿ।।
ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ।।

(ਗੁ.ਗ੍ਰੰ.ਸਾ. ਪੰਨਾ : 1194)

ਇਹ ਮੇਰੀ ਹੁਣ ਆਦਤ ਬਣ ਗਈ ਹੈ, ਮੇਰਾ ਸਹਜ ਬਣ ਗਿਆ ਹੈ। ਇਸ ਲਈ ਕੋਈ ਅਹਿਸਾਸ ਨਹੀਂ ਹੁੰਦਾ ਕਿ ਕੁਝ ਕਰਨਾ ਹੈ। ਬਸ ! ਜੋ ਹੋ ਰਿਹਾ ਹੈ, ਉਹ ਹੋਣਾ ਹੀ ਹੈ।

ਜਿਵੇਂ ਸਾਹ ਲੈਣਾ ਜੀਵਨ ਲਈ ਬਹੁਤ ਜ਼ਰੂਰੀ ਹੈ। ਇਸ ਲਈ ਕੋਈ ਉਚੇਚ ਨ੍ਹੀਂ ਕਰਨੀ ਪੈਂਦੀ, ਇਹ ਹਰ ਹਾਲ ਵਿੱਚ ਚਲਦਾ ਹੀ ਰਹਿੰਦਾ ਹੈ। ਸਾਹ ਸਰੀਰ ਦਾ ਜੀਵਨ ਹੈ। ਇਸੇ ਤਰ੍ਹਾਂ ਆਤਮਾ ਦੇ ਜੀਵਨ ਨੂੰ ਵੀ ਪਛਾਨਣ ਦੀ ਲੋੜ ਹੈ।

ਮਨੁੱਖ ਨੂੰ ਸਰੀਰ ਦਿੱਸਦਾ ਹੈ ਤੇ ਇਸ ਲਈ ਸਰੀਰ ਦੇ ਜੀਵਨ ਦੀਆਂ ਸਾਰੀਆਂ ਚੀਜ਼ਾਂ ਉਹ ਇਕੱਠੀਆਂ ਕਰਦਾ ਰਹਿੰਦਾ ਹੈ। ਉਹ ਸਰੀਰਕ ਜੀਵਨ ਦੇ ਉਪਰਾਲੇ ਵੀ ਕਰਦੇ ਰਹਿੰਦਾ ਹੈ, ਇਸਨੂੰ ਖੁਰਾਕ ਤੇ ਕਪੜੇ ਦਿੰਦਾ ਰਹਿੰਦਾ ਹੈ। ਪਰ ਇਸਨੂੰ ਆਤਮਾ ਦਿੱਸਦੀ ਨਹੀਂ ਅਤੇ ਇਹ ਵੇਖਣ ਦੀ ਕੋਸ਼ਿਸ਼ ਵੀ ਨਹੀਂ ਕਰਦਾ। ਮਨੁੱਖ ਨੇ ਕਦੇ ਇਸ ਲਈ ਭੋਜਨ ਤਿਆਰ ਨਹੀਂ ਕੀਤਾ ਅਤੇ ਇਹ ਇਸ ਲਈ ਭੁੱਖੀ ਹੀ ਰਹਿ ਜਾਂਦੀ ਹੈ। ਇਸਨੂੰ ਸਜਾਉਣ ਲਈ ਕਦੇ ਮਨੁੱਖ ਨੇ ਕਪੜਿਆਂ ਦਾ ਖ਼ਿਆਲ ਵੀ ਨਹੀਂ ਕੀਤਾ। ਜਿਹੜੇ ਹਰੀ ਨਾਮ ਦਾ ਭੋਜਨ ਜਾਂ ਕਪੜਾ ਤਿਆਰ ਨਹੀਂ ਕਰਦੇ, ਉਹਨਾਂ ਦੀ ਆਤਮਾ ਭੁੱਖੀ ਹੀ ਰਹਿ ਜਾਂਦੀ ਹੈ।

ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ।।
ਹਰਿ ਨਾਮੁ ਹਮਾਰਾ ਪੈਨਣੁ ਜਿਤ ਫਿਰਿ
ਨੰਗੇ ਨ ਹੋਵਹਿ ਹੋਰ ਪੈਨਣ ਕੀ ਹਮਾਰੀ ਸਰਧ ਗਈ।।

(ਗੁ.ਗ੍ਰੰ.ਸਾ. ਪੰਨਾ : 593)

ਜੇ ਇਹ ਵਸੀਲੇ ਨਾ ਕੀਤੇ ਜਾਣ ਤਾਂ ਫਿਰ ਆਤਮਾ ਹੌਲੀ-ਹੌਲੀ ਮਰ ਜਾਂਦੀ ਹੈ। ਅਸੀਂ ਸੰਸਾਰ ਵਿੱਚ ਬਹੁਤਾਤ ਲੋਕ ਵੇਖਦੇ ਹਾਂ ਜਿੰਨ੍ਹਾਂ ਦੀ ਆਤਮਾ ਮਰੀ ਹੁੰਦੀ ਹੈ ਕਿਉਂਕਿ ਉਹਨਾਂ ਨੂੰ ਇਹ ਭੋਜਨ ਨਹੀਂ ਮਿਲਿਆ ਹੁੰਦਾ। ਜਿਸ ਦਿਨ ਆਤਮਾ ਨੂੰ ਜਿਊਂਦਿਆਂ ਰੱਖਣ ਲਈ ਪ੍ਰਭੂ ਪਿਆਰ ਨੂੰ ਆਪਣੇ ਜੀਵਨ ਦਾ ਸਹਜ ਬਣਾ ਲਿਆ, ਉਸ ਦਿਨ ਤੋਂ ਉਹ ਪ੍ਰਭੂ ਪਿਆਰ ਜੀਵ ਨਾਲ ਹਰ ਸਮੇਂ ਸਹਾਈ ਹੁੰਦਾ ਹੈ। ਇਹ ਹੀ 'ਅਨਹਦ' ਹੈ ਜੋ ਬਿਨਾ ਟੁੱਟੇ ਜੁੜਿਆਂ ਚਲਦਾ ਚਲੇ ਜਾਏ, ਇਸੇ ਦਾ ਨਾਂ ਸਹਜ ਹੈ :

ਸਹਜੇ ਭੋਜਨੁ ਸਹਜੇ ਭਾਉ॥
ਸਹਜੇ ਮਿਟਿਓ ਸਗਲ ਦੁਰਾਉ॥
ਸਹਜੇ ਹੋਆ ਸਾਧੂ ਸੰਗੁ॥
ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ॥
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ॥
ਸਹਜੇ ਦੁਬਿਧਾ ਤਨ ਕੀ ਨਾਸੀ॥

(ਗੁ.ਗ੍ਰੰ.ਸਾ. ਪੰਨਾ : 236-237)

ਨਾਲ ਹੀ ਅੱਗੇ ਫ਼ੈਸਲਾ ਦੇ ਦਿੱਤਾ :

ਜਾ ਕੈ ਸਹਜਿ ਮਨਿ ਭਇਆ ਅਨੰਦੁ॥
ਤਾ ਕਉ ਭੇਟਿਆ ਪਰਮਾਨੰਦੁ॥

ਜਿਸ ਮਨ ਵਿੱਚ ਸਹਜ ਆ ਗਿਆ, ਉਥੇ ਸਮਝੋ ਅਨੰਦ ਆ ਗਿਆ। ਇਸੇ ਦਾ ਨਾਂ ਹੈ 'ਅਨੰਦ ਕਾਰਜ'।

ਜਿਸ ਦਿਨ ਜੀਵਨ ਵਿੱਚ ਸਹਜ ਆ ਗਿਆ, ਕੋਈ ਉਚੇਚ ਨਾ ਰਿਹਾ ਤੇ ਜੀਵਨ ਦਾ ਕਰਮ ਉਚੇਚ ਤੋਂ ਬਾਹਰ ਨਿਕਲ ਜਾਏ, ਉਸ ਦਿਨ ਸਮਝ ਲਓ ਕਿ ਮਿਲਾਪ ਹੋ ਗਿਆ।

ਜਿਸਦੇ ਅਸੀਂ ਬਹੁਤ ਨੇੜੇ ਹੋ ਜਾਈਏ, ਉਥੇ ਫਿਰ ਸ਼ਬਦਾਵਲੀ ਦੀ ਵੀ ਕੋਈ ਉਚੇਚ ਨਹੀਂ ਰਹਿ ਜਾਂਦੀ। ਸਮੇਂ-ਸਮੇਂ ਦੀਆਂ ਗੱਲਾਂ ਮਨ ਵਿੱਚ ਉਕਦੀਆਂ ਜਾਂਦੀਆਂ ਹਨ। ਇੱਕ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਪਟਨਾ ਸਾਹਿਬ ਵਿਖੇ ਪ੍ਰਸਿੱਧ ਸ਼ਾਇਰ ਇੰਦਰਜੀਤ ਸਿੰਘ ਤੁਲਸੀ ਉਥੇ ਪੁੱਜੇ ਅਤੇ ਉਹਨਾਂ ਨੇ ਉਥੇ ਇੱਕ ਕਵਿਤਾ ਕਹੀ। ਪਟਨਾ ਬਿਹਾਰ ਦੀ ਰਾਜਧਾਨੀ ਹੈ ਅਤੇ ਬਿਹਾਰ ਦੀ ਬੋਲੀ ਵਿੱਚ ਹਰ ਕਿਸੇ ਦੇ ਨਾਂ ਨਾਲ 'ਬਾਬੂ' ਲਾਇਆ ਜਾਂਦਾ ਹੈ। ਉਹ ਸਿੱਖਾਂ ਨੂੰ ਵੀ 'ਸਰਦਾਰ ਬਾਬੂ' ਕਹਿ ਕੇ ਮੁਖ਼ਾਤਿਬ ਕਰਦੇ ਹਨ। ਤੁਲਸੀ ਜੀ ਨੇ ਆਪਣੀ ਕਵਿਤਾ ਵਿੱਚ ਜਦੋਂ ਦਸਮ ਪਾਤਸ਼ਾਹ ਦੀ ਬਾਲ-ਲੀਲਾ ਦਾ ਦ੍ਰਿਸ਼ ਪੇਸ਼ ਕੀਤਾ ਤਾਂ ਉਹਨਾਂ ਨੇ ਆਪਣੀ ਕਾਵਿ ਰਚਨਾ ਵਿੱਚ ਵਾਰ-ਵਾਰ 'ਗੋਬਿੰਦ ਬਾਬੂ' ਕਹਿ ਕੇ ਗੁਰੂ ਸਾਹਿਬ ਨੂੰ ਸੰਬੋਧਿਤ ਕੀਤਾ। ਕਿਉਂਕਿ ਇਲਾਕੇ ਦੀ ਬੋਲੀ ਇਸ ਤਰ੍ਹਾਂ ਦੀ ਹੈ ਪਰ ਕਈਆਂ ਨੇ ਇਸ 'ਤੇ ਇਤਰਾਜ਼ ਕੀਤਾ। ਇਸੇ ਤਰ੍ਹਾਂ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਵੀ ਆਪਣੇ ਇੱਕ ਲੇਖ ਵਿੱਚ 'ਤੂੰ' ਲਫ਼ਜ਼ ਨਾਲ ਕਿਸੇ ਨੂੰ ਸੰਬੋਧਿਤ ਕੀਤਾ। ਉਸ ਉੱਤੇ ਵੀ ਇਤਰਾਜ਼ ਹੋਇਆ ਤਾਂ ਉਹਨਾਂ ਨੇ ਜੁਆਬ ਵਿੱਚ ਇੱਕ ਬਹੁਤ ਖ਼ੂਬਸੂਰਤ ਗੱਲ ਲਿਖੀ ਕਿ ਸ਼ਬਦ ਦੀ ਉਚੇਚ ਵੀ ਦੂਰੀ ਵਿਛਾਉਂਦੀ ਹੈ। ਜਿੰਨੀ ਸ਼ਬਦਾਂ ਦੀ ਉਚੇਚ ਹੈ, ਉਹ ਦੂਰੀ ਹੈ। ਕਦੇ ਤੁਸੀਂ ਦੋ ਡੂੰਘੇ ਮਿੱਤਰਾਂ ਨੂੰ ਗੱਲਬਾਤ ਕਰਦੇ ਵੇਖੋ, ਤਾਂ ਕੀ ਉਹ 'ਸ੍ਰੀਮਾਨ ਜੀ' ਆਦਿ ਕਹਿ ਕੇ ਇੱਕ-ਦੂਜੇ ਨੂੰ ਸੰਬੋਧਨ ਕਰਨਗੇ। ਨਾਲ ਹੀ

ਉਹਨਾਂ ਨੇ ਬਾਣੀ ਵਿਚੋਂ ਬਹੁਤ ਖ਼ੂਬਸੂਰਤ ਉਦਾਹਰਣ ਦਿੰਦਿਆਂ ਕਿਹਾ ਕਿ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਰੱਬ ਨੂੰ 'ਤੁਸੀਂ' ਜਾਂ 'ਆਪ' ਕਹਿ ਕੇ ਆਖਿਆ ਗਿਆ ਹੋਵੇ, ਬਲਕਿ "ਤੂੰ ਮੇਰਾ ਪਿਤਾ, ਤੂੰ ਮੇਰਾ ਮਾਤਾ ... ਤੂੰ ਮੇਰਾ ਰਾਖਾ ਸਭਨੀ ਥਾਈਂ"। ਪਰ ਅਸੀਂ ਕਿਸੇ ਨੂੰ ਤੂੰ ਆਖੀਏ ਤਾਂ ਉਹ ਨਾਰਾਜ਼ ਹੋ ਜਾਂਦਾ ਹੈ।

ਇਹ ਇਸ ਲਈ ਹੈ ਕਿਉਂਕਿ ਅਸੀਂ ਕਰਮ ਅਭਿਆਸ ਵਿੱਚ ਜੁੜੇ ਹੋਏ ਹਾਂ ਅਤੇ ਅਜੇ ਸਾਡਾ ਖੇਤਰ ਬਹੁਤ ਥੱਲੇ ਹੈ। ਪਰ ਜਦੋਂ ਅਸੀਂ ਉਸ ਖੇਤਰ ਵਿੱਚ ਚਲੇ ਜਾਈਏ, ਤਾਂ ਉਥੇ ਸਾਰੇ ਉਚੇਚ ਖ਼ਤਮ ਹੋ ਜਾਂਦੇ ਹਨ। ਜਦੋਂ ਇੱਕ ਹੀ ਹੋ ਗਏ, ਤਾਂ ਫਿਰ ਉਚੇਚ ਕੈਸਾ।

ਪਰ ਕੀ ਸਹਜ ਵਿੱਚ ਜਾ ਕੇ ਉਹ ਨਿਰਮਲ ਭਉ ਵੀ ਖ਼ਤਮ ਹੋ ਜਾਂਦਾ ਹੈ ? ਪਹਿਲੇ ਕਰਮ ਅਭਿਆਸ ਵਿੱਚ ਭਉ ਹੈ, ਫਿਰ ਉਸਨੂੰ ਬਦਲ ਕੇ ਨਿਰਮਲ ਭਉ ਵਿੱਚ ਲਿਆਉਂਦਾ ਹੈ। ਪਰ ਇਹ ਪ੍ਰਭੂ ਦਾ ਭੈਅ ਵੀ ਇੱਕ ਉਹ ਦੀਵਾਰ ਜ਼ਰੂਰ ਹੈ ਕਿ ਪ੍ਰਭੂ ਅਜੇ ਜੀਵ ਤੋਂ ਵੱਖ ਬੈਠਾ ਹੈ। ਇਸ ਤੋਂ ਅਗਲੀ ਅਵੱਸਥਾ ਵਿੱਚ ਪਹੁੰਚ ਕੇ ਨਿਰਮਲ ਭਉ ਵੀ ਖ਼ਤਮ ਹੋ ਗਿਆ।

ਏ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ।।

(ਗੁ.ਗ੍ਰੰ.ਸਾ. ਪੰਨਾ : 475)

ਇਹ ਕੈਸੀ ਚਾਕਰੀ ਹੈ, ਇਹ ਕੈਸੀ ਭਗਤੀ ਹੈ ਜੇ ਮਾਲਿਕ ਦਾ ਭੈਅ ਬਣਿਆ ਰਹੇ। ਜੇ ਨਿਰਮਲ ਭਉ ਕਰਕੇ ਵੀ ਵੱਖ ਬੈਠਾ ਰਹੇ, ਤਾਂ ਫਿਰ ਕੋਈ ਸੁਆਦ ਨਾ ਆਇਆ। ਅਜੇ ਇੱਕ ਨਹੀਂ ਹੋਇਆ, ਅਭੇਦ ਨਹੀਂ ਹੋਇਆ।

ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ।।

ਉਸਦੇ ਵਿੱਚ ਸਮਾ ਜਾਏ, ਵੱਖਰਾ ਨਾ ਰਹੇ, ਉਸਨੂੰ ਹੀ ਫਿਰ ਸੱਚਾ ਸੇਵਕ ਆਖਾਂਗੇ। ਜਦੋਂ ਇੱਕ ਹੋਵੇਗਾ, ਉਦੋਂ ਅਵੱਸਥਾ ਇਹ ਬਣ ਜਾਏਗੀ ਕਿ :

ਨਾ ਓਹੁ ਮਰਤਾ ਨਾ ਹਮ ਡਰਿਆ।।
ਨਾ ਓਹੁ ਬਿਨਸੈ ਨਾ ਹਮ ਕੜਿਆ।। .....
ਨਾ ਉਸੁ ਬੰਧਨ ਨਾ ਹਮ ਬਾਧੇ।।
ਨਾ ਉਸੁ ਧੰਧਾ ਨਾ ਹਮ ਧਾਧੇ।। .....

(ਗੁ.ਗ੍ਰੰ.ਸਾ. ਪੰਨਾ : 391)

ਪਰ ਕੀ ਇਹ ਕੋਈ ਮੁਕਾਬਲਾ ਬਣ ਗਿਆ ਹੈ ? ਬਿਲਕੁਲ ਨਹੀਂ, ਬਲਕਿ ਅਵੱਸਥਾ ਇਹ ਹੋ ਗਈ ਹੈ ਕਿ ਮੈਂ ਹੁਣ ਕੁਝ ਵੀ ਨਹੀਂ ਰਿਹਾ, ਉਹ ਹੀ ਸਭ ਕੁਝ ਹੋ ਗਿਆ।

ਹਮ ਕਿਛੁ ਨਾਹੀ ਏਕੈ ਓਹੀ।।
ਆਗੈ ਪਾਛੈ ਏਕੋ ਸੋਈ।।
ਨਾਨਕ ਗੁਰਿ ਖੋਏ ਭ੍ਰਮ ਭੰਗਾ।।

ਹਮ ਓਇ ਮਿਲਿ ਹੋਏ ਇਕ ਰੰਗਾ।।

(ਗੁ.ਗ੍ਰੰ.ਸਾ. ਪੰਨਾ : 391)

ਇਹ ਹੈ ਸਹਜ। ਇਸ ਅਵੱਸਥਾ ਜਾਂ ਚਉਥੀ ਲਾਂਵ ਦੀ ਅਵੱਸਥਾ ਇਹ ਹੀ ਹੈ ਕਿ ਇਹ ਸਹਜ ਹੈ ਤੇ ਉਹ ਸਹਜ ਹੁੰਦਾ ਹੈ, ਉਸ ਪ੍ਰਭੂ ਨਾਲ ਮਿਲਣ ਨਾਲ ਜਿਸ ਕਰਕੇ ਉਚੇਚ ਖ਼ਤਮ ਹੋ ਜਾਂਦੀ ਹੈ।

ਗੁਰਮੁਖਿ ਮਿਲਿਆ ਸੁਭਾਇ
ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ।।

ਫਿਰ ਉਸ ਗੁਰਮੁਖ ਦੇ ਸੁਭਾਅ ਵਿੱਚ ਇਹ ਗੱਲ ਆ ਜਾਂਦੀ ਹੈ ਕਿ :

ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ
ਅਨਦਿਨੁ ਹਰਿ ਲਿਵ ਲਾਈ।।

ਜਦੋਂ ਉਸਨੂੰ ਪ੍ਰਭੂ ਮਿੱਠਾ ਲੱਗਦਾ ਹੈ, ਉਦੋਂ ਪ੍ਰਭੂ ਨੂੰ ਵੀ ਉਹ ਮਿੱਠਾ ਲੱਗਣ ਲੱਗ ਪੈਂਦਾ ਹੈ। ਇਹ ਗੱਲ ਸੰਸਾਰ ਵਿੱਚ ਵੀ ਹੈ ਤੇ ਇਹੋ ਗੱਲ ਨਿਰੰਕਾਰ ਵਿੱਚ ਵੀ। ਜਿਸਦੇ ਕੋਲੋਂ ਮਾਣ-ਸਤਿਕਾਰ ਚਾਹੁੰਦੇ ਹੋ, ਉਸਨੂੰ ਮਾਣ-ਸਤਿਕਾਰ ਦੇਵੋ। ਜਿਸ ਕੋਲੋਂ ਪਿਆਰ ਚਾਹੁੰਦੇ ਹੋ, ਉਸਨੂੰ ਪਿਆਰ ਕਰੋ ਤੇ ਫਿਰ ਹੋਏਗਾ ਕੀ ? ਫਿਰ ਦਿਨ-ਰਾਤ ਦੀ ਆਪਸ ਵਿੱਚ ਲਿਵ ਲੱਗ ਜਾਏਗੀ ਤੇ ਇਹੋ ਜਿਹਾ ਸਬੰਧ ਜੁੜ ਜਾਏਗਾ ਅਤੇ ਇਹ ਅਹਿਸਾਸ ਹੋ ਜਾਏਗਾ ਕਿ :

ਮਨ ਚਿੰਦਿਆ ਫਲੁ ਪਾਇਆ ਸੁਆਮੀ
ਹਰਿ ਨਾਮਿ ਵਜੀ ਵਾਧਾਈ।।

ਜਿਸ ਕਾਜ ਲਈ ਪਹਿਲਾਂ ਕਦਮ ਚੁੱਕਿਆ ਸੀ, ਕਰਮ ਅਭਿਆਸ ਸ਼ੁਰੂ ਕੀਤਾ ਸੀ, ਉਹ ਕਰਮ ਅਭਿਆਸ ਸੰਪੂਰਨ ਹੋ ਗਿਆ।

ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ
ਧਨ ਹਿਰਦੈ ਨਾਮਿ ਵਿਗਾਸੀ।।

ਇਥੇ ਇਹ ਸ਼ਬਦਾਵਲੀ **"ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ"** ਕਿਉਂ ਆਇਆ ਹੈ ? ਕਿਉਂਕਿ ਵਿਆਹ ਹਮੇਸ਼ਾ ਦੋਵੇਂ ਪਾਸਿਓਂ ਹੁੰਦਾ ਹੈ। ਜਿਸ ਦਿਨ ਇੱਕ ਪਾਸਿਓਂ ਤਿਆਰੀ ਸ਼ੁਰੂ ਹੁੰਦੀ ਹੈ, ਉਸ ਦਿਨ ਤੋਂ ਦੂਜੇ ਪਾਸਿਓਂ ਵੀ ਤਿਆਰੀ ਸ਼ੁਰੂ ਹੋ ਜਾਂਦੀ ਹੈ। ਜਿਸ ਦਿਨ ਤੁਸੀਂ ਰੱਬ ਨੂੰ ਮਿਲਣ ਲਈ ਤਾਂਘ ਪੈਦਾ ਕਰੋਗੇ, ਅੰਦਰ ਬੈਰਾਗ ਪੈਦਾ ਕਰੋਗੇ, ਉਸ ਦਿਨ ਤੋਂ ਰੱਬ ਵੀ ਆਪਣੇ ਘਰ ਦੇ ਦਰਵਾਜ਼ੇ ਤੁਹਾਡੇ ਲਈ ਖੋਲ੍ਹਣੇ ਸ਼ੁਰੂ ਕਰ ਦੇਵੇਗਾ। ਜਿਸ ਦਿਨ ਤੁਹਾਡੇ ਕਦਮ ਉਸਦੀ ਗਲਵੱਕੜੀ ਵਿੱਚ ਜਾਣ ਲਈ ਉੱਠਣਗੇ, ਉਸ ਦਿਨ ਰੱਬ ਵੀ ਆਪਣੀ ਗਲਵੱਕੜੀ ਖੋਲ੍ਹਣੀ ਸ਼ੁਰੂ ਕਰ ਦੇਵੇਗਾ।

ਜਨੁ ਨਾਨਕੁ ਬੋਲੇ ਚਉਥੀ ਲਾਵੈ

ਹਰਿ ਪਾਇਆ ਪ੍ਰਭੁ ਅਵਿਨਾਸੀ॥

ਫਿਰ ਖ਼ੁਸ਼ੀਆਂ ਦਾ ਹੀ ਵਿਗਾਸ ਹੈ, ਅਨੰਦ ਹੈ ਅਤੇ ਇਸੇ ਦਾ ਨਾਂ ਅਨੰਦ ਕਾਰਜ ਹੋ ਜਾਏਗਾ।

ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥
ਤਿਥੈ ਊਘ ਨ ਭੁਖ ਹੈ ਹਰਿ ਅੰਮ੍ਰਿਤੁ ਨਾਮੁ ਸੁਖ ਵਾਸੁ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥

(ਗੁ.ਗ੍ਰੰ.ਸਾ. ਪੰਨਾ : 1414)

ਉਥੇ ਦੁੱਖ-ਸੁੱਖ ਹੈ ਹੀ ਨਹੀਂ। ਜਿਸ ਦਿਨ ਤੁਸੀਂ ਅਨੰਦ ਕਾਰਜ ਵਿੱਚ ਹੋ ਗਏ, ਉਸ ਦਿਨ ਦੁੱਖ-ਸੁੱਖ ਰਹਿਣਾ ਹੀ ਨਹੀਂ, ਸਹਜ ਆ ਜਾਣਾ ਹੈ।

ਇਹ ਕਰਮ ਅਭਿਆਸ ਤੋਂ ਮਿਲਾਪ ਦੀ ਸਹਜ ਅਵੱਸਥਾ ਵਿੱਚ ਜਾਣਾ ਹੀ ਚਾਰ ਲਾਵਾਂ ਹਨ। ਇਸਦੇ ਨਾਲ ਗ੍ਰਹਿਸਤ ਜੀਵਨ ਅਨੰਦ ਕਾਰਜ ਬਣ ਜਾਂਦਾ ਹੈ ਤੇ ਅਧਿਆਤਮਿਕ ਜੀਵਨ ਵੀ ਅਨੰਦਮਈ ਹੋ ਜਾਂਦਾ ਹੈ। ਭਲਾ ਹੋਵੇ ਜੇ ਕਦੇ ਅਸੀਂ ਇਹਨਾਂ ਲਾਵਾਂ ਦੇ ਅਰਥਾਂ, ਇਹਨਾਂ ਦੀ ਪ੍ਰੇਰਨਾ ਦੇ ਅਨੁਕੂਲ ਆਪਣੇ ਜੀਵਨ ਨੂੰ ਬਣਾ ਲਈਏ।

ਸੋ, ਇਹਨਾਂ ਚਾਰ ਲਾਵਾਂ ਦੇ ਸੰਪੂਰਨ ਹੋਣ ਨਾਲ ਅਨੰਦ ਕਾਰਜ ਦੀ ਰਸਮ ਸੰਪੂਰਨ ਹੁੰਦੀ ਹੈ। ਸਿੱਖ ਰਹਿਤ ਮਰਿਆਦਾ ਅਨੁਸਾਰ ਇਹ ਚਾਰ ਲਾਵਾਂ ਮਰਿਆਦਾ ਹਨ ਅਤੇ ਬਾਕੀ ਸ਼ਬਦ ਜਿਹੜੇ ਅਸੀਂ ਪ੍ਰਚਲਿੱਤ ਰੂਪ ਵਿੱਚ ਪੜ੍ਹਣ ਲੱਗ ਪਏ ਹਾਂ, ਜਿਵੇਂ "**ਵੀਆਹੁ ਹੋਆ ਮੇਰੇ ਬਾਬੁਲਾ**", ਇਹ ਵਿਆਹ ਹੋਣ ਦੇ ਬਾਅਦ ਦਾ ਸੰਕੇਤ ਹੈ। ਇਹ ਕਿਉਂਕਿ ਬਾਅਦ ਦਾ ਸੰਕੇਤ ਹੈ, ਇਸ ਲਈ ਚਾਰ ਲਾਵਾਂ ਸੰਪੂਰਨ ਹੋਣ ਤੋਂ ਫੌਰੀ ਬਾਅਦ ਅਨੰਦ ਸਾਹਿਬ ਪੜ੍ਹ ਦਿੱਤਾ ਜਾਂਦਾ ਹੈ। ਲਾਵਾਂ ਤੋਂ ਫੌਰੀ ਬਾਅਦ ਅਨੰਦ ਸਾਹਿਬ ਪੜ੍ਹਿਆ ਜਾਣਾ ਇਸ ਗੱਲ ਦਾ ਸੰਕੇਤ ਹੈ ਕਿ 'ਸਿੱਖ ਰਹਿਤ ਮਰਿਆਦਾ' ਅਨੁਸਾਰ ਅਨੰਦ ਕਾਰਜ ਸੰਪੂਰਨ ਹੋ ਗਿਆ ਹੈ। ਅੱਗੇ ਗੁਰੂ ਬਖ਼ਸ਼ਿਸ਼ ਕਰੇ ਤੇ ਉਸ ਅਨੰਦ ਨੂੰ ਪ੍ਰਾਪਤ ਕਰਨ ਤੋਂ ਬਾਅਦ ਭਾਵੇਂ ਜਿੰਨੇ ਮਰਜ਼ੀ ਖ਼ੁਸ਼ੀਆਂ ਦੇ ਸ਼ਬਦ ਪੜ੍ਹੀ ਜਾਈਏ। ਬਾਣੀ ਜਿੰਨੀ ਵੱਧ ਪੜ੍ਹੀ ਜਾਏ, ਉਤਨਾ ਹੀ ਸੁੱਖ ਹੈ। ਬਾਣੀ ਪੜ੍ਹਨ ਲਈ ਕੋਈ ਰੋਕ-ਟੋਕ ਨਹੀਂ, ਮਨਾਹੀ ਨਹੀਂ ਪਰ ਅਨੰਦ ਕਾਰਜ ਦੀ ਰਸਮ ਇਥੇ ਹੀ ਸਮਾਪਤ ਹੋ ਜਾਂਦੀ ਹੈ।

ਅਨੰਦ ਕਾਰਜ





ਪ੍ਰੋ. ਦਰਸ਼ਨ ਸਿੰਘ ਖ਼ਾਲਸਾ



ਵੀਆਹੁ ਹੋਇਆ ਮੇਰੇ ਬਾਬੁਲਾ

ਵੀਆਹੁ ਹੋਆ ਮੇਰੇ ਬਾਬੁਲਾ
ਗੁਰਮੁਖੇ ਹਰਿ ਪਾਇਆ॥
ਅਗਿਆਨੁ ਅੰਧੇਰਾ ਕਟਿਆ
ਗੁਰ ਗਿਆਨ ਪ੍ਰਚੰਡੁ ਬਲਾਇਆ॥
ਬਲਿਆ ਗੁਰ ਗਿਆਨ ਅੰਧੇਰਾ
ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ॥
ਹਉਮੈ ਰੋਗੁ ਗਇਆ ਦੁਖੁ ਲਾਥਾ
ਆਪੁ ਆਪੈ ਗੁਰਮਤਿ ਖਾਧਾ॥
ਅਕਾਲ ਮੂਰਤਿ ਵਰੁ ਪਾਇਆ
ਅਬਿਨਾਸੀ ਨਾ ਕਦੇ ਮਰੈ ਨ ਜਾਇਆ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ॥
(ਗੁ.ਗ੍ਰੰ.ਸਾ. ਪੰਨਾ : 78)

ਵੀਆਹੁ ਹੋਆ ਮੇਰੇ ਬਾਬੁਲਾ

ਅਨੰਦ ਕਾਰਜ ਦੇ ਵਿਸ਼ੇ ਨਾਲ ਸਬੰਧਿਤ ਗੁਰਬਾਣੀ ਦੇ ਜਿਸ ਵੀ ਸ਼ਬਦ ਤੋਂ ਅਗਵਾਈ ਲੈ ਰਹੇ ਹਾਂ, ਉਥੇ ਇੱਕ ਲਫ਼ਜ਼ ਹਰੇਕ ਵਿੱਚ ਆਇਆ ਹੈ - ਗੁਰਮੁਖੇ ਜਾਂ ਗੁਰਮੁਖ। ਜੇ ਪਹਿਲਾਂ ਸਫ਼ਰ ਸ਼ੁਰੂ ਕੀਤਾ ਤਾਂ ਪਹਿਲੜੀ ਲਾਂਵ ਵਿੱਚ ਗੁਰਮੁਖ ਦੇ ਕਰਮ ਨੂੰ ਧਰਮ ਮਿਲ ਰਿਹਾ ਹੈ। ਗੁਰੂ ਆਪਣੇ ਮੁੱਖ ਤੋਂ ਯੋਗ ਉਪਦੇਸ਼ ਦਿੰਦਾ ਹੈ ਤੇ ਜਿਹੜਾ ਗੁਰੂ ਨਾਲ ਜੁੜਿਆ ਹੋਇਆ ਗੁਰਮੁਖ ਹੈ, ਉਸਦੇ ਕਰਮ ਧਰਮ ਵਿੱਚ ਤਬਦੀਲ ਹੋ ਰਹੇ ਹਨ। ਜੇ ਗੁਰਮੁਖ ਨਾ ਹੋਵੇ ਤਾਂ ਇਹ ਕਰਮ ਕੇਵਲ ਕਰਮ-ਕਾਂਡ ਹੀ ਬਣ ਕੇ ਰਹਿ ਜਾਂਦੇ ਹਨ। ਦੂਜੀ ਲਾਂਵ ਵਿੱਚ ਗੁਰਮੁਖ ਦੀ ਹਉਂ ਵਿਚੋਂ ਨਿਕਲਿਆ ਹੋਇਆ ਭੈਅ, ਨਿਰਮਲ ਭਉ ਵਿੱਚ ਤਬਦੀਲ ਹੋਇਆ ਹੈ। ਇਥੋਂ ਤਕ ਕਿ ਜਦੋਂ ਸਹਜ ਵਿੱਚ ਪੁੱਜ ਗਿਆ, ਤਾਂ ਵੀ '**ਗੁਰਮੁਖਿ ਮਿਲਿਆ ਸੁਭਾਇ**' - ਗੁਰਮੁਖ ਦਾ ਇਹ ਸੁਭਾਅ ਬਣ ਗਿਆ ਹੈ।

ਜੀਵਨ ਦੀ ਪੰਧ ਵਿੱਚ ਹਰ ਕਦਮ 'ਤੇ 'ਗੁਰਮੁਖ' ਇੱਕ ਸਹਾਇਕ ਲਫ਼ਜ਼ ਹੈ। ਮਨੁੱਖ ਦੇ ਜੀਵਨ ਦੇ ਸਫ਼ਰ ਦਾ ਇੱਕ ਕਦਮ ਵੀ ਐਸਾ ਨਹੀਂ ਜਿਹੜਾ ਗੁਰਮੁਖ ਤੋਂ ਵੱਖ ਹੋ ਜਾਏ। ਇਸ ਤਰ੍ਹਾਂ ਚਾਰੇ ਲਾਵਾਂ ਇਸ ਲਫ਼ਜ਼ 'ਤੇ ਕੇਂਦ੍ਰਿਤ ਹਨ ਅਤੇ ਹੁਣ ਵਿਆਹ ਹੋ ਗਿਆ।

ਹੁਣ ਜੇ ਵਿਆਹ ਹੋ ਗਿਆ ਹੈ, ਤਾਂ ਵੀ ਇਹ ਗੁਰਮੁਖ ਵਾਲੀ ਗੱਲ ਵੱਖ ਨਹੀਂ ਹੋਈ ਕਿਉਂਕਿ ਇਸ ਬਾਰੇ ਹਰ ਥਾਂ 'ਤੇ ਤਸਦੀਕ ਹੋ ਰਹੀ ਹੈ। ਇਹ ਗੱਲ ਫ਼ੈਸਲਾਕੁੰਨ ਹੈ ਕਿ ਇਸ 'ਗੁਰਮੁਖਿ' ਲਫ਼ਜ਼ ਤੋਂ ਬਿਨਾ ਜੀਵਨ ਅਧੂਰਾ ਹੈ। ਗੁਰਮੁਖ ਦੀ ਲੋੜ ਹਰ ਹਾਲ ਵਿੱਚ ਹੈ - ਭਾਵੇਂ ਜੀਵ ਨੇ ਹਲਤ ਦਾ ਸਫ਼ਰ ਕਰਨਾ ਹੋਵੇ ਜਾਂ ਪਲਤ ਦਾ, ਭਾਵੇਂ ਲੋਕ ਸੁਖੀਆ ਕਰਨਾ ਹੋਵੇ ਜਾਂ ਪਰਲੋਕ ਸੁਹੇਲਾ, ਭਾਵੇ ਨਿਰੰਕਾਰ ਦੇ ਸਬੰਧ ਵਿੱਚ ਸਫ਼ਲਤਾ ਲੈਣੀ ਹੋਵੇ ਜਾਂ ਪਰਿਵਾਰਿਕ ਸਬੰਧਾਂ ਵਿੱਚ। ਕਿਸੇ ਵੀ ਹਾਲ ਵਿੱਚ 'ਗੁਰਮੁਖਿ' ਦੀ ਗੱਲ ਨਹੀਂ ਛੱਡਣੀ, ਭਾਵ ਜੋ ਗੱਲ ਗੁਰੂ ਕਹਿ ਰਿਹਾ ਹੈ :

ਗੁਰਸਿਖ ਮੀਤ ਚਲਹੁ ਗੁਰ ਚਾਲੀ॥

ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ।।

(ਗੁ.ਗ੍ਰੰ.ਸਾ. ਪੰਨਾ : 667)

ਜੇ ਤੁਹਾਡੇ ਕੋਲ ਬਹੁਤ ਕੀਮਤੀ ਸਾਜੋ-ਸਾਮਾਨ ਹੋਵੇ, ਪਰ ਉਸਦੀ ਵਰਤੋਂ ਫਿਰ ਗੁਰੂ ਕੋਲੋਂ ਪੁੱਛ ਲੈਣੀ ਹੈ :

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।।
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ।।

(ਗੁ.ਗ੍ਰੰ.ਸਾ. ਪੰਨਾ : 16)

ਐਸੀ ਸਿਆਹੀ ਹੋਵੇ ਜਿਸ ਵਿੱਚ ਮੋਹ ਪਹਿਲਾਂ ਖ਼ਤਮ ਹੋ ਜਾਏ, ਮੋਹ ਨੂੰ ਜਲਾ ਦਿੱਤਾ ਜਾਏ ਤੇ ਮਤ ਦਾ ਕਾਗ਼ਜ਼ ਹੋਵੇ। ਭਾਉ ਉਸ ਮਤ ਦੇ ਕਾਗ਼ਜ਼ 'ਤੇ ਲਿਖਣ ਲਈ ਕਲਮ ਬਣ ਜਾਏ ਅਤੇ ਲਿਖਣ ਵਾਲਾ ਚਿੱਤ ਹੋਵੇ। ਜੇ ਐਨੀਆਂ ਸਾਰੀਆਂ ਸ੍ਰੇਸ਼ਠ ਵਸਤੂਆਂ ਵੀ ਇਕੱਠੀਆਂ ਕਰ ਲਈਆਂ ਜਾਣ, ਫਿਰ ਵੀ ਆਪਣੀ ਮਰਜ਼ੀ ਨਾਲ ਨਹੀਂ ਲਿਖਣਾ, ਬਲਕਿ ਗੁਰੂ ਕੋਲੋਂ ਪੁੱਛਣਾ ਹੈ। ਇਥੇ ਵੀ 'ਗੁਰਮੁਖਿ' ਦੀ ਲੋੜ ਹੈ।

ਜੀਵਨ ਦਾ ਕੋਈ ਪਹਿਲੂ ਸਫ਼ਲ ਨਹੀਂ ਹੋਣਾ ਜੇ ਇਸ 'ਗੁਰਮੁਖਿ' ਸ਼ਬਦ ਨਾਲ ਨਾ ਜੁੜਿਆ ਜਾਏ। ਭਾਵੇਂ ਜੀਵ ਪਰਮਾਤਮਾ ਨਾਲ ਵਿਆਹੁਣਾ ਚਾਹੁੰਦਾ ਹੈ ਜਾਂ ਪਤੀ-ਪਤਨੀ ਦੇ ਰੂਪ ਵਿੱਚ, ਇਸ ਸ਼ਬਦ ਨਾਲ ਜੁੜਨਾ ਹੀ ਪਵੇਗਾ। ਗੁਰਮੁਖ ਤਾਂ ਹੋਣਾ ਹੀ ਪਵੇਗਾ। ਜੇ ਨਹੀਂ ਹੋਇਆ ਤਾਂ ਪਰਮਾਰਥ ਵਿੱਚ ਨਾ ਤੇ ਰੱਬ ਨਾਲ ਸਬੰਧ ਜੁੜ ਸਕੇਗਾ ਅਤੇ ਨਾ ਹੀ ਸੰਸਾਰ ਵਿੱਚ ਪਰਿਵਾਰਿਕ ਤੌਰ 'ਤੇ ਸੁਖੀ ਜੀਵਨ ਹੋ ਸਕੇਗਾ।

ਗੁਰਮੁਖ ਦਾ ਅੱਖਰੀ ਅਰਥ ਹੈ ਗੁਰੂ ਉਪਦੇਸ਼ ਨੂੰ ਗ੍ਰਹਿਣ ਕਰਨ ਵਾਲਾ, ਗੁਰੂ ਉਪਦੇਸ਼ ਦਾ ਪਾਤਰ। ਜੇ ਕਿਸੇ ਨੇ ਪਰਿਵਾਰਿਕ ਜੀਵਨ ਵਿੱਚ ਵੀ ਅਨੰਦ ਪੈਦਾ ਕਰਨਾ ਹੈ ਤਾਂ ਉਸਨੂੰ ਗੁਰੂ ਦੇ ਬਚਨਾਂ ਦਾ ਧਾਰਨੀ ਬਣਨਾ ਜ਼ਰੂਰੀ ਹੋਵੇਗਾ।

ਅਸੀਂ ਆਏ ਦਿਨ ਵਿਆਹ ਦੇਖਦੇ ਹਾਂ ਅਤੇ ਜੀਵਨ ਵਿੱਚ ਇਸ ਜ਼ਿੰਮੇਵਾਰੀ ਨੂੰ ਆਪ ਵੀ ਨਿਭਾਉਂਦੇ ਹਾਂ। ਅਸੀਂ ਵਿਆਹ ਕਰਦੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹਾਂ। ਅਸੀਂ ਗੁਰੂ ਦੀ ਹਜ਼ੂਰੀ ਵਿੱਚ ਬੈਠ ਕੇ, ਪਰਿਕਰਮਾ ਕਰਕੇ ਅਨੰਦ ਕਾਰਜ ਕਰਕੇ ਇਹ ਅਹਿਸਾਸ ਤਾਂ ਕਰਦੇ ਹਾਂ ਕਿ ਭਵਿੱਖ ਉਜਲਾ ਹੋਵੇ। ਪਰ ਗੁਰੂ ਨੇ ਨਾਲ ਸ਼ਰਤ ਲਾ ਦਿੱਤੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਸੁੱਖ ਸਾਰੇ ਮਿਲਣਗੇ ਪਰ ਉਸ ਲਈ ਗੁਰਮੁਖ ਹੋਣਾ ਪਵੇਗਾ। ਇਸ ਲਈ ਮੁਢੋਂ ਅਖੀਰ ਤਕ ਇਹ ਲਫ਼ਜ਼ 'ਗੁਰਮੁਖ' ਨਾਲ ਚਲ ਰਿਹਾ ਹੈ।

ਹੁਣ ਜ਼ਰਾ ਅਸੀਂ ਗੁਰੂ ਸਾਹਿਬ ਕੋਲੋਂ ਪੁੱਛੀਏ - ਹਜ਼ੂਰ ! ਵਿਆਹ ਕਰ ਰਹੇ ਹਾਂ ਤੇ ਕੀ ਭਲਾ ਇਹ ਸੜਕਾਂ 'ਤੇ ਨੱਚਣਾ-ਟੱਪਣਾ ਤੁਹਾਨੂੰ ਪ੍ਰਵਾਨ ਹੈ ? ਕੀ ਗੁਰੂ ਸਾਹਿਬ ਕੋਲੋਂ ਪੁੱਛ ਕੇ ਨੱਚ ਰਹੇ ਹਾਂ ? ਅਸੀਂ ਸੁੱਖ ਤਾਂ ਸਾਰੇ ਗੁਰੂ ਸਾਹਿਬ ਪਾਸੋਂ ਮੰਗਦੇ ਹਾਂ ਪਰ ਕੀ ਗਲੀਆਂ-ਸੜਕਾਂ 'ਚ

ਸਾਡੀਆਂ ਬੀਬੀਆਂ-ਭੈਣਾਂ ਨੱਚਦੀਆਂ ਸ਼ੋਭਦੀਆਂ ਹਨ ? ਇਸ ਦੇ ਨਾਲ-ਨਾਲ ਸਾਡੇ ਕੋਲੋਂ ਅਨੰਦ ਕਾਰਜ ਦਾ ਅੰਮ੍ਰਿਤ ਵੇਲੇ ਦਾ ਸਿਸਟਮ ਅਤੇ ਹੋਰ ਬਹੁਤ ਕੁਝ ਚਲਾ ਗਿਆ ਹੈ ਜੋ ਸਾਨੂੰ ਗੁਰੂ ਸਾਹਿਬ ਨੇ ਬਖ਼ਸ਼ਿਆ ਸੀ।

ਗੁਰੂ ਸਾਹਿਬ ਨੇ ਬਾਣੀ ਵਿੱਚ ਬੜੇ ਖ਼ੂਬਸੂਰਤ ਢੰਗ ਨਾਲ ਮਨ ਦੇ ਵਿਆਹ ਦਾ ਜ਼ਿਕਰ ਕੀਤਾ ਹੈ। ਮਨ ਨੇ ਮਤ ਤੋਂ ਜਨਮ ਲਿਆ ਹੈ। ਜਿਹੋ ਜਿਹੀ ਕਿਸੇ ਦੀ ਮਤ ਹੁੰਦੀ ਹੈ, ਜਿਹੋ ਜਿਹੀ ਕਿਸੇ ਨੂੰ ਸੰਗਤ ਮਿਲਦੀ ਹੈ, ਉਹੋ ਜਿਹੀ ਮਤ ਲੈ ਕੇ ਮਨੁੱਖ ਦਾ ਮਨ ਉਹੋ ਜਿਹਾ ਹੀ ਬਣ ਜਾਂਦਾ ਹੈ। ਮਨ ਉਹੋ ਜਿਹੀ ਹੀ ਤਰਤੀਬ ਲੈ ਲੈਂਦਾ ਹੈ।

ਮਾਤਾ ਮਤਿ ਪਿਤਾ ਸੰਤੋਖੁ।।
ਸਤੁ ਭਾਈ ਕਰਿ ਏਹੁ ਵਿਸੇਖੁ।।

(ਗੁ.ਗ੍ਰੰ.ਸਾ. ਪੰਨਾ : 151)

ਕੋਈ ਗੁਰਮੁਖ ਚੰਗੀ ਮਤ ਵਿੱਚੋਂ ਜਨਮ ਲਏ, ਉਸਦਾ ਪਿਤਾ ਸੰਤੋਖ ਹੋਵੇ ਤੇ ਉਸਦਾ ਭਰਾ ਸਤ ਹੋਵੇ। ਭਰਾ ਕੀ ਹੁੰਦਾ ਹੈ - ਸ਼ਕਤੀ ਤੇ ਇਸੇ ਲਈ ਭਰਾ ਨੂੰ ਬਾਜੂ ਆਖਦੇ ਹਨ। ਫਿਰ ਉਸ ਗੁਰਮੁਖ ਦੇ ਮਨ ਕੋਲ ਸਤ ਭਾਵ ਸੱਚਾਈ ਦੀ ਸ਼ਕਤੀ ਹੈ। ਇਸ ਲਈ ਜਿਸਦੇ ਕੋਲ ਸੱਚ ਹੋਵੇ, ਉਹ ਡੋਲਦਾ ਨਹੀਂ ਤੇ ਨਾ ਹੀ ਡਰਦਾ ਹੈ, ਉਹ ਸ਼ਕਤੀਵਾਨ ਹੈ। ਇਹ ਉਸਦੀ ਵਿਸ਼ੇਸ਼ਤਾ ਹੈ। ਹੁਣ ਇਹੋ ਜਿਹਾ ਮਨ ਜਿਸਨੇ ਉੱਤਮ ਮਤ ਦੀ ਕੁੱਖੋਂ ਜਨਮ ਲਿਆ, ਜਿਸਦਾ ਪਿਤਾ ਸੰਤੋਖ ਤੇ ਭਰਾ ਸਤ ਹੋਵੇ, ਉਸਦਾ ਵਿਆਹ ਵੀ ਤਾਂ ਉਹੋ ਜਿਹੀ ਪਤਨੀ ਨਾਲ ਹੀ ਹੋਣਾ ਚਾਹੀਦਾ ਹੈ। ਹੁਣ ਉਹ ਪਤਨੀ ਕਿਸ ਦੇ ਘਰ ਜਨਮ ਲੈਂਦੀ ਹੈ ?

ਸਰਮ ਸੁਰਤਿ ਦੁਇ ਸਸੁਰ ਭਏ।।
ਕਰਣੀ ਕਾਮਣਿ ਕਰਿ ਮਨ ਲਏ।।

(ਗੁ.ਗ੍ਰੰ.ਸਾ. ਪੰਨਾ : 151)

'ਸਰਮ' ਕਹਿੰਦੇ ਹਨ ਉਦਮ ਜਾਂ ਘਾਲਨਾ ਨੂੰ, ਭਾਵ ਸਰਮ ਕਰਨਾ ਪਰ ਐਸਾ ਉਦਮ ਜਾਂ ਘਾਲਨਾ ਨਹੀਂ ਜਿਸ ਵਿੱਚ ਸੁਰਤ ਨਾ ਹੋਵੇ, ਚੇਤੰਨਤਾ ਨਾ ਹੋਵੇ। ਉਸਦਾ ਪਿਤਾ ਸਰਮ ਹੋਵੇ ਤੇ ਸੁਰਤ ਮਾਂ ਹੋਵੇ ਅਤੇ ਉਹ ਇਹਨਾਂ ਦੋਹਾਂ ਦਾ ਸੁਮੇਲ ਹੋਵੇ। ਕਿਉਂਕਿ ਸੁਰਤ ਵਿਹੂਣੇ ਉਦਮ ਦਾ ਵੀ ਕੋਈ ਲਾਭ ਨਹੀਂ। ਉਦਾਹਰਣ ਵਜੋਂ ਉਦਮ ਚੂਹਾ ਵੀ ਕਰਦਾ ਹੈ ਤੇ ਕੀੜੀ ਵੀ ਕਰਦੀ ਹੈ। ਦੋਵੇਂ ਸਾਰੀ-ਸਾਰੀ ਰਾਤ ਜਾਗਦੇ ਹਨ ਤੇ ਰਾਤ ਨੂੰ ਵੀ ਤੁਰੇ ਹੀ ਰਹਿੰਦੇ ਹਨ। ਕੀੜੀ ਦੇ ਸਬੰਧ ਵਿੱਚ ਲੋਕ ਆਖਦੇ ਹਨ ਕਿ ਉਹ ਆਪਣੀ ਖੁੱਡ ਵਿੱਚ ਛੇ ਮਹੀਨੇ ਦੀ ਖੁਰਾਕ ਜਮ੍ਹਾ ਰੱਖਦੀ ਹੈ ਤੇ ਇਸ ਲਈ ਕੁਝ-ਨਾ-ਕੁਝ ਕਰਦੀ ਰਹਿੰਦੀ ਹੈ। ਪਰ ਚੂਹੇ ਦਾ ਉਦਮ ਵਿਅਰਥ ਹੀ ਚਲਾ ਜਾਂਦਾ ਹੈ ਤੇ ਉਸ ਵਿੱਚ ਕੋਈ ਸੁਰਤ ਨਹੀਂ ਹੁੰਦੀ। ਉਸ ਵਿੱਚ ਸਰਮ ਤਾਂ ਹੈ ਪਰ ਸੁਰਤ ਨਹੀਂ।

ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ

ਕਾਮਿ ਨਹੀ ਗਾਵਾਰੀ॥

(ਗੁ.ਗ੍ਰੰ.ਸਾ. ਪੰਨਾ : 681)

ਜਿਵੇਂ ਚੂਹਾ ਕਾਗਦ ਦੀਆਂ ਗੰਢਾਂ ਨੂੰ ਟੁੱਕ-ਟੁੱਕ ਕੇ ਗੁਆ ਦਿੰਦਾ ਹੈ ਅਤੇ ਉਹ ਵਿਅਰਥ ਹੀ ਉਦਮ ਕਰਕੇ ਕੀਮਤੀ ਕਿਤਾਬਾਂ ਨੂੰ ਵੀ ਵਿਅਰਥ ਕਰ ਦਿੰਦਾ ਹੈ। ਚੂਹੇ ਵਿੱਚ ਸਰਮ ਹੈ ਪਰ ਸੁਰਤ ਨਹੀਂ। ਨਿਰੰਕਾਰ ਸਾਨੂੰ ਸੁਰਤ ਨਾਲ ਦਿੰਦਾ ਹੈ। ਹੁਣ ਸਰਮ ਤੇ ਸੁਰਤ ਦੋਨੋਂ ਦੇ ਸੁਮੇਲ ਭਾਵ ਉਦਮ ਤੇ ਚੇਤੰਨਤਾ ਵਿੱਚੋਂ ਜਿਹੜੀ ਬੱਚੀ ਜਨਮ ਲੈਂਦੀ ਹੈ, ਉਸਦਾ ਨਾਂ ਹੈ 'ਕਰਨੀ' ਭਾਵ ਵਿਹਾਰ।

ਮਨ ਕੀ ਹੈ - ਵਿਚਾਰ। ਤੇ ਵਿਚਾਰ ਦਾ ਵਿਆਹ ਹੋਣਾ ਹੈ ਵਿਹਾਰ ਦੇ ਨਾਲ। ਵਿਚਾਰ ਤੇ ਵਿਹਾਰ - ਇਹ ਦੋਵੇਂ ਜੁੜਨਗੇ ਤਾਂ ਸੰਪੂਰਨਤਾ ਹੋਵੇਗੀ। ਇਕੱਲੇ ਵਿਚਾਰ ਹੋਣ ਤੇ ਉਹਨਾਂ ਨੂੰ ਕੋਈ ਅਮਲੀ ਰੂਪ ਨਾ ਦੇਈਏ ਤਾਂ ਕੋਈ ਫਾਇਦਾ ਨਹੀਂ ? ਨਾਲ ਹੀ ਜੇ ਵਿਹਾਰ ਹੋਵੇ, ਪਰ ਹੋਵੇ ਵਿਚਾਰ ਤੋਂ ਹੀਣਾ, ਤਾਂ ਵੀ ਕੋਈ ਫਾਇਦਾ ਨਹੀਂ ?

ਉਤਮ ਮਤ ਤੇ ਸੰਤੋਖ ਤੋਂ ਉਪਜੇ ਅਤੇ ਸਤ ਵਰਗੇ ਭਰਾ ਨਾਲ ਪਲੇ ਹੋਏ ਮਨ ਨੂੰ ਸਰਮ ਤੇ ਸੁਰਤ ਦੇ ਘਰ ਵਿੱਚੋਂ ਜਨਮ ਲੈਂਦੀ ਹੋਈ ਕਰਨੀ ਚਾਹੀਦੀ ਹੈ। ਉਸਨੂੰ ਆਸਾ, ਤ੍ਰਿਸ਼ਨਾ ਦੇ ਘਰ ਜਨਮ ਲੈਣ ਵਾਲੀ ਕਰਨੀ ਨਹੀਂ ਚਾਹੀਦੀ। ਜੇ ਮਨ ਉਹੋ ਜਿਹੀ ਕਰਨੀ ਨੂੰ ਕਾਮਣ ਬਣਾ ਲਏ ਭਾਵ ਉਸਦੇ ਨਾਲ ਵਿਆਹਿਆ ਜਾਏ, ਤਾਂ ਫਿਰ :

ਸਾਹਾ ਸੰਜੋਗੁ ਵੀਆਹੁ ਵਿਜੋਗੁ॥
ਸਚੁ ਸੰਤਤਿ ਕਹੁ ਨਾਨਕ ਜੋਗੁ॥

(ਗੁ.ਗ੍ਰੰ.ਸਾ. ਪੰਨਾ : 151)

ਉਸਦੇ ਵਿੱਚੋਂ ਸੱਚ ਦੇ ਗੁਣਾਂ ਦੀ ਸੰਤਾਨ ਜਨਮ ਲੈਂਦੀ ਹੈ।

ਵਿਆਹ-ਵਿਆਹ ਵਿੱਚ ਅੰਤਰ ਹੈ। ਕੁਝ ਗੁਣ ਹਨ ਜਿੰਨ੍ਹਾਂ ਗੁਣਾਂ ਦੇ ਸੰਗ੍ਰਹਿ ਨੇ ਵਿਆਹ ਨੂੰ ਸੁੱਖ ਦਾ ਰੂਪ ਦੇਣਾ ਹੈ। ਇਹ ਵਿਚਾਰ ਤੇ ਵਿਹਾਰ ਦਾ ਵਿਆਹ ਹੀ ਜੀਵਨ ਦੀ ਸਫਲਤਾ ਹੈ। ਹੁਣ ਐਸੇ ਹੀ ਵਿਚਾਰ-ਵਿਹਾਰ ਦੋਵਾਂ ਦੀ ਲੋੜ ਹੈ। ਗੁਰੂ ਦੇ ਵਿਚਾਰ ਸਾਡੇ ਵਿਹਾਰ ਵਿੱਚ ਸੰਮਿਲਤ ਹੋਣੇ ਹਨ, ਗੁਰੂ ਦੇ ਵਿਚਾਰ ਸਾਡੇ ਵਿਹਾਰ ਨਾਲ ਜੁੜਨੇ ਹਨ ਤੇ ਤਾਂ ਜੀਵਨ ਸਫ਼ਲ ਹੋਣਾ ਹੈ। ਇਹ ਗੱਲ ਪਰਮਾਰਥਕ ਜੀਵਨ ਲਈ ਵੀ ਅਤੇ ਪਰਿਵਾਰਿਕ ਜੀਵਨ ਲਈ ਵੀ ਜ਼ਰੂਰੀ ਹੈ।

ਇਹ ਹੁਣ ਅਸੀਂ ਆਪਣੇ ਆਪ ਤੋਂ ਪੁੱਛਣਾ ਹੈ ਕਿ ਜਿੰਨ੍ਹਾਂ ਕੰਮਾਂ ਜਾਂ ਕਾਰਜਾਂ ਵੇਲੇ ਅਸੀਂ ਗੁਰੂ ਕੋਲੋਂ ਸੁੱਖਾਂ ਦੀ ਮੰਗ ਕਰਦੇ ਹਾਂ, ਕੀ ਭਲਾ ਅਸੀਂ ਉਹ ਕਾਰਜ ਗੁਰੂ ਕੋਲੋਂ ਪੁੱਛ ਕੇ ਕਰਦੇ ਹਾਂ। ਅੱਜ ਸਾਡੇ ਵਿਆਹਾਂ ਵਿੱਚ ਰਾਤ ਨੂੰ ਸ਼ਰਾਬਾਂ ਦੇ ਦੌਰ ਚਲਦੇ ਹਨ ਅਤੇ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅਨੰਦ ਕਾਰਜ ਦੇ ਵੇਲੇ ਬਰਾਤੀਆਂ ਦੀ ਗਿਣਤੀ ਨਾਮ-ਮਾਤਰ

ਹੀ ਰਹਿ ਜਾਂਦੀ ਹੈ। ਰਾਤ ਨੂੰ ਬਰਾਤ ਨਾਲ ਵੱਡੀ ਗਿਣਤੀ ਵਿੱਚ ਲੋਕ ਆਉਂਦੇ ਹਨ ਕਿਉਂਕਿ ਰਾਤ ਨੂੰ ਸ਼ਰਾਬ ਮਿਲਦੀ ਹੈ ਅਤੇ ਅਸੀਂ ਉਹਨਾਂ ਨੂੰ ਜਾਂਞੀ ਆਖਦੇ ਹਾਂ। ਪਰ ਗੁਰੂ ਸਾਹਿਬ ਆਪਣੀ ਰਸਨਾ ਤੋਂ ਜਾਂਞੀ ਕਿਸ ਨੂੰ ਆਖ ਰਹੇ ਹਨ :

ਸੁਰਿ ਨਰ ਗਣ ਗੰਧਰਬ ਮਿਲਿ ਆਏ

ਅਪੂਰਬ ਜੰਞ ਬਣਾਈ॥

(ਗੁ.ਗ੍ਰੰ.ਸਾ. ਪੰਨਾ : 775)

ਗੁਰਮੁੱਖ ਇਕੱਤਰ ਹੋ ਕੇ ਆਣ, ਇਹੋ ਜਿਹੀ ਜੰਞ ਬਣਾਈਏ। ਪਰ ਅੱਜ ਹੋ ਇਸ ਤੋਂ ਉਲਟ ਰਿਹਾ ਹੈ। ਦੇਰ ਰਾਤ ਤਕ ਸ਼ਰਾਬਾਂ ਦੇ ਦੌਰ ਕਰਕੇ ਬਰਾਤੀ ਸਵੇਰੇ ਸਮੇਂ ਸਿਰ ਉੱਠ ਨਹੀਂ ਸਕਦੇ। ਇੱਕ ਤਾਂ ਇਸ ਕਰਕੇ ਅੰਮ੍ਰਿਤ ਵੇਲਾ ਸਾਡੇ ਹੱਥੋਂ ਖੁੰਝ ਰਿਹਾ ਹੈ ਅਤੇ ਨਾਲ ਹੀ ਬਰਾਤ ਵੀ ਸਵੇਰ ਦੀ ਬਜਾਏ ਦੁਪਹਿਰ ਨੂੰ ਤੇ ਕਈ ਵਾਰ ਸ਼ਾਮਾਂ ਨੂੰ ਜਾ ਕੇ ਢੁੱਕਦੀ ਹੈ। ਉਥੇ ਸਾਡੇ ਗ੍ਰੰਥੀ ਸਿੰਘ ਵੀ ਮਜਬੂਰ ਹੁੰਦੇ ਹਨ ਅਤੇ ਉਹ ਵੀ ਮਿਲਨੀ ਵੇਲੇ ਜਾਂ ਅਨੰਦ ਕਾਰਜ ਵੇਲੇ ਇਹੋ ਅਰਦਾਸ ਕਰੀ ਜਾਂਦੇ ਹਨ ਕਿ ਹੇ ਸਤਿਗੁਰੂ ! ਤੇਰੀਆਂ ਰਹਿਮਤਾਂ ਦੇ ਸਦਕੇ, ਤੇਰੀ ਬਖ਼ਸ਼ੀ ਹੋਈ ਗੁਰਮਤਿ ਮਰਿਆਦਾ ਅਨੁਸਾਰ ਅਨੰਦ ਕਾਰਜ ਦੀ ਰਸਮ ਅਦਾ ਹੋਈ ਹੈ। ਉਹ ਵੀ ਇਸ ਬਾਰੇ ਕੁਝ ਕਰਨ ਵਿੱਚ ਬੇਬੱਸ ਜਾਪਦੇ ਹਨ।

ਇਹ ਅੰਮ੍ਰਿਤ ਵੇਲਾ ਕੀ ਹੈ ? - ਇਹ ਸੰਧੀ ਪ੍ਰਕਾਸ਼ ਸਮਾਂ ਹੈ, ਜਦੋਂ ਰਾਤ ਤੇ ਦਿਨ ਦਾ ਸੁਮੇਲ ਹੁੰਦਾ ਹੈ। ਇਹ ਉਹ ਵੇਲਾ ਹੈ ਜਦੋਂ ਰਾਤ ਖ਼ਤਮ ਹੋਣ ਨੂੰ ਹੁੰਦੀ ਹੈ ਤੇ ਦਿਨ ਚੜ੍ਹਨ ਨੂੰ ਆਉਂਦਾ ਹੈ। ਇਹ ਸਮਾਂ ਸ਼ਾਮ ਵੇਲੇ ਵੀ ਹੁੰਦਾ ਹੈ ਪਰ ਸ਼ਾਮ ਤੇ ਸਵੇਰ ਦੇ ਵੇਲੇ ਵਿੱਚ ਫਰਕ ਹੈ। ਸ਼ਾਮ ਨੂੰ ਦਿਨ ਜਾ ਰਿਹਾ ਹੁੰਦਾ ਹੈ ਤੇ ਭਵਿੱਖ ਰਾਤ ਹੁੰਦੀ ਹੈ। ਭਾਵੇਂ ਸੰਧੀ ਉਦੋਂ ਵੀ ਹੁੰਦੀ ਹੈ ਪਰ ਉਹ ਸੰਧੀ ਐਸੀ ਹੈ ਕਿ ਦਿਨ ਜਾ ਰਿਹਾ ਹੈ ਤੇ ਹਨੇਰਾ ਆ ਰਿਹਾ ਹੈ। ਇਸ ਲਈ ਉਸ ਵੇਲੇ ਭਵਿੱਖ ਹਨੇਰਾ ਹੈ। ਦੂਜੇ ਪਾਸੇ ਅੰਮ੍ਰਿਤ ਵੇਲਾ ਬਹੁਤ ਪਵਿੱਤਰ ਹੈ ਕਿਉਂਕਿ ਉਦੋਂ ਰਾਤ ਮੁੱਕ ਰਹੀ ਹੈ ਤੇ ਜੀਵਨ ਦਾ ਉੱਜਲਾਪਨ ਆ ਰਿਹਾ ਹੈ ਭਾਵ ਭਵਿੱਖ ਕੋਈ ਰੌਸ਼ਨੀ ਲੈ ਕੇ ਆ ਰਿਹਾ ਹੈ। ਅੰਮ੍ਰਿਤ ਵੇਲੇ ਇੱਕ ਸੰਧੀ ਹੁੰਦੀ ਹੈ ਤੇ ਸੰਧੀ ਕਹਿੰਦੇ ਹਨ ਮੇਲ ਨੂੰ। ਪਰ ਅਸੀਂ ਇਸ ਮੇਲਨ ਦੇ ਸਮੇਂ ਨੂੰ ਗੁਆ ਰਹੇ ਹਾਂ।

ਇਥੇ ਦਾਸ ਆਪਣੀ ਹੱਡ-ਬੀਤੀ ਸਾਂਝੀ ਕਰਨਾ ਚਾਹੁੰਦਾ ਹੈ। ਦਾਸ ਵੀ ਇਸ ਦਰਵਾਜ਼ੇ ਤੋਂ ਲੰਘਿਆ ਹੈ, ਅੱਜ ਤੋਂ ਤਕਰੀਬਨ 50 ਸਾਲ ਪਹਿਲਾਂ ਇਸ ਗ੍ਰਿਹਸਤ ਵਿੱਚ ਪ੍ਰਵੇਸ਼ ਕੀਤਾ। ਇਥੇ ਮੈਂ ਇਹ ਗੱਲ ਇਸ ਲਈ ਦੱਸਣਾ ਚਾਹੁੰਦਾ ਹਾਂ ਤਾਂ ਕਿ ਸਾਡਾ ਆਪਸ ਵਿੱਚ ਪ੍ਰੇਮ ਵੱਧੇ। ਇਹ ਹੱਡ-ਬੀਤੀ ਇਸ ਲਈ ਨਹੀਂ ਦੱਸ ਰਿਹਾ ਕਿ ਮੈਂ ਆਪਣੇ ਆਪ 'ਤੇ ਗੁਰਮੁਖ ਦੀ ਮੋਹਰ ਲਾ ਰਿਹਾ ਹਾਂ, ਮੈਂ ਇਹ ਦਾਅਵਾ ਨਹੀਂ ਕਰ ਸਕਦਾ ਕਿ ਮੈਂ ਗੁਰਮੁਖ ਹਾਂ। ਬਸ ! ਗੁਰੂ ਬਖ਼ਸ਼ਿਸ਼ ਕਰੇ।

ਸੋ, ਜਿਸ ਦਿਨ ਦਾਸ ਦਾ ਅਨੰਦ ਕਾਰਜ ਸੀ, ਬਜ਼ੁਰਗਾਂ ਨੇ ਗ੍ਰੰਥੀ ਸਿੰਘ ਜੀ ਨੂੰ ਆਖਿਆ ਕਿ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿੰਘਾਸਨ ਸਜਾਓ, ਬੀਬੀ ਵਾਲਿਆਂ ਦੇ ਘਰ ਬਰਾਤ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੋਣਗੇ। ਉਸ ਸਮੇਂ ਮੇਰੀ ਉਮਰ 15-16 ਸਾਲ ਦੀ ਸੀ, ਛੋਟੀ ਉਮਰ ਵਿੱਚ ਹੀ ਵਿਆਹ ਹੋਇਆ ਸੀ। ਸਵੇਰੇ ਸਾਢੇ ਤਿੰਨ ਵਜੇ ਸ਼ਬਦ ਪੜ੍ਹਦੀ ਸਾਰੀ ਬਰਾਤ ਚਲ ਪਈ। ਦਾਸ ਦੇ ਸੀਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਬਖ਼ਸ਼ੀ ਗਈ। ਉਥੇ ਜਾ ਕੇ ਪ੍ਰਕਾਸ਼ ਕੀਤਾ ਅਤੇ ਗੁਰੂ-ਘਰ ਦੇ ਕੀਰਤਨੀਏ ਭਾਈ ਸਾਹਿਬ ਭਾਈ ਆਤਮਾ ਸਿੰਘ ਜੀ, ਭਾਈ ਕੀ ਸਮਾਧ ਵਾਲਿਆਂ ਨੇ ਸੰਪੂਰਨ ਆਸਾ ਦੀ ਵਾਰ ਦਾ ਕੀਰਤਨ ਸਵੇਰੇ 4 ਤੋਂ ਲੈ ਕੇ 7 ਵਜੇ ਤਕ ਕੀਤਾ। ਸਾਰੀ ਬਰਾਤ ਨੇ ਆਸਾ ਦੀ ਵਾਰ ਅਤੇ ਅਨੰਦ ਕਾਰਜ ਬੈਠ ਕੇ ਸੁਣਿਆ। ਅੱਜ ਵੀ ਉਹ ਨਜ਼ਾਰਾ ਅੱਖਾਂ ਸਾਹਮਣੇ ਕਈ ਵਾਰ ਆ ਜਾਂਦਾ ਹੈ।

ਪਰ ਅੱਜ ਦੀ ਅਜੋਕੀ ਹਾਲਤ ਵੇਖ ਕੇ ਹੈਰਾਨ ਹੋਈਦਾ ਹੈ। ਜਿਉਂ-ਜਿਉਂ ਸਿੱਖ ਕੋਲ ਪਦਾਰਥ ਆਈ ਜਾਂਦੇ ਹਨ, ਉਹ ਗੁਰੂ ਕੋਲੋਂ ਟੁੱਟਿਆ ਜਾਂਦਾ ਹੈ। ਅੱਜ ਇਸ ਪਦਾਰਥ ਨੇ ਪਰਮਾਰਥ ਤੋਂ ਤੋੜ ਦਿੱਤਾ ਹੈ। ਅੱਜ ਸਾਡੇ ਜੀਵਨ ਵਿੱਚ ਕੇਵਲ ਵਿਕਾਰਾਂ ਦੀ ਬਹੁਲਤਾ, ਪ੍ਰਬਲਤਾ ਹੈ ਜਿਸਨੇ ਗੁਰੂ ਦੇ ਹੁਕਮਾਂ ਨੂੰ ਤੇ ਸਿੱਖ ਰਹਿਤ ਮਰਿਆਦਾ ਨੂੰ ਸਾਡੇ ਤੋਂ ਵਿਛੋੜ ਦਿੱਤਾ ਹੈ। ਸਮੇਂ ਦੀ ਕੋਈ ਨਿਸ਼ਚਿਤਤਾ ਨਹੀਂ ਰਹੀ, ਸਮੇਂ ਦੀ ਘੰਟਿਆਂ ਕਰਕੇ ਕੋਈ ਪਾਬੰਦੀ ਨਹੀਂ ਰਹੀ, ਲੇਕਿਨ ਇੱਕ ਗੱਲ ਅਸੀਂ ਨਿਸ਼ਚਿਤ ਕਰੀਏ ਕਿ ਅੰਮ੍ਰਿਤ ਵੇਲਾ ਨਾ ਖੁੰਝਾਈਏ। ਇਹ ਸੰਧੀ ਪ੍ਰਕਾਸ਼ ਸਮਾਂ ਹੈ, ਇਹ ਸਾਡੇ ਲਈ ਭਵਿੱਖ ਵਿੱਚ ਉਜਾਲਾ ਲੈ ਕੇ ਆਇਆ ਹੈ। ਪਰ ਇਹ ਤਾਂ ਹੈ ਜੇ ਅੰਮ੍ਰਿਤ ਵੇਲੇ ਗੁਰੂ ਨਾਲ ਜੁੜਿਆ ਜਾਏ। ਸ਼ਰਾਬ ਦੀ ਵਰਤੋਂ ਕਰਕੇ ਇਹ ਬਖ਼ਸ਼ਿਸ਼ ਸਾਡੇ ਹੱਥੋਂ ਚਲੀ ਗਈ ਹੈ।

ਨਾਲ ਹੀ ਸਾਡੇ ਘਰਾਂ ਵਿੱਚ ਇੱਕ ਹੋਰ ਭਿਆਨਕ ਬੀਮਾਰੀ ਵੜ ਗਈ ਹੈ ਤੇ ਉਹ ਹੈ ਦਾਜ ਦੀ ਪ੍ਰਥਾ। ਭਾਵੇਂ ਸਿੱਖ ਨੂੰ 'ਸਿੱਖ ਰਹਿਤ ਮਰਿਆਦਾ' ਵਿੱਚ ਸਾਫ਼ ਤਾਕੀਦ ਕੀਤੀ ਜਾਂਦੀ ਹੈ ਕਿ ਉਸਨੇ ਨੜੀਮਾਰ ਤੇ ਕੁੜੀਮਾਰ ਨਾਲ ਨਹੀਂ ਵਰਤਣਾ। ਸਾਡਾ ਇਤਿਹਾਸ ਵੀ ਇਹ ਗੱਲ ਕਹਿੰਦਾ ਹੈ ਕਿ ਮਹਾਨ ਸਿੱਖ ਜਰਨੈਲ ਸ. ਜੱਸਾ ਸਿੰਘ ਰਾਮਗੜ੍ਹੀਆ 'ਤੇ ਜਦੋਂ ਇਲਜ਼ਾਮ ਲੱਗਾ ਕਿ ਉਹਨਾਂ ਨੇ ਕੁੜੀ ਨੂੰ ਮਾਰਿਆ ਹੈ ਤਾਂ ਪੰਥ ਨੇ ਉਹਨਾਂ ਦਾ ਬਾਈਕਾਟ ਕਰ ਦਿੱਤਾ। ਫਿਰ ਸਮੇਂ ਨਾਲ ਇਹ ਭੁਲੇਖਾ ਦੂਰ ਹੋਇਆ ਅਤੇ ਮੁੜ ਸਾਰੇ ਆਪਸ ਵਿੱਚ ਮਿਲ ਬੈਠੇ। ਲੇਕਿਨ ਇੱਕ ਵਾਰ ਐਸਾ ਸਮਾਂ ਆ ਗਿਆ ਕਿ ਕੁੜੀਮਾਰ ਹੋਣ ਕਰਕੇ ਪੰਥ ਨੇ ਉਹਨਾਂ ਤੋਂ ਅੱਖਾਂ ਮੋੜ ਲਈਆਂ। ਸੋ, ਇਹ ਪਤਾ ਹੋਵੇ ਕਿ ਜੇ ਅੱਜ ਸਾਡੇ ਵਿਆਹ ਕਾਰਜ ਵਿੱਚ ਇਹ ਦਾਜ ਦੀ ਸ਼ਰਤ ਆ ਖਲੋਤੀ, ਤਾਂ ਸਮਝ ਲਓ ਕਿ ਉਸ ਦਿਨ ਅਸੀਂ ਬੱਚੀਆਂ ਲਈ ਆਪ ਤਲਵਾਰ ਤਿਆਰ ਕਰ ਰਹੇ ਹਾਂ। ਅੱਜ ਅਨੇਕਾਂ ਬੱਚੀਆਂ ਦੀ ਮੌਤ ਦਾ ਕਾਰਣ ਕੇਵਲ ਦਾਜ ਹੀ ਬਣ ਰਿਹਾ ਹੈ। ਇਸ ਸਭ ਨੂੰ ਵੇਖ

ਕੇ ਕਈ ਮਾਪੇ ਅੱਜ ਤਕਨਾਲੋਜੀ ਦੀ ਦੁਰਵਰਤੋਂ ਕਰਕੇ ਜਨਮ ਤੋਂ ਪਹਿਲਾਂ ਹੀ ਬੱਚੀ ਦਾ ਪਤਾ ਲੱਗਣ 'ਤੇ ਉਸਨੂੰ ਖ਼ਤਮ ਕਰਨ ਲਈ ਤਿਆਰ ਹੋ ਜਾਂਦੇ ਹਨ। ਅਖੀਰ ਕਿਉਂ ? ਇਸਦਾ ਦੋਸ਼ੀ ਕੌਣ ਹੈ ? ਇਹਨਾਂ ਸਾਰੀਆਂ ਬੱਚੀਆਂ ਦਾ ਕਾਤਲ ਕੌਣ ਹੈ ? - ਕੇਵਲ ਤੇ ਕੇਵਲ ਦਾਜ।

ਇਹ ਨਹੀਂ ਕਿ ਦਹੇਜ ਨਹੀਂ ਦੇਣਾ। ਭਾਵੇਂ ਸਾਡੇ ਮਨ ਵਿੱਚ ਕੋਈ ਮੰਗ ਜਾਂ ਇੱਛਾ ਨਾ ਹੋਵੇ, ਪਰ ਜਿਸਨੇ ਆਪਣੀ ਬੱਚੀ ਦੇਣੀ ਹੈ, ਉਸਨੇ ਆਪਣੇ ਮਨੋਂ ਜੋ ਬੱਚੀ ਲਈ ਰਾਖਵਾਂ ਕੀਤਾ ਹੈ, ਉਹ ਉਸਨੇ ਦੇਣਾ ਹੀ ਦੇਣਾ ਹੈ। ਫਿਰ ਅਸੀਂ ਕਿਉਂ ਮੰਗਦੇ ਹਾਂ ਤੇ ਆਪਣੀ ਭੁੱਖ ਨਾਲ ਕਿਉਂ ਕਿਸੇ ਦੇ ਘਰ ਵਿੱਚ ਜ਼ਹਿਰ ਪੈਦਾ ਕਰਦੇ ਹਾਂ ? ਬਲਕਿ ਮੰਗ ਤਾਂ ਇਹ ਹੋਵੇ ਕਿ :

ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥

ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥

(ਗੁ.ਗ੍ਰੰ.ਸਾ. ਪੰਨਾ : 78)

ਹੇ ਪ੍ਰਭੂ ! ਤੂੰ ਮੈਨੂੰ ਗੁਣਾਂ ਰੂਪੀ ਨਾਮ ਨਾਲ ਜੋੜ ਦੇ। ਜਿਸ ਦਿਨ ਪ੍ਰਭੂ ਦੇ ਗੁਣਾਂ ਰੂਪੀ ਗੁਣ ਮੇਰੇ ਹਿਰਦੇ ਵਿੱਚ ਆ ਗਏ, ਇਸ ਤੋਂ ਚੰਗਾ ਮੈਂ ਤੇਰੇ ਕੋਲੋਂ ਦਾਜ ਕੀ ਲੱਭਾਂ ?

ਜੇ ਕੋਈ ਇਹ ਵੇਖੇ ਕਿ ਬੱਚੀ ਵਿੱਚ ਗੁਣ ਕਿੰਨੇ ਹਨ ਤੇ ਉਹ ਬਿਨਾ ਕਿਸੇ ਕੀਮਤ ਦੇ ਕਿਸੇ ਵੱਲੋਂ ਦਿੱਤੇ ਹੋਏ ਦਾਨ ਵਜੋਂ ਜਾ ਰਹੇ ਹਨ। ਪਰ ਇਹ ਹੋਣਾ ਦੋਵੇਂ ਪਾਸਿਓਂ ਹੈ - ਮਪਿਆਂ ਨੂੰ ਪਤਾ ਹੋਵੇ ਕਿ ਅਸੀਂ ਬੱਚੀ ਨੂੰ ਜੀਵਨ ਅੰਦਰ ਗੁਣ ਦੇਣੇ ਹਨ, ਅਤੇ ਕਿਸ ਤਰ੍ਹਾਂ ਦੇਣੇ ਹਨ, ਇਹ ਗੁਰੂ ਕੋਲੋਂ ਪੁੱਛਣਾ ਹੈ। ਨਾਲ ਹੀ ਸਹੁਰੇ ਪਰਿਵਾਰ ਨੂੰ ਵੀ ਪਤਾ ਹੋਵੇ ਕਿ ਅਸੀਂ ਕੇਵਲ ਬੱਚੀ ਦੇ ਗੁਣ ਵੇਖਣੇ ਹਨ, ਨਾ ਕਿ ਉਸ ਵੱਲੋਂ ਲਿਆਇਆ ਹੋਇਆ ਦਾਜ। ਪਰ ਅੱਜ ਇਹ ਕੌੜੀ ਸੱਚਾਈ ਹੈ ਕਿ ਰਿਸ਼ਤਾ ਹੋਣ ਤੋਂ ਪਹਿਲਾਂ ਇਹ ਵੇਖਿਆ ਜਾਂਦਾ ਹੈ ਕਿ ਉਸਦਾ ਪਰਿਵਾਰ ਕਿੰਨਾ ਕੁ ਦੇ ਸਕਦਾ ਹੈ। ਇੱਕ ਪਾਸੇ ਗੁਰੂ ਇਹਨਾਂ ਸਾਰੀਆਂ ਗੱਲਾਂ ਤੋਂ ਰੋਕਦਾ ਹੋਵੇ :

ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ

ਸੁ ਕੂੜੁ ਅਹੰਕਾਰੁ ਕਚੁ ਪਾਜੋ॥

(ਗੁ.ਗ੍ਰੰ.ਸਾ. ਪੰਨਾ : 79)


ਇਹ ਸਾਰੀਆਂ ਹਉਮੈ ਦੀ ਪ੍ਰਤੀਕ ਹਨ। ਦਾਜ ਦਾ ਦਿਖਾਵਾ ਹਉਮੈ ਦਾ ਪ੍ਰਤੀਕ ਹੈ। ਦੇਣ ਵਾਲੇ ਦਾਜ ਦਾ ਦਿਖਾਵਾ ਵੀ ਹਉਮੈ ਹੈ ਤੇ ਸਹੁਰੇ ਘਰ ਜਾ ਕੇ ਦਾਜ ਦਾ ਦਿਖਾਵਾ ਕਰਨਾ ਵੀ ਹਉਮੈ ਦਾ ਪ੍ਰਤੀਕ ਹੈ। ਇਹ ਮਨਮੁਖ 'ਤੇ ਕੱਚੇ ਭੁਲੇਖੇ ਦਾ ਪਰਦਾ ਹੈ ਜੋ ਅੱਜ ਵੀ ਉਤਰਨਾ ਹੈ ਤੇ ਕਲ ਵੀ। ਜੇ ਅੱਜ ਅਸੀਂ ਬਹੁਤਾ ਦੇ ਦਿੰਦੇ ਹੋ, ਤਾਂ ਅਗਲਿਆਂ ਨੂੰ ਸ਼ੱਕ ਹੋ ਜਾਂਦਾ ਹੈ ਕਿ ਇਹਨਾਂ ਕੋਲ ਬਹੁਤ ਹੈ ਤੇ ਮੰਗਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਅੱਜ ਅਸੀਂ ਰੋਜ਼ ਪੜ੍ਹਦੇ-ਸੁਣਦੇ ਹਾਂ ਕਿ ਬੱਚੀਆਂ ਦਾਜ ਦੀ ਭੇਟ ਚੜ੍ਹ ਰਹੀਆਂ ਹਨ। ਜੇ ਸਿੱਖ ਪਰਿਵਾਰਾਂ ਵਿੱਚ ਵੀ ਇਹੋ ਕੁਝ ਹੋ ਰਿਹਾ ਹੈ, ਤਾਂ ਸਮਝ ਲੈਣਾ ਕਿ ਇਥੇ "**ਗੁਰਮੁਖੇ ਹਰਿ ਪਾਇਆ**" ਨਹੀਂ ਹੋ ਰਿਹਾ, ਬਲਕਿ "**ਹੋਰਿ**

ਮਨਮੁਖ ਦਾਜੁ'' ਹੋ ਰਿਹਾ ਹੈ।

ਗੁਰੂ ਸਾਹਿਬ ਤਾਂ ਕਹਿ ਰਹੇ ਹਨ ਕਿ ਜੇ ਹਲਤ-ਪਲਤ ਸੁੱਖ ਚਾਹੁੰਦੇ ਹੋ, ਪ੍ਰਭੂ ਦੇ ਮਿਲਾਪ ਦਾ ਸੁੱਖ ਚਾਹੁੰਦੇ ਹੋ, ਪਰਿਵਾਰਿਕ ਖ਼ੁਸ਼ੀਆਂ ਦਾ ਅਨੰਦ ਮਾਨਣਾ ਚਾਹੁੰਦੇ ਹੋ, ਤਾਂ ਇਹ 'ਗੁਰਮੁਖ' ਸ਼ਬਦ ਨਾ ਭੁੱਲਣਾ। ਜੋ ਕੁਝ ਵੀ ਪ੍ਰਾਪਤੀ ਹੋਣੀ ਹੈ, ਇਸ 'ਗੁਰਮੁਖ' ਸ਼ਬਦ ਦੀ ਰੌਸ਼ਨੀ ਵਿੱਚ ਹੀ ਹੋਣੀ ਹੈ। ਜੋ ਗੁਰੂ ਹੁਕਮ ਕਰੇ, ਬਾਣੀ ਇਜਾਜ਼ਤ ਦੇਵੇ, ਉਸਦੇ ਅਨੁਸਾਰ ਜੀਵਨ ਵਿੱਚ ਤੁਰਦੇ ਜਾਈਏ, ਫਿਰ ਅਸੀਂ ਮਹਿਸੂਸ ਕਰਾਂਗੇ ਕਿ :

ਵੀਆਹੁ ਹੋਆ ਮੇਰੇ ਬਾਬੋਲਾ
ਗੁਰਮੁਖੇ ਹਰਿ ਪਾਇਆ।।

ਅਨੰਦ ਕਾਰਜ



ਅੱਜ ਮੁੜ ਸਿੱਖ ਨੌਜੁਆਨ ਪੀੜੀ
ਲਈ 'ਅਨੰਦ ਕਾਰਜ' ਦੀ ਇਸ
ਗੁਰੂ ਬਖ਼ਸ਼ਿਸ਼ ਨੂੰ ਸਮਝਣ ਦੀ
ਅਤਿ ਲੋੜ ਹੈ। ਇਸ ਖ਼ਿਆਲ
ਨੂੰ ਮੁੱਖ ਰੱਖਦਿਆਂ ਹੀ ਇਹ
ਉਪਰਾਲਾ ਕੀਤਾ ਗਿਆ ਹੈ
ਕਿ ਅਜੋਕੇ ਸਾਧਨਾਂ ਰਾਹੀਂ
ਗੁਰੂ ਉਪਦੇਸ਼ ਨੂੰ ਬੱਚਿਆਂ
ਤਕ ਪਹੁੰਚਾ ਕੇ, ਕੇਵਲ
ਪਦਾਰਥਵਾਦ ਅਤੇ
ਸਰੀਰਕ ਵਿਕਾਰਾਂ ਦੀ
ਚਕਾਚੌਂਧ ਵਿੱਚ ਬੇਜ਼ਾਰ
ਹੋ ਰਹੀ ਜੁਆਨੀ ਨੂੰ
ਅਨੰਦ ਦੇ ਘਰ
'ਚ ਸੁਰੱਖਿਅਤ
ਕੀਤਾ ਜਾਵੇ।

SIKH FOUNDATION
ISBN 81-7873-019-2

ANAND KĀRAJ